ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 138| 28 Aug. to 3 Sept. , 2024 | Ph.: (510) 240-5949 | Email: asrtimes@gmail.com

# ਕੀ ਦਿੱਲੀ ਦੇ ਤਖ਼ਤ ਨੂੰ ਹਿਲਾ ਸਕੇਗਾ ਮੌਜੂਦਾ ਕਿਸਾਨ ਅੰਦੋਲਨ ?

## ਪੰਜਾਬ ਦੇ ਕਿਸਾਨਾਂ ਦੇ ਟਰੈਕਟਰ- ਟਰਾਲੀਆਂ ਸਮੇਤ ਦਿੱਲੀ ਜਾਣ ਤੋਂ ਡਰਦਾ ਕਿਉਂ ਹੈ ਹਰਿਆਣਾ ਪ੍ਰਸ਼ਾਸਨ ?

### ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਡਟੇ ਹੋਏ ਹਨ ਪੰਜਾਬ ਦੇ ਕਿਸਾਨ

### ਕੀ ਹਰਿਆਣਾ ਵਿਧਾਨ ਸਭਾ ਚੋਣਾਂ 'ਤੇ ਵੀ ਪਵੇਗਾ ਕਿਸਾਨਾਂ ਨੂੰ ਦਿੱਲੀ ਨਾ ਜਾਣ ਦੇਣ ਦਾ ਪ੍ਰਭਾਵ ?

ਜਗਮੋਹਨ ਸਿੰਘ 'ਲੱਕੀ'





ਪਟਿਆਲਾ: ਪੰਜਾਬ ਦੇ ਸ਼ੰਭੂ ਤੇ ਖਨੌਰੀ ਬਾਰਡਰ 'ਤੇ ਕਿਸਾਨ ਦਿੱਲੀ ਜਾਣ ਲਈ ਡਟੇ ਬੈਠੇ ਹਨ, ਜਦੋਂਕਿ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਪ੍ਰਸ਼ਾਸਨ ਨਾਲ ਇਹਨਾਂ ਕਿਸਾਨਾਂ ਦੀ ਦੂਜੇ ਗੇੜ ਦੀ ਮੀਟਿੰਗ ਵੀ ਬੇਸਿੱਟਾ ਰਹੀ ਹੈ।ਇਸ ਤਰ੍ਹਾਂ ਸੁਪਰੀਮ ਕੋਰਟ ਵਿੱਚ ਮਾਮਲਾ ਪਹੁੰਚਣ ਤੋਂ ਬਾਅਦ ਵੀ ਇਹ ਮਾਮਲਾ ਸੁਲਝ ਨਹੀਂ ਰਿਹਾ ਹੈ ਸਗੋਂ ਹੋਰ ਪੇਚੀਦਾ ਹੋ ਰਿਹਾ ਹੈ। ਹਰਿਆਣਾ ਪ੍ਰਸ਼ਾਸਨ ਕਹਿ ਰਿਹਾ ਹੈ ਕਿ ਕਿਸਾਨ ਬੇਸ਼ੱਕ ਦਿੱਲੀ ਬਾਰਡਰ 'ਤੇ ਚਲੇ ਜਾਣ ਪਰ ਉਹ ਟਰੈਕਟਰ ਅਤੇ ਟਰਾਲੀਆਂ ਪੰਜਾਬ ਵਿੱਚ ਹੀ ਛੱਡ ਜਾਣ ਪਰ ਕਿਸਾਨਾਂ ਦਾ ਇਕ ਨੁਕਾਤੀ ਪ੍ਰੋਗਰਾਮ ਹੈ ਕਿ ਕਿਸਾਨ ਕਿਸੇ ਵੀ ਹਾਲਤ ਵਿੱਚ ਟਰੈਕਟਰ -ਟਰਾਲੀਆਂ ਤੋਂ ਬਿਨਾਂ ਦਿੱਲੀ ਨਹੀਂ ਜਾਣਗੇ।ਸ਼ੰਭੂ ਤੇ ਖਨੌਰੀ ਬਾਰਡਰ 'ਤੇ ਬੈਠੇ ਕਿਸਾਨਾਂ ਨੇ ਕੁਝ ਸਾਲ ਪਹਿਲਾਂ ਦਿੱਲੀ ਵਿਖੇ ਚੱਲੇ ਕਿਸਾਨ ਅੰਦੋਲਨ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ ਅਤੇ ਇਸ ਦੇ ਨਾਲ ਹੀ ਕਿਆਸ ਅਰਾਈਆਂ ਸ਼ੁਰੂ ਹੋ ਗਈਆਂ ਹਨ ਕਿ ਕੁਝ ਕਿਸਾਨ ਜਥੇਬੰਦੀਆਂ ਵੱਲੋਂ ਸ਼ੁਰੂ ਕੀਤਾ ਨਵਾਂ ਕਿਸਾਨ ਅੰਦੋਲਨ ਕੀ ਪਹਿਲੇ ਕਿਸਾਨ ਅੰਦੋਲਨ ਵਾਂਗ ਹੀ ਦਿੱਲੀ ਦੇ ਤਖ਼ਤ ਨੂੰ ਹਿਲਾ ਸਕੇਗਾ ?

ਕਿਸਾਨ ਅੰਦੋਲਨ ਦੇ 200 ਦਿਨ ਮੁਕੰਮਲ ਹੋਣ 'ਤੇ 31 ਅਗਸਤ ਨੂੰ ਕਿਸਾਨਾਂ ਨੇ ਸ਼ੰਭੂ ਬਾਰਡਰ 'ਤੇ ਇਕੱਠ ਸੱਦਿਆ ਹੈ, ਜਿਸ ਲਈ ਕਿਸਾਨ ਕਾਫਲਿਆਂ ਦੇ ਵਿੱਚ ਪੁੱਜ ਵੀ ਰਹੇ ਹਨ। ਇਸ ਇਕੱਠ ਦਾ ਮਕਸਦ ਕੇਂਦਰ ਦੀ ਭਾਜਪਾ ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਆਵਾਜ਼ ਬੁਲੰਦ ਕਰਨਾ ਹੈ। 15 ਸਤੰਬਰ ਨੂੰ ਜੀਂਦ ਤੇ 22 ਸਤੰਬਰ ਨੂੰ ਪਿਪਲੀ ਵਿੱਚ ਵੱਡੇ ਕਿਸਾਨ ਇਕੱਠ ਕੀਤੇ ਜਾਣਗੇ। ਇਹਨਾਂ ਇਕੱਠਾਂ ਰਾਹੀਂ ਹਰਿਆਣਾ ਵਿੱਚ ਵਿਧਾਨ ਸਭਾ ਚੋਣਾਂ ਦੇ ਆਧਾਰ 'ਤੇ ਭਾਜਪਾ ਨੂੰ ਘੇਰਿਆ ਜਾਵੇਗਾ। ਸੋ ਅਟਕਲਾਂ ਇਹ ਲਗਾਈਆਂ ਜਾ ਰਹੀਆਂ ਨੇ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ। ਭਾਵੇਂ ਕਿ ਪਹਿਲਾ ਕਿਸਾਨ ਅੰਦੋਲਨ 32 ਜਥੇਬੰਦੀਆਂ ਦੇ ਨਾਲ ਚੱਲਿਆ ਸੀ ਜਿਹੜੀਆਂ ਕਿ ਹੁਣ ਟੁੱਟ ਭੱਜ ਕੇ 60 ਤੋਂ ਵੱਧ ਹੋ ਗਈਆਂ ਹਨ।ਇਹਨਾਂ ਵਿਚੋਂ ਹੀ ਕੁਝ ਜਥੇਬੰਦੀਆਂ ਵੱਲੋਂ ਦੂਜਾ ਕਿਸਾਨ ਅੰਦੋਲਨ ਸ਼ੁਰੂ ਕੀਤਾ ਹੋਇਆ ਹੈ, ਜਿਸ ਤਹਿਤ ਦਿੱਲੀ ਜਾਣ ਲਈ ਕਿਸਾਨ ਪੰਜਾਬ ਦੇ ਸ਼ੰਭੂ ਅਤੇ ਖਨੌਰੀ ਬਾਰਡਰ ਤੱਕ ਪਹੁੰਚ ਚੁੱਕੇ ਹਨ ਪਰ ਉਹਨਾਂ ਨੂੰ ਹਰਿਆਣਾ ਪ੍ਰਸ਼ਾਸਨ ਵੱਲੋਂ ਦਿੱਲੀ ਜਾਣ ਲਈ ਹਰਿਆਣਾ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾ ਰਿਹਾ ਅਤੇ ਦੋਵੇਂ ਬਾਰਡਰ ਸੀਲ ਕਰਕੇ ਦਿੱਲੀ ਜਾਂਦੇ ਰਸਤੇ ਹੀ ਬੰਦ ਕਰ ਦਿੱਤੇ ਗਏ ਹਨ, ਜਿਸ ਕਾਰਨ ਦਿੱਲੀ ਜਾਣ ਵਾਲੇ ਕਿਸਾਨ ਦੋਵੇਂ ਬਾਰਡਰਾਂ 'ਤੇ ਹੀ ਡਟੇ ਹੋਏ ਹਨ ਅਤੇ ਦਿੱਲੀ ਜਾਣ ਲਈ ਪੂਰੀ ਤਿਆਰੀ ਵਿੱਚ ਹਨ।

ਦੋਵੇਂ ਬਾਰਡਰਾਂ ਦੇ ਬੰਦ ਹੋਣ ਅਤੇ ਦਿੱਲੀ ਨੂੰ ਜਾਂਦੇ ਮੁੱਖ ਰਸਤੇ ਬੰਦ ਹੋਣ ਕਾਰਨ ਪੰਜਾਬ ਅਤੇ ਹੋਰ ਰਾਜਾਂ ਦੇ ਹਜ਼ਾਰਾਂ ਲੋਕਾਂ ਨੂੰ ਹਰ ਦਿਨ ਪ੍ਰੇਸ਼ਾਨ ਹੋਣਾ ਪੈ ਰਿਹਾ ਹੈ।ਉਹਨਾਂ ਨੂੰ ਮੁੱਖ ਰਸਤੇ ਬੰਦ ਹੋਣ ਕਾਰਨ ਦਿੱਲੀ ਜਾਣ ਲਈ ਬਹੁਤ ਘੁੰਮ ਫਿਰ ਕੇ ਜਾਣਾ ਪੈ ਰਿਹਾ ਹੈ, ਜਿਸ ਕਾਰਨ ਉਹਨਾਂ ਦੇ ਸਮੇਂ ਅਤੇ ਵਾਹਨਾਂ ਦੇ ਈਂਧਨ ਦੀ ਖਪਤ ਬਹੁਤ ਜ਼ਿਆਦਾ ਹੋ ਰਹੀ ਹੈ।ਪੰਜਾਬ ਤੋਂ ਅੰਬਾਲਾ ਤੇ ਦਿੱਲੀ ਨੂੰ ਜਾਣ ਵਾਲੀਆਂ ਬੱਸਾਂ ਵੀ ਮੁੱਖ ਰਸਤਾ ਬੰਦ ਹੋਣ ਕਾਰਨ ਹੋਰਨਾਂ ਰਸਤਿਆਂ ਤੋਂ ਘੁੰਮ ਕੇ ਜਾਂਦੀਆਂ ਆਉਂਦੀਆਂ ਹਨ, ਜਿਸ ਕਾਰਨ ਸਮੇਂ ਦੀ ਬਹੁਤ ਬਰਬਾਦੀ ਹੁੰਦੀ ਹੈ। ਆਮ ਲੋਕਾਂ ਦੀਆਂ ਪ੍ਰੇਸ਼ਾਨੀਆਂ ਨੂੰ ਵੇਖਦਿਆਂ ਹੀ ਇਹ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚ ਗਿਆ ਹੈ।ਸੁਪਰੀਮ ਕੋਰਟ ਨੇ ਭਾਵੇਂ ਪੰਜਾਬ ਤੇ ਹਰਿਆਣਾ ਦੇ ਪ੍ਰਸ਼ਾਸਨ ਨੂੰ ਕਿਸਾਨਾਂ ਨਾਲ ਗੱਲਬਾਤ ਕਰਕੇ ਇਹ ਮਸਲਾ ਹੱਲ ਕਰਨ ਲਈ ਹੁਕਮ ਜਾਰੀ ਕੀਤੇ ਹਨ ਪਰ ਹਰਿਆਣਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਦੇ ਟਰੈਕਟਰ ਟਰਾਲੀਆਂ ਨਾ ਜਾਣ ਦੇਣ ਅਤੇ ਕਿਸਾਨਾਂ ਵੱਲੋਂ ਟਰੈਕਟਰ ਟਰਾਲੀਆਂ ਜ਼ਰੂਰ ਲੈ ਕੇ ਜਾਣ 'ਤੇ ਅੜੇ ਰਹਿਣ ਕਾਰਨ ਇਸ ਮਸਲੇ ਦਾ ਅਜੇ ਤੱਕ ਕੋਈ ਹੱਲ ਨਹੀਂ ਨਿਕਲਿਆ। ਪਹਿਲਾਂ ਤਾਂ ਵੱਡੀ ਗਿਣਤੀ ਲੋਕ ਇਹ ਹੀ ਸਮਝਦੇ ਰਹੇ ਕਿ ਸ਼ੰਭੂ ਬੈਰੀਅਰ ਅਤੇ ਖਨੌਰੀ ਬੈਰੀਅਰ 'ਤੇ ਮੁੱਖ ਰਸਤੇ ਕਿਸਾਨਾਂ ਨੇ ਬੰਦ ਕੀਤੇ ਹੋਏ ਹਨ ਪਰ ਬਾਅਦ ਵਿੱਚ ਕਿਸਾਨਾਂ ਨੇ ਅਸਲੀਅਤ ਸਾਹਮਣੇ ਲਿਆਂਦੀ ਕਿ ਮੁੱਖ ਰਸਤੇ ਉਹਨਾਂ ਨੇ ਨਹੀਂ ਸਗੋਂ ਹਰਿਆਣਾ ਸਰਕਾਰ ਨੇ ਬੰਦ ਕੀਤੇ ਹੋਏ ਹਨ, ਜਿਸ ਕਾਰਨ ਹੀ ਇਹ ਰਸਤੇ ਖੁਲ੍ਹਵਾਉਣ ਲਈ ਮਾਮਲਾ ਸੁਪਰੀਮ ਕੋਰਟ ਵਿੱਚ ਪਹੁੰਚਿਆ ਹੈ।

ਇਸ ਸਮੇਂ ਹਰਿਆਣਾ ਵਿੱਚ ਵਿਧਾਨ ਸਭਾ ਚੋਣਾਂ ਲਈ ਸਰਗਰਮੀਆਂ ਚੱਲ ਰਹੀਆਂ ਹਨ, ਜਿਸ ਕਰਕੇ ਸਭ ਦਾ ਧਿਆਨ ਇਹਨਾਂ ਚੋਣਾਂ ਵੱਲ ਲੱਗਿਆ ਹੋਇਆ ਹੈ।ਦੂਜੇ ਪਾਸੇ ਕਿਸਾਨਾਂ ਨੂੰ ਰੋਕਣ ਲਈ ਹਰਿਆਣਾ ਪ੍ਰਸ਼ਾਸਨ ਵੱਲੋਂ ਬੰਦ ਕੀਤੇ ਗਏ ਮੁੱਖ ਰਸਤਿਆਂ ਕਾਰਨ ਤੰਗ ਹੋ ਰਹੇ ਆਮ ਲੋਕ ਹਰਿਆਣਾ ਪ੍ਰਸ਼ਾਸਨ ਨੂੰ ਕੋਸ ਰਹੇ ਹਨ।ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਕਿਸਾਨਾਂ ਦਾ ਦਿੱਲੀ ਜਾਣ ਦਾ ਰਸਤਾ ਰੋਕੇ ਜਾਣ ਦਾ ਪ੍ਰਭਾਵ ਹਰਿਆਣਾ ਵਿਧਾਨ ਸਭਾ ਚੋਣਾਂ 'ਤੇ ਵੀ ਪਵੇਗਾ ਅਤੇ ਭਾਜਪਾ ਨੂੰ ਇਸ ਦਾ ਨੁਕਸਾਨ ਉਠਾਉਣਾ ਪਵੇਗਾ ਕਿਉਂਕਿ ਹਰਿਆਣਾ ਵਿੱਚ ਭਾਜਪਾ ਸਰਕਾਰ ਦੇ ਹੁਕਮਾਂ 'ਤੇ ਹੀ ਹਰਿਆਣਾ ਪ੍ਰਸ਼ਾਸਨ ਵੱਲੋਂ ਦਿੱਲੀ ਜਾਂਦੇ ਮੁੱਖ ਰਸਤੇ ਬੰਦ ਕੀਤੇ ਗਏ ਸਨ। ਇਸ ਕਿਸਾਨ ਅੰਦੋਲਨ ਦਾ ਹਰਿਆਣਾ ਵਿਧਾਨ ਸਭਾ ਚੋਣਾਂ 'ਤੇ ਕਿੰਨਾ ਕੁ ਪ੍ਰਭਾਵ ਪੈਂਦਾ ਹੈ ? ਇਹ ਕਿਸਾਨ ਅੰਦੋਲਨ ਦਿੱਲੀ ਦੇ ਤਖ਼ਤ ਨੂੰ ਹਿਲਾਉਣ ਵਿੱਚ ਕਿੰਨਾ ਕੁ ਕਾਮਯਾਬ ਹੁੰਦਾ ਹੈ ? ਕੀ ਕਿਸਾਨਾਂ ਨੂੰ ਦਿੱਲੀ ਜਾਣ ਲਈ ਹਰਿਆਣਾ ਦੇ ਬਾਰਡਰ ਖੋਲ੍ਹ ਦਿੱਤੇ ਜਾਣਗੇ ? ਇਹਨਾਂ ਸਵਾਲਾਂ ਦਾ ਜਵਾਬ ਤਾਂ ਆਉਣ ਵਾਲੇ ਦਿਨਾਂ ਦੌਰਾਨ ਹੀ ਮਿਲੇਗਾ।

## ਕਿਸਾਨ ਆਗੂਆਂ ਨੂੰ ਹਵਾਈ ਸਫ਼ਰ ਕਰਨ ਤੋਂ ਰੋਕਿਆ

### ਕੇਂਦਰ ਕਿਸਾਨਾਂ ਦੇ ਅੰਦੋਲਨ ਦੇ ਵਿਸਥਾਰ ਤੋਂ ਘਬਰਾਈ : ਡੱਲੇਵਾਲ



ਬੀਤੇ ਦਿਨ ਸੰਯੁਕਤ ਕਿਸਾਨ ਮੋਰਚੇ (ਗੈਰ ਸਿਆਸੀ) ਦੇ ਆਗੂਆਂ ਜਗਜੀਤ ਸਿੰਘ ਡੱਲੇਵਾਲ, ਬਲਦੇਵ ਸਿੰਘ ਸਿਰਸਾ ਤੇ ਸੁਖਦੇਵ ਸਿੰਘ ਭੋਜਪੁਰ ਦਾ ਕਹਿਣਾ ਹੈ ਕਿ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਕਿਸਾਨਾਂ ਦੇ ਅੰਦੋਲਨ ਦੇ ਵਿਸਥਾਰ ਤੋਂ ਘਬਰਾ ਗਈ ਹੈ। ਸਰਕਾਰ ਸੋਚ ਰਹੀ ਹੈ ਕਿ ਕਿਤੇ ਵਿਧਾਨ ਸਭਾ ਚੋਣਾਂ ਵਾਲੇ ਸੂਬਿਆਂ ਵਿੱਚ ਅੰਦੋਲਨ ਅਸਰਦਾਰ ਨਾ ਹੋ ਜਾਵੇ।

ਉਹਨਾਂ ਦਾਅਵਾ ਕੀਤਾ ਕਿ ਉਹਨਾਂ ਨੂੰ ਦਿੱਲੀ ਦੇ ਇੰਦਰਾ ਗਾਂਧੀ ਹਵਾਈ ਅੱਡੇ ਤੋਂ ਤਾਮਿਲਨਾਡੂ ਜਾਣ ਤੋਂ ਪਹਿਲਾਂ ਹੀ ਰੋਕ ਲਿਆ ਗਿਆ ਤੇ ਉਨ੍ਹਾਂ ਦੀਆਂ ਟਿਕਟਾਂ ਰੱਦ ਕਰ ਦਿੱਤੀਆਂ ਗਈਆਂ। ਉਨ੍ਹਾਂ ਨੂੰ ਸੁਰੱਖਿਆ ਅਮਲੇ ਵੱਲੋਂ ਸ੍ਰੀ ਸਾਹਿਬ ਪਾਈਆਂ ਹੋਣ ਕਰਕੇ ਹਵਾਈ ਜਹਾਜ਼ ਨਹੀਂ ਚੜ੍ਹਨ ਦਿੱਤਾ ਗਿਆ। ਉਹਨਾਂ ਕਿਹਾ ਕਿ ਉਹਨਾਂ ਨੇ ਦੋਵਾਂ ਦੱਖਣੀ ਥਾਂਵਾਂ 'ਤੇ ਮੋਰਚੇ ਦੀਆਂ ਘੱਟੋ-ਘੱਟ ਸਮਰਥਨ ਮੁੱਲ ਸਣੇ ਹੋਰ ਮੰਗਾਂ ਬਾਰੇ ਮੀਟਿੰਗਾਂ ਤੇ ਪ੍ਰੈੱਸ ਕਾਨਫਰੰਸਾਂ ਕਰਨੀਆਂ ਸਨ। ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਦਸ ਵਾਰੀ ਉਹ ਸ੍ਰੀ ਸਾਹਿਬ ਧਾਰਨ ਕਰ ਕੇ ਹਵਾਈ ਸਫ਼ਰ ਕਰ ਚੁੱਕੇ ਹਨ ਪਰ ਕਦੇ ਵੀ ਕਿਸੇ ਨੇ ਨਹੀਂ ਰੋਕਿਆ। ਕਿਸਾਨ ਆਗੂ ਡੱਲੇਵਾਲ ਨੇ ਕਿਹਾ ਕਿ ਸੁਖਦੇਵ ਸਿੰਘ ਭੋਜਪੁਰ ਨੇ ਤਾਂ ਸ੍ਰੀ ਸਾਹਿਬ ਵੀ ਨਹੀਂ ਪਾਈ ਹੋਈ ਸੀ ਪਰ ਫਿਰ ਵੀ ਉਨ੍ਹਾਂ ਨੂੰ ਹਵਾਈ ਸਫ਼ਰ ਦੀ ਇਜਾਜ਼ਤ ਨਹੀਂ ਦਿੱਤੀ ਗਈ।

## ਕੈਨੇਡਾ ਪੁਲਿਸ ਨੇ ਭਾਈ ਨਿੱਝਰ ਦੇ ਸਾਥੀ ਗੋਸਲ ਨੂੰ ਜਾਨ ਦੇ ਖ਼ਤਰੇ ਦੀ ਦਿੱਤੀ ਚਿਤਾਵਨੀ



ਚੰਡੀਗੜ੍ਹ/ਏ.ਟੀ.ਨਿਊਜ਼ : ਕੈਨੇਡੀਅਨ ਪੁਲਿਸ ਨੇ ਸਿੱਖ ਵੱਖਵਾਦੀ ਆਗੂ ਭਾਈ ਹਰਦੀਪ ਸਿੰਘ ਨਿੱਝਰ ਦੇ ਸਾਥੀ ਰਹੇ ਇੰਦਰਜੀਤ ਸਿੰਘ ਗੋਸਲ ਨੂੰ ਉਸ ਦੀ ਜਾਨ ਨੂੰ ਖ਼ਤਰੇ ਦੀ ਚਿਤਾਵਨੀ ਦਿੱਤੀ ਹੈ। ਗੋਸਲ ਨੂੰ ਇਸ ਹਫਤੇ 'ਡਿਊਟੀ ਟੂ ਵਾਰਨ' ਨੋਟਿਸ ਜਾਰੀ ਕੀਤਾ ਗਿਆ।ਗੋਸਲ ਸਿੱਖ ਵੱਖਵਾਦੀ ਨੇਤਾ ਭਾਈ ਹਰਦੀਪ ਸਿੰਘ ਨਿੱਝਰ ਦਾ ਸਹਿਯੋਗੀ ਸੀ, ਜਿਸ ਨੂੰ ਜੂਨ 2023 ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਭਾਈ ਨਿੱਝਰ ਦੀ ਹੱਤਿਆ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕਤਲ ਵਿੱਚ ਭਾਰਤ ਸਰਕਾਰ ਦੀ ਸ਼ਮੂਲੀਅਤ ਦੇ ਦੋਸ਼ਾਂ ਕਾਰਨ ਕੈਨੇਡਾ ਅਤੇ ਭਾਰਤ ਦਰਮਿਆਨ ਤਣਾਅ ਵਧ ਗਿਆ।ਪੁਲਿਸ ਨੇ ਇਸ ਤੋਂ ਬਾਅਦ ਚਾਰ ਵਿਅਕਤੀਆਂ 'ਤੇ ਹੱਤਿਆ ਦਾ ਦੋਸ਼ ਲਗਾਇਆ ਹੈ। ਭਾਰਤ ਨੇ ਗੋਲੀਬਾਰੀ ਨਾਲ ਕਿਸੇ ਵੀ ਤਰ੍ਹਾਂ ਦੇ ਸਬੰਧ ਹੋਣ ਤੋਂ ਇਨਕਾਰ ਕੀਤਾ ਹੈ।

## ਰੂਸ ਵੱਲੋਂ ਯੂਕ੍ਰੇਨ 'ਤੇ ਮਿਜ਼ਾਈਲਾਂ ਤੇ ਡਰੋਨਾਂ ਨਾਲ ਜ਼ੋਰਦਾਰ ਹਮਲੇ

ਕੀਵ/ਏ.ਟੀ.ਨਿਊਜ਼ : ਰੂਸ ਨੇ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਪੂਰੇ ਯੂਕ੍ਰੇਨ ਨੂੰ ਮੁੜ ਨਿਸ਼ਾਨਾ ਬਣਾਇਆ ਹੈ ਜਿਸ 'ਚ ਪੰਜ ਵਿਅਕਤੀ ਮਾਰੇ ਗਏ।ਇਨ੍ਹਾਂ ਹਮਲਿਆਂ ਮਗਰੋਂ ਰਾਜਧਾਨੀ ਕੀਵ ਦੇ ਬਾਹਰੀ ਇਲਾਕਿਆਂ 'ਚ ਕਈ ਥਾਈਂ ਅੱਗ ਲੱਗ ਗਈ।ਇਸ ਤੋਂ ਇਕ ਦਿਨ ਪਹਿਲਾਂ ਰੂਸ ਨੇ ਯੂਕ੍ਰੇਨ ਦੇ ਊਰਜਾ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸੀ ਯੂਕ੍ਰੇਨ ਦੇ ਦੱਖਣੀ ਖਣਨ ਅਤੇ ਸਨਅਤੀ ਸ਼ਹਿਰ ਕ੍ਰਿਵੀ ਰਿਹਸਟ੍ਰੱਕ ਦੇ ਫੌਜੀ ਪ੍ਰਸ਼ਾਸਨ ਦੇ ਮੁਖੀ ਓਲੈਕਸਾਂਡਰ ਵਿਲਕੁਲ ਮੁਤਾਬਕ ਰਿਹਾਇਸ਼ੀ ਇਮਾਰਤ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲੇ 'ਚ ਦੋ ਵਿਅਕਤੀਆਂ ਦੀ ਮੌਤ ਹੋ ਗਈ।ਰੂਸ ਵੱਲੋਂ ਸੋਮਵਾਰ ਨੂੰ ਕੀਤੇ ਗਏ ਹਮਲੇ ਮਗਰੋਂ ਕੀਵ 'ਚ ਬਿਜਲੀ ਸਪਲਾਈ ਠੱਪ ਹੋ ਗਈ ਅਤੇ ਰਾਤ ਨੂੰ ਘੱਟੋ ਘੱਟ ਪੰਜ ਵਾਰ ਹਵਾਈ ਹਮਲੇ ਦਾ ਅਲਰਟ ਜਾਰੀ ਕੀਤਾ ਗਿਆ।ਖੇਤਰੀ ਪ੍ਰਸ਼ਾਸਕ ਨੇ ਦੱਸਿਆ ਕਿ ਹਵਾਈ ਰੱਖਿਆ ਪ੍ਰਣਾਲੀਆਂ ਨੇ ਰੂਸ ਵੱਲੋਂ ਡਰੋਨ ਅਤੇ ਮਿਜ਼ਾਈਲਾਂ ਨਾਲ ਕੀਤੇ ਗਏ ਸਾਰੇ ਹਮਲਿਆਂ ਨੂੰ ਨਾਕਾਮ ਕਰ ਦਿੱਤਾ ਗਿਆ ਪਰ ਮਲਬੇ ਕਾਰਨ ਜੰਗਲ 'ਚ ਅੱਗ ਲੱਗ ਗਈ। ਰਾਸ਼ਟਰਪਤੀ ਵਲੋਦੀਮੀਰ ਜ਼ੇਲੈਂਸਕੀ ਨੇ ਸੋਮਵਾਰ ਨੂੰ 100 ਤੋਂ ਵਧ ਮਿਜ਼ਾਈਲਾਂ ਅਤੇ ਇੰਨੀ ਹੀ ਗਿਣਤੀ 'ਚ ਡਰੋਨ ਹਮਲੇ ਨੂੰ ਘਿਨਾਉਣੀ ਹਰਕਤ ਕਰਾਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਹਮਲਿਆਂ 'ਚ ਜਨਤਕ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਿਆ ਅਤੇ ਦੇਸ਼ ਦੇ ਜ਼ਿਆਦਾਤਰ ਹਿੱਸੇ ਨੂੰ ਨਿਸ਼ਾਨਾ ਬਣਾਇਆ ਗਿਆ।ਪ੍ਰਧਾਨ ਮੰਤਰੀ ਡੇਨਿਸ ਸ਼ਮਿਹਾਲ ਨੇ ਕਿਹਾ ਕਿ ਰੂਸੀ ਦਹਿਸ਼ਤਗਰਦਾਂ ਵੱਲੋਂ ਮੁੜ ਊਰਜਾ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਉਨ੍ਹਾਂ ਭਾਈਵਾਲ ਮੁਲਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਲੰਬੀ ਦੂਰੀ ਦੇ ਹਥਿਆਰ ਯੂਕ੍ਰੇਨ ਨੂੰ ਦੇਣ ਅਤੇ ਰੂਸ ਅੰਦਰ ਹਮਲਿਆਂ ਦੀ ਇਜਾਜ਼ਤ ਦਿੱਤੀ ਜਾਵੇ। ਉਧਰ ਰੂਸੀ ਅਧਿਕਾਰੀਆਂ ਨੇ ਕਿਹਾ ਕਿ ਚਾਰ ਯੂਕ੍ਰੇਨੀ ਮਿਜ਼ਾਈਲਾਂ ਨੂੰ ਕੁਰਸਕ ਖ਼ਿੱਤੇ 'ਚ ਡੇਗ ਦਿੱਤਾ ਗਿਆ ਜਿਥੇ ਰੂਸੀ ਫੌਜ ਨੂੰ ਯੂਕ੍ਰੇਨ ਨਾਲ ਲੋਹਾ ਲੈਣਾ ਪੈ ਰਿਹਾ ਹੈ।

ਮਾਮਲਾ ਵਿਦੇਸ਼ ਸੈਟਲ ਹੋਣ ਦਾ

# ਕੈਨੇਡਾ ਜਾਣ ਤੋਂ ਝਿਜਕ ਰਹੇ ਪੰਜਾਬੀ, ਵੀਜ਼ਾ ਅਰਜ਼ੀਆਂ ’ਚ ਭਾਰੀ ਗਿਰਾਵਟ



ਓਟਾਵਾ/ਏ.ਟੀ.ਨਿਊਜ਼: ਭਾਰਤ ਤੋਂ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਵੱਡੀ ਗਿਰਾਵਟ ਆਈ ਹੈ। ਹੈਰਾਨੀਜਨਕ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਇਸ ਸਾਲ ਦੀ ਦੂਜੀ ਤਿਮਾਹੀ ਵਿੱਚ 85-90 ਪ੍ਰਤੀਸ਼ਤ ਵੀਜ਼ਾ ਪ੍ਰਵਾਨਗੀ ਦਰ ਦੇ ਬਾਵਜੂਦ ਭਾਰਤੀ ਵਿਦਿਆਰਥੀਆਂ ਵੱਲੋਂ ਕੈਨੇਡੀਅਨ ਵੀਜ਼ਾ ਅਰਜ਼ੀਆਂ ਦੀ ਗਿਣਤੀ ਵਿੱਚ ਭਾਰੀ ਗਿਰਾਵਟ ਆਈ ਹੈ। ਇਸ ਵਿੱਚ ਸਭ ਤੋਂ ਖਾਸ ਗੱਲ ਇਹ ਹੈ ਕਿ ਇਹ ਗਿਰਾਵਟ ਪੰਜਾਬ ਵਿੱਚ ਵੀ ਦੇਖਣ ਨੂੰ ਮਿਲ ਰਹੀ ਹੈ। ਕੈਨੇਡਾ ਜਾਣ ਵਾਲੇ ਕੁੱਲ ਭਾਰਤੀ ਵਿਦਿਆਰਥੀਆਂ ਦਾ 70 ਤੋਂ 75 ਫ਼ੀਸਦੀ ਹਿੱਸਾ ਇਕੱਲਾ ਪੰਜਾਬ ਹੀ ਭੇਜਦਾ ਹੈ। ਇਹ ਗਿਰਾਵਟ ਪਿਛਲੇ ਸਾਲ ਦੇ ਮੁਕਾਬਲੇ 70-80 ਫ਼ੀਸਦੀ ਹੈ। ਜਦੋਂ ਕਿ ਕੈਨੇਡਾ ਵੱਲੋਂ ਕਿਸੇ ਕਿਸਮ ਦੀ ਕੋਈ ਸੀਮਾ ਨਹੀਂ ਲਗਾਈ ਗਈ ਹੈ। ਇਸ ਤੋਂ ਇਲਾਵਾ ਜੀਵਨਸਾਥੀ ਨੂੰ ਵੀ ਅੰਡਰ ਗਰੈਜੂਏਟ ਕੋਰਸਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨਾਲ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ।

ਇੱਕ ਰਿਪੋਰਟ ਅਨੁਸਾਰ ਸਿੱਖਿਆ ਸਲਾਹਕਾਰਾਂ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਵੀਜ਼ਾ ਮਨਜ਼ੂਰੀ ਇਨ੍ਹੀਂ ਦਿਨੀਂ ਬਹੁਤ ਜ਼ਿਆਦਾ ਹੈ। ਇੱਥੋਂ ਤੱਕ ਕਿ ਜਿਨ੍ਹਾਂ ਬਿਨੈਕਾਰਾਂ ਨੂੰ ਪਹਿਲਾਂ ਵੀ ਕਈ ਵਾਰ ਰੱਦ ਕਰ ਦਿੱਤਾ ਗਿਆ ਸੀ, ਉਨ੍ਹਾਂ ਨੂੰ ਵੀਜ਼ਾ ਦਿੱਤਾ ਗਿਆ ਹੈ। 40 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਵੀਜ਼ਾ ਦਿੱਤਾ ਗਿਆ। ਇਮੀਗ੍ਰੇਸ਼ਨ ਸਲਾਹਕਾਰ ਨੇ ਦੱਸਿਆ ਕਿ ਪਿਛਲੇ 3-4 ਸਾਲਾਂ ਤੋਂ ਭਾਰਤ ਖਾਸ ਕਰਕੇ ਪੰਜਾਬ ਤੋਂ ਵੱਡੀ ਗਿਣਤੀ ਵਿਦਿਆਰਥੀ ਕੈਨੇਡਾ ਗਏ, ਜਿਸ ਕਾਰਨ ਵੀਜ਼ਾ ਬੈਕਲਾਗ ਹੋ ਗਿਆ। ਹਾਲਾਂਕਿ ਨਵੀਆਂ ਪਾਬੰਦੀਆਂ ਅਤੇ ਵਧੀਆਂ ਵਿੱਤੀ ਲੋੜਾਂ ਨੇ ਬਹੁਤ ਸਾਰੇ ਨਵੇਂ ਬਿਨੈਕਾਰਾਂ ਨੂੰ ਨਿਰਾਸ਼ ਕੀਤਾ ਹੈ। ਵਿਦਿਆਰਥੀਆਂ ਦੀ ਗਿਣਤੀ ਘਟਣ ਦਾ ਇਹੀ ਕਾਰਨ ਹੈ।

**ਕੀ ਆਈਆਂ ਤਬਦੀਲੀਆਂ**

ਕੈਨੇਡਾ ਨੇ ਹਾਲ ਹੀ ਵਿੱਚ ਆਪਣੇ ਨਿਯਮਾਂ ਵਿੱਚ ਬਦਲਾਅ ਕੀਤਾ ਹੈ। ਉਸਨੇ ਅੱਗੇ ਦੱਸਿਆ, ‘ਪਹਿਲਾਂ, ਸਪਾਊਸ ਓਪਨ ਵਰਕ ਪਰਮਿਟ ਦੇ ਤਹਿਤ, ਪਤੀ /ਪਤਨੀ ਰਜਿਸਟਰਡ ਵਿਦਿਆਰਥੀਆਂ ਦੇ ਨਾਲ ਗ੍ਰੈਜੂਏਟ ਪ੍ਰੋਗਰਾਮਾਂ ਲਈ ਜਾ ਸਕਦੇ ਸਨ, ਪਰ ਇਹ ਬਹੁਤ ਹੱਦ ਤੱਕ ਸੀਮਤ ਸੀ। ਹੁਣ ਇਹ ਸਿਰਫ਼ ਕੁਝ ਕੋਰਸਾਂ ਲਈ ਉਪਲਬਧ ਹੈ। ਇਸ ਤੋਂ ਇਲਾਵਾ, ਕੈਨੇਡਾ ਸਰਕਾਰ ਨੇ ਗਾਰੰਟੀਡ ਇਨਵੈਸਟਮੈਂਟ ਪ੍ਰੋਗਰਾਮ (ਜੀ.ਆਈ.ਸੀ) ਨੂੰ ਦੁੱਗਣਾ ਕਰਨ ਦਾ ਫ਼ੈਸਲਾ ਕੀਤਾ ਹੈ, ਜੋ ਕਿ ਹੁਣ 20,000 ਡਾਲਰ ਤੋਂ ਵੱਧ ਹੈ। ਇਸ ਨਾਲ ਬਹੁਤ ਸਾਰੇ ਲੋਕਾਂ ਲਈ ਪੜ੍ਹਨਾ ਮਹਿੰਗਾ ਹੋ ਗਿਆ ਹੈ।

**ਆਸਾਨੀ ਨਾਲ ਮਿਲ ਰਿਹੈ ਵੀਜ਼ਾ**

ਉਨ੍ਹਾਂ ਕਿਹਾ ਕਿ ਕੁਝ ਵੀਜ਼ਿਆਂ ਦੀ ਸਫ਼ਲਤਾ ਦਰ 100 ਫ਼ੀਸਦੀ ਤੋਂ ਵੱਧ ਹੈ। ਉਨ੍ਹਾਂ ਮੁਤਾਬਕ, ਸਾਨੂੰ ਹਾਲ ਹੀ ਵਿੱਚ ਬਿਨਾਂ ਕਿਸੇ ਇਨਕਾਰ ਦੇ 42 ਸਾਲਾ ਔਰਤ ਲਈ ਵੀਜ਼ਾ ਮਿਲਿਆ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕੋਲ ਪੈਸਾ ਹੋਵੇ ਅਤੇ ਅੰਗਰੇਜ਼ੀ ਵਿੱਚ ਮੁਹਾਰਤ ਹੈ ਤਾਂ ਆਸਾਨੀ ਨਾਲ ਵੀਜ਼ਾ ਮਿਲ ਸਕਦਾ ਹੈ। ਇਕ ਹੋਰ ਕੰਸਲਟੈਂਸੀ ਨੇ ਕਿਹਾ ਕਿ ਨਾ ਸਿਰਫ ਵਿਦਿਆਰਥੀ ਵੀਜ਼ਿਆਂ ਵਿਚ ਦਿਲਚਸਪੀ ਘਟੀ ਹੈ, ਸਗੋਂ ਕੈਨੇਡਾ ਵਿੱਚ ਪ੍ਰਵਾਸ ਨਾਲ ਸਬੰਧਤ ਪੁੱਛਗਿੱਛਾਂ ਵਿੱਚ ਵੀ ਕਮੀ ਆਈ ਹੈ। ਇਸ ਦਾ ਕਾਰਨ ਇਹ ਮੰਨਿਆ ਜਾ ਰਿਹਾ ਹੈ ਕਿ ਕੈਨੇਡਾ ਵਿੱਚ ਨੌਕਰੀਆਂ ਲਗਾਤਾਰ ਘਟ ਰਹੀਆਂ ਹਨ।

## ਭਾਰਤੀਆਂ ਨੂੰ ਅਮਰੀਕਾ ਦੇ ਵਿਜ਼ਟਰ ਵੀਜ਼ਾ ਲਈ ਕਰਨੀ ਹੋਵੇਗੀ ਉਡੀਕ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਵਿਜ਼ਟਰ ਵੀਜ਼ਾ ਲਈ ਭਾਰਤੀ ਲੋਕਾਂ ਨੂੰ ਉਡੀਕ ਸਮੇਂ ਵਿੱਚ ਹੋਰ ਰਾਹਤ ਮਿਲਦੀ ਨਜ਼ਰ ਨਹੀਂ ਆ ਰਹੀ। ਇਸ ਸਬੰਧੀ ਨਵੀਂ ਦਿੱਲੀ ਸਥਿਤ ਯੂ.ਐਸ. ਅੰਬੈਸੀ ਵਿੱਚ ਪਬਲਿਕ ਡਿਪਲੋਮੈਸੀ ਦੇ ਮਿਨਿਸਟਰ ਕੌਂਸਲਰ ਗਲੋਰੀਆ ਬਰਬੀਨਾ ਨੇ ਕਿਹਾ ਕਿ ਫਿਲਹਾਲ ਉਡੀਕ ਸਮੇਂ ਵਿੱਚ ਸੁਧਾਰ ਸੰਭਵ ਨਹੀਂ ਪਰ ਭਾਰਤ ਦੇ ਕਿਸੇ ਵੀ ਸੂਬੇ ਵਿੱਚ ਰਹਿਣ ਵਾਲੇ ਕਿਸੇ ਵੀ ਕੌਂਸਲੇਟ ਵਿੱਚ ਆਪਣੀ ਵੀਜ਼ਾ ਇੰਟਰਵਿਊ ਬੁਕ ਕਰ ਸਕਦੇ ਹਨ। ਬਰਬੀਨਾ ਨੇ ਦੱਸਿਆ ਕਿ ਨਵੀਂ ਦਿੱਲੀ ਵਿਖੇ ਪਹਿਲੀ ਵਾਰ ਅਰਜ਼ੀ ਦਾਖਲ ਕਰਨ ਵਾਲਿਆਂ ਨੂੰ ਇੰਟਰਵਿਊ ਵਾਸਤੇ 386 ਦਿਨ ਉਡੀਕ ਕਰਨੀ ਪੈਂਦੀ ਹੈ ਪਰ ਕਲਕੱਤਾ ਦੇ ਕੌਂਸਲੇਟ ਵਿਖੇ ਇਹ ਸਮਾਂ ਸਿਰਫ 24 ਦਿਨ ਹੀ ਚੱਲ ਰਿਹਾ ਹੈ।



**ਯੂ.ਐਸ. ਡਿਪਲੋਮੈਟ ਨੇ ਕਿਹਾ, ਉਡੀਕ ਸਮਾਂ ਘਟਾਉਣਾ ਸੰਭਵ ਨਹੀਂ**

ਇਸ ਦੇ ਉਲਟ ਹੈਦਰਾਬਾਦ ਕੌਂਸਲੇਟ ਵਿਖੇ ਉਡੀਕ ਸਮਾਂ 407 ਦਿਨ ਚੱਲ ਰਿਹਾ ਹੈ। ਕੁਲ ਮਿਲਾ ਕੇ ਦੇਖਿਆ ਜਾਵੇ ਤਾਂ ਪੂਰੀ ਦੁਨੀਆਂ ਵਿਚੋਂ ਅਮਰੀਕਾ ਪੁੱਜਣ ਦੇ ਇੱਛਕ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਜਿਸ ਦੇ ਮੱਦੇਨਜ਼ਰ ਅਰਜ਼ੀਆਂ ਦਾ ਬੈਕਲਾਗ ਵਧਣਾ ਲਾਜ਼ਮੀ ਹੈ। ਵੱਖ-ਵੱਖ ਸ਼੍ਰੇਣੀਆਂ ਵਾਲੇ ਵੀਜ਼ੇ ਵੱਖੋ ਵੱਖਰੀ ਸਮਾਂ ਹੱਦ ਵਿਚ ਜਾਰੀ ਕੀਤੇ ਜਾ ਰਹੇ ਹਨ। ਕੋਰੋਨਾ ਮਹਾਮਾਰੀ ਦੌਰਾਨ ਅੰਬੈਸੀਆਂ ਬੰਦ ਰਹਿਣ ਕਾਰਨ ਹਾਲਾਤ ਵਿਗੜ ਗਏ ਅਤੇ ਇਸ ਮਗਰੋਂ ਉਡੀਕ ਸਮਾਂ ਘਟਾਉਣ ਦੇ ਯਤਨ ਵੱਡੇ ਪੱਧਰ ’ਤੇ ਕੀਤੇ ਗਏ। ਉਨ੍ਹਾਂ ਦੱਸਿਆ ਕਿ ਅਮਰੀਕਾ ਦੀਆਂ ਕਈ ਯੂਨੀਵਰਸਿਟੀਜ਼ ਭਾਰਤ ਵਿੱਚ ਕੈਂਪਸ ਬਣਾਉਣਾ ਚਾਹੁੰਦੀਆਂ ਹਨ ਜਿਸ ਦੇ ਮੱਦੇਨਜ਼ਰ ਮੁਲਕ ਦੇ ਵੱਖ-ਵੱਖ ਸ਼ਹਿਰਾਂ ਦਾ ਦੌਰਾ ਕੀਤਾ ਜਾ ਰਿਹਾ ਹੈ।

**ਭਾਰਤ ਦੇ ਕਿਸੇ ਵੀ ਕੌਂਸਲੇਟ ਵਿਚ ਬੁੱਕ ਕੀਤੀ ਜਾ ਸਕਦੀ ਹੈ ਇੰਟਰਵਿਊ**

ਅਮਰੀਕਾ ਵਿੱਚ ਭਾਰਤੀ ਵਿਦਿਆਰਥੀਆਂ ਨੂੰ ਆ ਰਹੀ ਦਿੱਕਤ ਬਾਰੇ ਪੁੱਛੇ ਜਾਣ ’ਤੇ ਬਰਬੀਨਾ ਨੇ ਕਿਹਾ ਕਿ ਭਾਰਤੀ ਵਿਦਿਆਰਥੀਆਂ ਨੂੰ ਸਿਰਫ ਪੜ੍ਹਨ ਦੀ ਸਹੂਲਤ ਦਿਤੀ ਗਈ ਹੈ ਅਤੇ ਨੌਕਰੀ ਦੀ ਕੋਈ ਗਾਰੰਟੀ ਨਹੀਂ ਦਿਤੀ ਜਾਂਦੀ। ਅਜਿਹੇ ਵਿੱਚ ਵਿਦਿਆਰਥੀਆਂ ਨੂੰ ਆਪਣਾ ਕੋਰਸ ਖ਼ਤਮ ਕਰਨ ਮਗਰੋਂ ਵਾਪਸੀ ਕਰਨੀ ਚਾਹੀਦੀ ਹੈ ਅਤੇ ਭਾਰਤ ਵਿੱਚ ਬਿਹਤਰ ਮੌਕਿਆਂ ਦੀ ਤਲਾਸ਼ ਕਰਨ।

# ਬ੍ਰਿਟਿਸ਼ ਯੂਨੀਵਰਸਿਟੀਆਂ ਵੱਲ ਭਾਰਤੀ ਵਿਦਿਆਰਥੀਆਂ ਦਾ ਰੁਝਾਨ ਘਟਿਆ

ਲੰਡਨ/ਏ.ਟੀ.ਨਿਊਜ਼ : ਭਾਵੇਂ ਬਰਤਾਨੀਆ ਵਿੱਚ ਪੜ੍ਹਨ ਲਈ ਵੀਜ਼ਾ ਹਾਸਲ ਕਰਨ ਦੇ ਮਾਮਲੇ ਵਿੱਚ ਭਾਰਤੀ ਵਿਦਿਆਰਥੀ ਸਿਖਰ ’ਤੇ ਬਣੇ ਹੋਏ ਹਨ, ਪਰ ਪ੍ਰਵਾਸ ਪਾਬੰਦੀਆਂ ਕਾਰਨ ਬ੍ਰਿਟਿਸ਼ ਯੂਨੀਵਰਸਿਟੀਆਂ ਵਿੱਚ ਅਪਲਾਈ ਕਰਨ ਦਾ ਉਨ੍ਹਾਂ ਦਾ ਝੁਕਾਅ ਘੱਟ ਰਿਹਾ ਹੈ। ਬ੍ਰਿਟਿਸ਼ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਤੋਂ ਇਹ ਖੁਲਾਸਾ ਹੋਇਆ ਹੈ।





ਗ੍ਰਹਿ ਮੰਤਰਾਲੇ ਵੱਲੋਂ ਜੂਨ 2024 ਨੂੰ ਖਤਮ ਹੋਏ ਪਿਛਲੇ ਇੱਕ ਸਾਲ ਦੇ ਜਾਰੀ ਅੰਕੜਿਆਂ ਮੁਤਾਬਕ ਉੱਚ ਸਿੱਖਿਆ ਲਈ ਬ੍ਰਿਟੇਨ ਆਉਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ’ਚ 23 ਫੀਸਦੀ ਦੀ ਕਮੀ ਆਈ ਹੈ।

ਹਾਲਾਂਕਿ, ਉਹ ਗ੍ਰੈਜੂਏਟ ਸਿੱਖਿਆ ਦੇ ਆਧਾਰ ’ਤੇ ਵੀਜ਼ਾ ’ਤੇ ਰਹਿਣ ਦੀ ਇਜਾਜ਼ਤ ਪ੍ਰਾਪਤ ਕਰਨ ਦੇ ਮਾਮਲੇ ਵਿੱਚ ਸਭ ਤੋਂ ਵੱਡੇ ਸਮੂਹ ਦੀ ਨੁਮਾਇੰਦਗੀ ਕਰਦੇ ਹਨ। ਇਸ ਸ਼੍ਰੇਣੀ ਦੇ ਵੀਜ਼ਾ ਵਿੱਚ ਵਿਦੇਸ਼ੀ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਡਿਗਰੀ ਤੋਂ ਬਾਅਦ ਦੋ ਸਾਲ ਤਕ ਬ੍ਰਿਟੇਨ ਵਿੱਚ ਕੰਮ ਕਰਨ ਦੀ ਆਗਿਆ ਮਿਲਦੀ ਹੈ। ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਗਿਰਾਵਟ ਜ਼ਿਆਦਾਤਰ ਵਿਦਿਆਰਥੀ ਵੀਜ਼ਾ ਧਾਰਕਾਂ ਦੇ ਆਪਣੇ ’ਤੇ ਨਿਰਭਰ ਪਰਿਵਾਰਕ ਮੈਂਬਰਾਂ ਨੂੰ ਲਿਆਉਣ ਦੇ ਅਧਿਕਾਰ ’ਤੇ ਸਖ਼ਤ ਪਾਬੰਦੀਆਂ ਦੇ ਪ੍ਰਭਾਵ ਦਾ ਪਹਿਲਾ ਸੰਕੇਤ ਹੈ, ਜੋ ਇਸ ਸਾਲ ਦੇ ਸ਼ੁਰੂ ਵਿੱਚ ਲਾਗੂ ਹੋਇਆ ਸੀ। ਗ੍ਰਹਿ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਜੂਨ 2024 ਨੂੰ ਖਤਮ ਹੋਏ ਸਾਲ ਵਿੱਚ ਭਾਰਤੀ ਨਾਗਰਿਕ ਮੁੱਖ ਬਿਨੈਕਾਰ ਸਨ, ਜਿਨ੍ਹਾਂ ਨੂੰ 1,10,006 ਸਪਾਂਸਰਡ ਸਟੱਡੀ ਵੀਜ਼ੇ (ਕੁੱਲ ਦਾ 25 ਪ੍ਰਤੀਸ਼ਤ) ਦਿੱਤੇ ਗਏ ਸਨ, ਜੋ ਕਿ ਪਿਛਲੇ ਸਾਲ ਨਾਲੋਂ 32,687 ਘੱਟ ਹਨ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2019 ਅਤੇ 2023 ਦੇ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਜ਼ਿਆਦਾਤਰ ਵਾਧਾ ਭਾਰਤੀ ਅਤੇ ਨਾਈਜੀਰੀਆ ਦੇ ਨਾਗਰਿਕਾਂ ਦਾ ਸੀ, ਪਰ ਪਿਛਲੇ ਸਾਲ ਵਿੱਚ ਇਹਨਾਂ ਦੇਸ਼ਾਂ ਦੇ ਵਿਦਿਆਰਥੀਆਂ ਦੀ ਗਿਣਤੀ ਵਿੱਚ (ਕ੍ਰਮਵਾਰ 23 ਪ੍ਰਤੀਸ਼ਤ ਅਤੇ 46 ਪ੍ਰਤੀਸ਼ਤ) ਕਮੀ ਆਈ ਹੈ। ਇੰਡੀਆ-ਯੂਕੇ ਯੰਗ ਪ੍ਰੋਫੈਸ਼ਨਲਜ਼ ਸਕੀਮ ਦੇ ਤਹਿਤ, ਨੌਜਵਾਨ ਗ੍ਰੈਜੂਏਟਾਂ ਨੂੰ ਕਿਸੇ ਵੀ ਦੇਸ਼ ਵਿੱਚ ਦੋ ਸਾਲ ਤੱਕ ਰਹਿਣ ਅਤੇ ਕੰਮ ਕਰਨ ਲਈ ਦੋ-ਪੱਖੀ ਆਵਾਜਾਈ ਦੀ ਸਹੂਲਤ ਮਿਲਦੀ ਹੈ। ਇਸ ਦੇ ਤਹਿਤ ਪਿਛਲੇ ਸਾਲ ਫਰਵਰੀ ’ਚ ਪਹਿਲੇ ਪੜਾਅ ’ਚ 2,234 ਭਾਰਤੀ ਨਾਗਰਿਕ ਬ੍ਰਿਟੇਨ ਆਏ, ਜੋ 3,000 ਦੀ ਸਾਲਾਨਾ ਵੀਜ਼ਾ ਸੀਮਾ ਤੋਂ ਕਾਫੀ ਘੱਟ ਹੈ। ਇਸ ਦੌਰਾਨ, ਪਿਛਲੇ ਸਾਲ ਵਿਜ਼ਟਰ ਵੀਜ਼ੇ ’ਤੇ ਬ੍ਰਿਟੇਨ ਜਾਣ ਵਾਲੇ ਵਿਦੇਸ਼ੀਆਂ ਦੀ ਸੂਚੀ ’ਚ ਭਾਰਤੀ ਸਭ ਤੋਂ ਉੱਪਰ ਰਹੇ, ਜਿਨ੍ਹਾਂ ’ਚੋਂ 25 ਫੀਸਦੀ ਬ੍ਰਿਟਿਸ਼ ‘ਵਿਜ਼ਿਟਰ ਵੀਜ਼ਾ’ ਦਿੱਤੇ ਗਏ, ਜਦਕਿ ਚੀਨੀ ਨਾਗਰਿਕਾਂ ਨੂੰ 24 ਫੀਸਦੀ ਵੀਜ਼ੇ ਦਿੱਤੇ ਗਏ।

ਅੰਕੜਿਆਂ ਦੇ ਅਨੁਸਾਰ ਸਿਹਤ ਅਤੇ ਦੇਖਭਾਲ ਕਰਮਚਾਰੀ ਮੁੱਖ ਬਿਨੈਕਾਰਾਂ ਨੂੰ ਦਿੱਤੇ ਗਏ ਵੀਜ਼ਿਆਂ ਦੀ ਸੰਖਿਆ ਅਪ੍ਰੈਲ ਅਤੇ ਜੂਨ 2024 ਦੇ ਵਿਚਕਾਰ 81 ਪ੍ਰਤੀਸ਼ਤ ਘਟ ਕੇ 6,564 ਹੋ ਗਈ, ਜਦੋਂ ਕਿ 2023 ਦੀ ਇਸੇ ਮਿਆਦ ਵਿੱਚ 35,470 ਵੀਜ਼ਿਆਂ ਦੀ ਗਿਣਤੀ ਸੀ।

## ਵੱਡੀ ਗਿਣਤੀ ’ਚ ਭਾਰਤੀਆਂ ਨੇ ਛੱਡਿਆ ਸਵੀਡਨ, ਟੁੱਟਿਆ 1998 ਦਾ ਰਿਕਾਰਡ

ਸਵੀਡਨ/ਏ.ਟੀ.ਨਿਊਜ਼: ਵਿਦੇਸ਼ਾਂ ਵਿੱਚ ਪੜ੍ਹਾਈ ਕਰਨਾ ਅਤੇ ਕੰਮ ਕਰਨਾ ਬਹੁਤ ਸਾਰੇ ਭਾਰਤੀਆਂ ਨੂੰ ਪਸੰਦ ਹੈ, ਇਸ ਲਈ ਜ਼ਿਆਦਾਤਰ ਭਾਰਤੀ ਵਿਦੇਸ਼ਾਂ ਨੂੰ ਜਾਂਦੇ ਹਨ। ਉਥੇ ਹੀ ਸਵੀਡਨ ਵਿੱਚ ਇੱਕ ਪਰੇਸ਼ਾਨ ਕਰਨ ਵਾਲਾ ਰੁਝਾਨ ਸਾਹਮਣੇ ਆਇਆ ਹੈ। ਇੱਕ ਰਿਪੋਰਟ ਮੁਤਾਬਕ 2024 ਦੇ ਪਹਿਲੇ ਮਹੀਨਿਆਂ ਵਿੱਚ 1998 ਤੋਂ ਬਾਅਦ ਸਭ ਤੋਂ ਵੱਧ ਗਿਣਤੀ ਵਿੱਚ ਭਾਰਤੀ ਪ੍ਰਵਾਸੀਆਂ ਨੇ ਸਵੀਡਨ ਤੋਂ ਪਲਾਇਨ ਕੀਤਾ ਹੈ।



ਸਵੀਡਨ ਦੀ ਸਰਕਾਰੀ ਏਜੰਸੀ ਸਟੈਟਿਸਟਿਕਸ ਸਵੀਡਨ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਸਵੀਡਨ ਜਾਣ ਨਾਲੋਂ ਜ਼ਿਆਦਾ ਭਾਰਤੀ ਉਥੋਂ ਪਲਾਇਨ ਕਰ ਰਹੇ ਹਨ। ਸਵੀਡਨ ਵਿੱਚ ਭਾਰਤੀ ਡਾਇਸਪੋਰਾ 20ਵੀਂ ਸਦੀ ਵਿੱਚ ਬਣਨਾ ਸ਼ੁਰੂ ਹੋਇਆ, 21ਵੀਂ ਸਦੀ ਵਿੱਚ ਬਦਲਦੇ ਇਮੀਗ੍ਰੇਸ਼ਨ ਕਾਨੂੰਨਾਂ ਅਤੇ ਹੁਨਰਮੰਦ ਕਾਮਿਆਂ ਅਤੇ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ’ਤੇ ਧਿਆਨ ਦੇਣ ਕਾਰਨ ਭਾਰਤੀ ਪ੍ਰਵਾਸ ਵਿੱਚ ਮਹੱਤਵਪੂਰਨ ਵਾਧਾ ਹੋਇਆ। 2022 ਦੇ ਅੰਤ ਤੱਕ, ਸਵੀਡਨ ਵਿੱਚ 50,000 ਭਾਰਤੀ ਰਹਿ ਰਹੇ ਸਨ।

ਹਾਲਾਂਕਿ, ਸਟੈਟਿਸਟਿਕਸ ਸਵੀਡਨ ਰਿਪੋਰਟ ਮੁਤਾਬਕ 2024 ਦੇ ਪਹਿਲੇ ਅੱਧ ਵਿੱਚ - ਜਨਵਰੀ ਅਤੇ ਜੂਨ ਦੇ ਵਿਚਕਾਰ - 2,837 ਭਾਰਤੀ ਮੂਲ ਦੇ ਵਿਅਕਤੀਆਂ ਨੇ ਸਵੀਡਨ ਛੱਡਿਆ, ਜੋ ਪਿਛਲੇ ਸਾਲ ਨਾਲੋਂ 171% ਵੱਧ ਹੈ। ਇਸ ਦਾ ਮਤਲਬ ਹੈ ਕਿ ਚੀਨ, ਸੀਰੀਆ, ਇਰਾਕ ਅਤੇ ਹੋਰ ਦੇਸ਼ਾਂ ਵਿੱਚ ਪੈਦਾ ਹੋਏ ਲੋਕਾਂ ਨੂੰ ਪਛਾੜ ਕੇ ਵਿਦੇਸ਼ੀ ਪ੍ਰਵਾਸੀਆਂ ਦਾ ਸਭ ਤੋਂ ਵੱਡਾ ਸਮੂਹ ਭਾਰਤੀ ਹਨ। 1998 ਤੋਂ ਬਾਅਦ ਇਹ ਪਹਿਲਾ ਮੌਕਾ ਹੈ ਜਦੋਂ ਸਵੀਡਨ ਵਿੱਚ ਸਾਲ ਦੀ ਪਹਿਲੀ ਛਿਮਾਹੀ ਵਿੱਚ ਭਾਰਤੀਆਂ ਦਾ ਨਕਾਰਾਤਮਕ ਸ਼ੁੱਧ ਪ੍ਰਵਾਸ ਹੋਇਆ ਹੈ।

# ਸਿੱਖ ਪੰਥ ਤੇ ਕਿਸਾਨਾਂ ਵਿਰੁੱਧ ਜ਼ਹਿਰੀਲੀਆਂ ਟਿੱਪਣੀਆਂ ਕਰਕੇ ਭਾਜਪਾ ਦਾ ਸਿਆਸੀ ਭਵਿੱਖ ਵਿਗਾੜੇਗੀ ਕੰਗਨਾ

## ਭਾਜਪਾ ਸਾਂਸਦ ਦੀ ਕਿਸਾਨ ਅੰਦੋਲਨ 'ਤੇ ਟਿੱਪਣੀ ਕਾਰਨ ਭਾਜਪਾ ਫਸੀ

## ਹਰਿਆਣਾ ਚੋਣ ਦੀ ਹਾਰ ਤੋਂ ਡਰੀ ਭਾਜਪਾ ਵੱਲੋਂ ਕੰਗਨਾ ਨੂੰ ਤਾੜਨਾ






ਭਾਜਪਾ ਦੀ ਸੰਸਦ ਮੈਂਬਰ ਤੇ ਅਦਾਕਾਰਾ ਕੰਗਨਾ ਰਣੌਤ ਵੱਲੋਂ ਕਿਸਾਨੀ ਅੰਦੋਲਨ ਦੌਰਾਨ ਕਤਲ ਤੇ ਜਬਰ-ਜਨਾਹ ਹੋਣ ਸਬੰਧੀ ਦਿੱਤੇ ਨ.ਫ਼ਰਤੀ ਬਿਆਨ ਨਾਲ ਭਾਜਪਾ ਧਰਮ ਸੰਕਟ ਵਿੱਚ ਫਸ ਗਈ ਹੈ। ਇਸ ਬਾਰੇ ਕਿਸਾਨਾਂ ਵਿੱਚ ਵੱਡਾ ਰੋਸ ਹੈ।

ਕੀ ਕਿਹਾ ਸੀ ਕੰਗਨਾ ਨੇ ?

ਕੰਗਨਾ ਨੇ ਕਿਹਾ ਸੀ ਕਿ ਕਿਸਾਨੀ ਅੰਦੋਲਨ ਦੌਰਾਨ ਦਿੱਲੀ ਹੱਦ 'ਤੇ ਜਬਰ-ਜਨਾਹ ਤੇ ਕਤਲ ਹੋਏ ਸਨ। ਜੇ ਉਸ ਵੇਲੇ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਨਾ ਹੁੰਦੀ ਤਾਂ ਹਾਲਾਤ ਬੰਗਲਾਦੇਸ਼ ਵਰਗੇ ਹੋਣੇ ਸਨ। ਜ਼ਿਕਰਯੋਗ ਹੈ ਕਿ ਕੰਗਨਾ ਨੇ ਕਿਸਾਨੀ ਅੰਦੋਲਨ ਸਮੇਂ ਵੀ ਕਈ ਵਾਰ ਕਿਸਾਨਾਂ ਬਾਰੇ ਵਿਵਾਦਿਤ ਬਿਆਨ ਦਿੱਤੇ ਸਨ। ਉਸ ਨੇ ਹੁਣ ਮੁੜ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਿਸਾਨੀ ਸਬੰਧੀ ਬਿਆਨ ਦਿੱਤਾ ਹੈ ਜਿਸ ਨਾਲ ਭਾਜਪਾ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਕਿਸਾਨੀ ਅੰਦੋਲਨ ਸਮੇਂ ਸਮੁੱਚੇ ਦੇਸ਼ ਤੋਂ ਕਿਸਾਨਾਂ ਨੇ ਦਿੱਲੀ ਧਰਨੇ ਵਿੱਚ ਸ਼ਮੂਲੀਅਤ ਕੀਤੀ ਸੀ ਪਰ ਉਸ ਅੰਦੋਲਨ ਦੀ ਅਗਵਾਈ ਪੰਜਾਬ ਤੇ ਹਰਿਆਣਾ ਨੇ ਕੀਤੀ ਸੀ। ਇਸ ਕਰਕੇ ਹਰਿਆਣਾ ਤੇ ਪੰਜਾਬ ਦੇ ਕਿਸਾਨਾਂ ਵਿੱਚ ਕੰਗਨਾ ਦੇ ਬਿਆਨ ਨੂੰ ਲੈ ਕੇ ਕਾਫ਼ੀ ਰੋਸ ਪਾਇਆ ਜਾ ਰਿਹਾ ਹੈ।

ਕਿਸਾਨ ਆਗੂ ਰਾਕੇਸ਼ ਟਿਕੈਤ ਤੇ ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਦੇ ਆਗੂ ਅਭਿਮੰਨਿਊ ਕੋਹਾੜ ਨੇ ਕਿਹਾ ਕਿ ਜੇ ਪ੍ਰਧਾਨ ਮੰਤਰੀ ਜਾਂ ਭਾਜਪਾ ਵੱਲੋਂ ਇਸ ਬਿਆਨ 'ਤੇ ਕੋਈ ਐਕਸ਼ਨ ਨਾ ਲਿਆ ਗਿਆ ਤਾਂ ਕਿਸਾਨ ਜਥੇਬੰਦੀਆਂ ਵੱਲੋਂ ਕੰਗਨਾ ਰਣੌਤ ਖ਼ਿਲਾਫ਼ ਸੰਘਰਸ਼ ਦਾ ਰਾਹ ਅਖਤਿਆਰ ਕੀਤਾ ਜਾਵੇਗਾ।

ਉੱਧਰ ਕਾਂਗਰਸ ਦੇ ਆਗੂ ਰਾਹੁਲ ਗਾਂਧੀ ਨੇ ਵੀ ਕੰਗਨਾ ਰਣੌਤ ਦੇ ਬਿਆਨ ਨੂੰ ਲੈ ਕੇ ਮੁਆਫ਼ੀ ਮੰਗਣ ਦੀ ਮੰਗ ਕੀਤੀ ਸੀ। ਇਸ ਦੌਰਾਨ ਝਾਰਖੰਡ ਮੁਕਤੀ ਮੋਰਚਾ ਨੇ ਕਿਹਾ ਕਿ ਭਾਜਪਾ ਨੂੰ ਦੇਸ਼ਵਾਸੀਆਂ ਦੇ ਰੂਪ ਵਿੱਚ ਰੋਬੋਟ ਚਾਹੀਦੇ ਹਨ ਜਿਨ੍ਹਾਂ ਕੋਲ ਖ਼ੁਦ ਦਾ ਦਿਮਾਗ ਨਾ ਹੋਵੇ। ਤੇ ਜੇ ਹੋਵੇ ਤਾਂ ਕੰਗਨਾ ਵਾਂਗੂੰ ਨ.ਫ਼ਰਤ ਨਾਲ ਭਰਿਆ ਹੋਵੇ।

ਕਾਂਗਰਸ ਦੇ ਸੀਨੀਅਰ ਨੇਤਾ ਤੇ ਸਾਬਕਾ ਮੰਤਰੀ ਡਾਕਟਰ ਰਾਜ ਕੁਮਾਰ ਵੇਰਕਾ ਨੇ ਕਿਹਾ ਕਿ ਮੈਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕਰਦਾ ਹਾਂ ਕਿ ਕੰਗਨਾ ਦੇ ਖ਼ਿਲਾਫ਼ ਰਾਸ਼ਟਰੀ ਸੁਰੱਖਿਆ ਕਾਨੂੰਨ ਦੀਆਂ ਧਾਰਾਵਾਂ ਤਹਿਤ ਐਫਆਈਆਰ ਦਰਜ ਕੀਤੀ ਜਾਣੀ ਚਾਹੀਦੀ ਹੈ ਤੇ ਉਸ ਨੂੰ ਡਿਬਰੂਗੜ੍ਹ ਜੇਲ੍ਹ ਭੇਜਿਆ ਜਾਣਾ ਚਾਹੀਦਾ ਹੈ।

ਇਹ ਕਿਸੇ ਤੋਂ ਭੁੱਲਿਆ ਨਹੀਂ ਕੰਗਨਾ ਆਮ ਕਰਕੇ ਕਿਸਾਨਾਂ ਤੇ ਸਿੱਖ ਪੰਥ ਨੂੰ ਖ਼ਾਲਿਸਤਾਨ ,ਅੱਤਵਾਦ ਨਾਲ ਜੋੜਕੇ ਜ਼ਹਿਰੀਲੇ ਬਿਆਨ ਦਾਗਦੀ ਰਹਿੰਦੀ ਹੈ।

ਅਕਾਲ ਤਖਤ ਸਾਹਿਬ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਤੇ ਹੋਰ ਪੰਥਕ ਸੰਸਥਾਵਾਂ ਪਹਿਲਾਂ ਹੀ ਇਸ ਦਾ ਵਿਰੋਧ ਕਰ ਰਹੇ ਹਨ ਕਿ ਇਸ ਵਿੱਚ ਸਿੱਖਾਂ ਨੂੰ ਗ਼ਲਤ ਤਰੀਕੇ ਨਾਲ ਦਿਖਾਇਆ ਗਿਆ ਹੈ ਜਿਸ ਨਾਲ ਦੇਸ਼ ਵਿੱਚ ਉਨ੍ਹਾਂ ਖ਼ਿਲਾਫ਼ ਨਫਰਤੀ ਹਿੰਸਾ ਵਿੱਚ ਵਾਧਾ ਹੋਵੇਗਾ। ਭਾਜਪਾ ਉਸ ਉਪਰ ਕੇਸ ਦਰਜ਼ ਕਰੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਦੇ ਕਿਰਦਾਰ ਅਤੇ ਇਤਿਹਾਸ ਪੱਖਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਵਾਲੀ ਕੰਗਨਾ ਰਣੌਤ ਦੀ 'ਐਮਰਜੈਂਸੀ' ਫ਼ਿਲਮ ਦੇ ਨਿਰਮਾਤਾਵਾਂ ਨੂੰ ਕਾਨੂੰਨੀ ਨੋਟਿਸ ਭੇਜ ਕੇ ਸਿੱਖ-ਵਿਰੋਧੀ ਭਾਵਨਾ ਵਾਲੇ ਇਤਰਾਜ਼ਯੋਗ ਦ੍ਰਿਸ਼ ਕੱਟਣ ਲਈ ਕਿਹਾ ਹੈ।

**(ਬਾਕੀ ਸਫ਼ਾ 30 'ਤੇ)**

## ਸਿੱਖ ਵਿਰੋਧੀ ਬਿਰਤਾਂਤ ਵਾਲੀਆਂ ਫ਼ਿਲਮਾਂ ਨਾਲ ਨਿਪਟਿਆ ਕਿਵੇਂ ਜਾਵੇ ?

ਐਮਰਜੈਂਸੀ ਫਿਲਮ ਦਾ ਵਿਰੋਧ ਕਰ ਰਹੇ ਸਾਰੇ ਹੀ ਸੱਜਣਾਂ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਇਹ ਫ਼ਿਲਮ ਸਿੱਖਾਂ ਜਾਂ ਪੰਜਾਬ ਨੂੰ ਮੁੱਖ ਰੱਖ ਕੇ ਨਹੀਂ ਬਣਾਈ ਗਈ। ਅਜਿਹੀ ਕੋਈ ਫ਼ਿਲਮ ਭਾਰਤ ਵਿੱਚ ਬਣਦੀ ਵੀ ਨਹੀਂ। ਇਹ ਫ਼ਿਲਮ ਗੈਰ ਸਿੱਖਾਂ ਤੇ ਗੈਰ ਪੰਜਾਬੀ ਪੱਟੀ ਅੰਦਰ ਨੇਸ਼ਨ/ਸਟੇਟ ਦਾ ਬਿਰਤਾਂਤ ਸਥਾਪਤ ਕਰਨ ਤੇ ਚੁਰਾਸੀਵਿਆਂ ਦੇ ਸਿੱਖ ਸੰਘਰਸ਼ ਦੀ ਸ਼ੁਰੂ ਤੋਂ ਇੱਕ ਗੈਰ ਭਾਰਤੀ ਤਸਵੀਰ ਲੋਕ ਮਨਾਂ ਵਿੱਚ ਸਥਾਪਤ ਕਰਨ ਲਈ ਬਣਾਈ ਗਈ ਹੈ। ਇਸ ਲਈ ਇਸ ਗੱਲ ਨਾਲ ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ ਕਿ ਇਹ ਫ਼ਿਲਮ ਪੰਜਾਬ ਦੇ ਸਿਨਮਿਆਂ ਅੰਦਰ ਲੱਗਦੀ ਹੈ ਜਾਂ ਨਹੀਂ, ਕਿਉਂਕਿ ਇਸ ਦਾ ਪੰਜਾਬ ਵਿੱਚ ਵਿਰੋਧ ਹੋਏਗਾ ਹੀ ਹੋਏਗਾ, ਇਹ ਗੱਲ ਫਿਲਮ ਬਣਾਉਣ ਵਾਲੇ ਫ਼ਿਲਮ ਬਣਾਉਣ ਵੇਲੇ ਤੋਂ ਹੀ ਜਾਣਦੇ ਹਨ।

ਹੁਣ ਮੁੱਦੇ ਦੀ ਗੱਲ- ਗੱਲ ਫਿਰ ਤੁਹਾਨੂੰ ਭੈੜੀ ਲੱਗਣੀ ਵੀ ਮੈਂ ਅਜਿਹੀਆਂ ਗੱਲਾਂ ਹੀ ਕਿਉਂ ਕਰਦਾ ਹਾਂ, ਪਰ ਕਰਨੀ ਬਣਦੀ ਹੈ ਕਿ ਐਮਰਜੈਂਸੀ ਦੀ ਘਟਨਾ ਦਾ ਜਿਸ ਹਵਾਲੇ ਨਾਲ ਅਸੀਂ ਵਿਰੋਧ ਕਰ ਰਹੇ ਹਾਂ, ਉਹ ਪਹਿਲਾਂ ਹੀ ਕਿਤਾਬੀ ਰੂਪ ਵਿੱਚ ਭਾਰਤ ਦੇ ਬੌਧਿਕ ਵਰਗ ਵਿੱਚ ਸਥਾਪਿਤ ਕੀਤਾ ਜਾ ਚੁੱਕਾ ਹੈ। ਤੁਸੀਂ ਅੰਗਰੇਜ਼ੀ/ਹਿੰਦੀ ਦੀ ਸ਼ਾਇਦ ਹੀ ਕੋਈ ਕਿਤਾਬ ਅਜਿਹੀ ਲੱਭ ਸਕੋਗੇ, ਜਿਸ ਵਿੱਚ ਐਮਰਜੈਂਸੀ ਦਾ ਸਿੱਖ/ਪੰਜਾਬ ਜਾਂ ਅਕਾਲੀ ਪੱਖ/ਸਮਝ ਜਾਂ ਘੱਟੋ-ਘੱਟ ਠੋਸ ਬਿਆਨ ਹੀ ਸ਼ਾਮਲ ਕੀਤਾ ਗਿਆ ਹੋਏ। ਇਸ ਪੱਖ ਤੋਂ ਇਹ ਫਿਲਮ ਬਿਰਤਾਂਤ ਦਾ ਮਹਿਜ਼ ਇੱਕ ਹੋਰ ਨਮੂਨਾ ਹੈ, ਇਹੋ ਜੇ ਹੋਰ ਕਈ ਨਮੂਨੇ ਤੁਹਾਡੇ ਵਿਰੋਧ ਤੋਂ ਪਹਿਲਾਂ ਹੀ ਗੈਰ ਪੰਜਾਬੀ ਪੱਟੀ ਅੰਦਰ ਸਟੇਟ ਵੱਲੋਂ ਭਾਰੂ ਕਰਵਾ ਦਿੱਤੇ ਗਏ ਹਨ ਤੇ ਉਸ ਵਕਤ ਤੁਸੀਂ ਸਾਰੇ ਚੁੱਪ ਸੀ।

ਹੁਣ ਕੀ ਕੀਤਾ ਜਾਏ- ਸਵਾਲ ਇਹ ਹੈ ਕਿ ਕੀ ਅਜਿਹੀਆਂ ਫ਼ਿਲਮਾਂ ਜਾਂ ਘਟਨਾਵਾਂ ਦਾ ਵਿਰੋਧ ਨਾ ਕੀਤਾ ਜਾਏ ? ਬਿਲਕੁਲ ਕੀਤਾ ਜਾਏ। ਵਿਰੋਧ ਕਰਨਾ ਜ਼ਰੂਰੀ ਹੈ। ਪਰ ਇਸ ਅਧਾਰ 'ਤੇ ਕਿ ਵਿਰੋਧ ਸਿਰਫ਼ ਵਿਰੋਧ ਬਣ ਕੇ ਨਾ ਰਹਿ ਜਾਏ। ਸਾਡੇ ਵਿਰੋਧ ਵਿੱਚ ਬਿਰਤਾਂਤ ਭੰਨਣ ਦੀ ਸਮਰੱਥਾ ਹੋਏ ਤੇ ਉਹ ਬਿਰਤਾਂਤ ਪੰਜਾਬ ਜਾਂ ਸਿੱਖ ਮਾਨਸਿਕਤਾ ਨੂੰ ਧਿਆਨ ਵਿੱਚ ਰੱਖ ਕੇ ਨਾ ਸਿਰਜਿਆ ਜਾਂ ਪੇਸ਼ ਕੀਤਾ ਜਾਏ, ਬਲਕਿ ਜਿਸ ਸਮਾਜ ਤੇ ਲੋਕ ਮਨ ਲਈ ਨੇਸ਼ਨ/ਸਟੇਟ ਹੁਣ ਇਹ ਕਾਰਜ ਕਰਦੀ ਹੈ, ਉਨ੍ਹਾਂ ਨੂੰ ਮੁੱਖ ਰੱਖ ਕੇ ਕੀਤਾ ਜਾਏ।

# ਹਿਜ਼ਬੁਲਾ ਤੇ ਇਜ਼ਰਾਇਲ ਵਿਚਾਲੇ ਜੰਗ ਸ਼ੁਰੂ ?

## ਹਿਜ਼ਬੁੱਲਾ ਦੇ ਭਿਆਨਕ ਹਮਲਿਆਂ ਤੋਂ ਬਾਅਦ, ਇਜ਼ਰਾਈਲ 'ਚ ਐਮਰਜੈਂਸੀ ਲੱਗੀ, ਉਡਾਣਾਂ ਰੱਦ

ਇਜ਼ਰਾਇਲੀ ਫ਼ੌਜ ਨੇ ਐਲਾਨ ਕੀਤਾ ਹੈ ਕਿ ਉਸ ਨੇ ਲੇਬਨਾਨ ਸਥਿਤ ਲੜਾਕੂ ਸੰਗਠਨ ਹਿਜ਼ਬੁੱਲਾ ਦੇ ਟਿਕਾਣਿਆਂ 'ਤੇ ਹਮਲੇ ਸ਼ੁਰੂ ਕਰ ਦਿੱਤੇ ਹਨ। ਇਜ਼ਰਾਇਲੀ ਫ਼ੌਜ ਵੱਲੋਂ ਹਿਜ਼ਬੁੱਲਾ ਦੀ ਇਜ਼ਰਾਇਲੀ ਖੇਤਰ ਵੱਲ ਮਿਜ਼ਾਈਲਾਂ ਅਤੇ ਰਾਕੇਟ ਦਾਗੇ ਜਾਣ ਦੀ ਤਿਆਰੀ ਦਾ ਪਤਾ ਲੱਗਣ ਤੋਂ ਬਾਅਦ ਹਮਲਾ ਕਰਨ ਦਾ ਫੈਸਲਾ ਲਿਆ ਗਿਆ। ਇਜ਼ਰਾਇਲੀ ਫੌਜ ਵੱਲੋਂ ਚਿਤਾਵਨੀ ਦਿੱਤੀ ਗਈ ਹੈ ਕਿ ਹਿਜ਼ਬੁੱਲਾ ਵੱਲੋਂ ਕੀਤੀਆਂ ਗਈਆਂ ਕਾਰਵਾਈਆਂ ਨਾਲ ਤਣਾਅ ਵਧਣ ਅਤੇ ਵਿਆਪਕ ਖੇਤਰੀ ਸੰਘਰਸ਼ ਹੋਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਤਣਾਅਪੂਰਨ ਸਥਿਤੀ ਨੂੰ ਦੇਖਦੇ ਹੋਏ ਇਜ਼ਰਾਇਲ ਨੇ ਦੇਸ਼ ਵਿੱਚ ਐਮਰਜੈਂਸੀ ਲਗਾ ਦਿੱਤੀ ਹੈ। ਦੂਜੇ ਪਾਸੇ ਹਿਜ਼ਬੁੱਲਾ ਨੇ ਦਾਅਵਾ ਕੀਤਾ ਹੈ ਕਿ ਉਸਨੇ ਇਜ਼ਰਾਇਲ 'ਤੇ 320 ਰਾਕੇਟ ਦਾਗੇ, 11 ਉੱਤਰੀ ਇਜ਼ਰਾਇਲੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਨਾਲ ਹੀ ਕਈ ਵਿਸਫੋਟਕ ਨਾਲ ਭਰੇ ਡਰੋਨ ਵੀ ਸੁੱਟੇ ਸਨ। ਇਸ ਤੋਂ ਪਹਿਲਾਂ, ਹਿਜ਼ਬੁੱਲਾ ਨੇ ਕਿਹਾ ਸੀ ਕਿ ਉਹ ਪਿਛਲੇ ਮਹੀਨੇ ਇਜ਼ਰਾਇਲ ਵਲੋਂ ਹਮਲੇ ਵਿੱਚ ਆਪਣੇ ਫ਼ੌਜੀ ਕਮਾਂਡਰ ਫੁਆਦ ਸ਼ੁਕਰ ਦੀ ਹੱਤਿਆ ਦਾ ਜਵਾਬ ਦੇਵੇਗਾ। ਜਾਪਦਾ ਹੈ ਕਿ ਇਹ ਸ਼ੁਰੂਆਤ ਹੋ ਗਈ ਹੈ।




ਇਜ਼ਰਾਇਲੀ ਵਿਰੋਧੀ ਧਿਰ ਦੇ ਨੇਤਾ ਯੇਅਰ ਲੈਪਿਡ ਨੇ ਟਵੀਟ ਕੀਤਾ ਕਿ ਉਹ ਉੱਤਰੀ ਇਜ਼ਰਾਇਲ ਵਿੱਚ ਇਜ਼ਰਾਇਲ ਫ਼ੌਜ ਦੀ ਕਾਰਵਾਈ ਦਾ ਜ਼ੋਰਦਾਰ ਸਮਰਥਨ ਕਰਦਾ ਹੈ। ਦੂਜੇ ਪਾਸੇ ਹਿਜ਼ਬੁੱਲਾ ਨੇ ਕਿਹਾ ਹੈ ਕਿ ਉਸਨੇ ਬੇਰੂਤ ਵਿੱਚ ਆਪਣੇ ਇੱਕ ਸੀਨੀਅਰ ਕਮਾਂਡਰ ਦੀ ਹੱਤਿਆ ਦਾ ਬਦਲਾ ਲੈਣ ਲਈ ਇਜ਼ਰਾਇਲ ਦੇ ਖ਼ਿਲਾਫ਼ ਇੱਕ ਮਹੱਤਵਪੂਰਨ ਮਿਜ਼ਾਈਲ ਬੈਰਾਜ ਲਾਂਚ ਕੀਤਾ ਹੈ। ਗੋਲਾਨ ਹਾਈਟਸ ਵਿੱਚ ਮਿਜ਼ਾਈਲ ਹਮਲੇ ਵਿੱਚ 12 ਨੌਜਵਾਨਾਂ ਦੀ ਮੌਤ ਤੋਂ ਬਾਅਦ ਕਈ ਹ.ਫ਼ਤਿਆਂ ਤੋਂ ਜਾਰੀ ਇਜ਼ਰਾਇਲ ਅਤੇ ਹਿਜ਼ਬੁੱਲਾ ਦਰਮਿਆਨ ਤਣਾਅ ਹੁਣ ਜੰਗ ਵੱਲ ਵਧ ਰਿਹਾ ਹੈ। ਹਿਜ਼ਬੁੱਲਾ ਨੇ ਕਿਹਾ ਕਿ ਇਸ ਨੇ ਆਪਣੇ ਕਮਾਂਡਰ ਫੁਆਦ ਸ਼ੁਕਰ ਦੀ ਹੱਤਿਆ ਕਰਕੇ ਜਵਾਬ ਦਿਤਾ ਹੈ। ਹਿਜ਼ਬੁੱਲਾ ਦੇ ਮਿਜ਼ਾਈਲ ਹਮਲਿਆਂ ਦੇ ਜਵਾਬ ਵਿੱਚ ਇਜ਼ਰਾਈਲੀ ਜੈੱਟਾਂ ਨੇ ਲੇਬਨਾਨ ਵਿੱਚ ਕਈ ਟਿਕਾਣਿਆਂ 'ਤੇ ਹਮਲਾ ਕੀਤਾ ਹੈ। ਜਿਸ ਤੋਂ ਬਾਅਦ ਇਜ਼ਰਾਇਲ ਨੇ ਕੁਝ ਹਵਾਈ ਅੱਡਿਆਂ ਤੋਂ ਫਲਾਈਟਾਂ ਨੂੰ ਫਿਲਹਾਲ ਮੁਅੱਤਲ ਕਰਕੇ ਦੇਸ਼ ਵਿੱਚ ਐਮਰਜੈਂਸੀ ਲਗਾ ਦਿੱਤੀ ਹੈ। ਇਸ ਦੇ ਨਾਲ ਹੀ ਇਜ਼ਰਾਇਲ ਨੇ ਦੇਸ਼ ਦੇ ਨਾਗਰਿਕਾਂ ਨੂੰ ਚੌਕਸ ਰਹਿਣ ਲਈ ਕਿਹਾ ਹੈ। ਇਜ਼ਰਾਇਲ ਅਤੇ ਹਿਜ਼ਬੁੱਲਾ ਵਿਚਾਲੇ ਤਣਾਅ ਅਜਿਹੇ ਸਮੇਂ ਵਿੱਚ ਭੜਕਿਆ ਹੈ ਜਦੋਂ ਹਮਾਸ ਅਤੇ ਇਜ਼ਰਾਇਲ ਵਿਚਾਲੇ ਜੰਗਬੰਦੀ ਲਈ ਕਾਹਿਰਾ ਵਿੱਚ ਗੱਲਬਾਤ ਚੱਲ ਰਹੀ ਹੈ, ਜਿਸ ਦੇ ਅਨੁਸਾਰ ਇਜ਼ਰਾਇਲ ਅਤੇ ਹਮਾਸ ਵਿਚਕਾਰ ਕੈਦੀਆਂ ਅਤੇ ਨਜ਼ਰਬੰਦਾਂ ਦੀ ਅਦਲਾ-ਬਦਲੀ ਲਈ ਕਿਸੇ ਨੁਕਤੇ 'ਤੇ ਪਹੁੰਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ।

### ਅਮਰੀਕਾ ਅਤੇ ਇਜ਼ਰਾਇਲ ਵਿਚਕਾਰ ਗੱਲਬਾਤ

ਇਸ ਦੌਰਾਨ ਅਮਰੀਕੀ ਰੱਖਿਆ ਮੰਤਰੀ ਲੋਇਡ ਆਸਟਿਨ ਅਤੇ ਇਜ਼ਰਾਇਲ ਦੇ ਰੱਖਿਆ ਮੰਤਰੀ ਯੋਵ ਗੈਲੈਂਟ ਨੇ ਹਿਜ਼ਬੁੱਲਾ ਵੱਲੋਂ ਇਜ਼ਰਾਇਲ ਵਿਰੁੱਧ ਕੀਤੇ ਗਏ ਹਮਲਿਆਂ ਬਾਰੇ ਚਰਚਾ ਕੀਤੀ ਹੈ।

ਪੈਂਟਾਗਨ ਨੇ ਕਿਹਾ ਕਿ ਫੋਨ ਕਾਲ ਦੇ ਦੌਰਾਨ, ਅਮਰੀਕੀ ਰੱਖਿਆ ਮੰਤਰੀ ਆਸਟਿਨ ਨੇ ਇਜ਼ਰਾਇਲ ਦੀ ਸੁਰੱਖਿਆ ਲਈ ਸੰਯੁਕਤ ਰਾਜ ਦੇ ਮਹੱਤਵ 'ਤੇ ਜ਼ੋਰ ਦਿੱਤਾ ਅਤੇ ਖੇਤਰ ਵਿੱਚ ਇਰਾਨ ਜਾਂ ਉਸਦੇ ਸਹਿਯੋਗੀ ਅਤੇ ਪ੍ਰੌਕਸੀ ਦੁਆਰਾ ਕੀਤੀ ਗਈ ਕਿਸੇ ਵੀ ਹਮਲਾਵਰ ਕਾਰਵਾਈ ਦੇ ਵਿਰੁੱਧ ਆਪਣੀ ਰੱਖਿਆ ਕਰਨ ਦੇ ਅਧਿਕਾਰ ਨੂੰ ਮਾਨਤਾ ਦਿਤੀ। ਇਸ ਦੇ ਨਾਲ ਹੀ, ਇਜ਼ਰਾਇਲ ਦੀ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਦੇ ਬੁਲਾਰੇ ਸੀਨ ਸੇਵੇਟ ਨੇ ਕਿਹਾ ਹੈ ਕਿ ਉਨ੍ਹਾਂ ਦੇ ਨਿਰਦੇਸ਼ਾਂ 'ਤੇ, ਸੀਨੀਅਰ ਅਮਰੀਕੀ ਅਧਿਕਾਰੀ ਆਪਣੇ ਇਜ਼ਰਾਈਲੀ ਹਮਰੁਤਬਾ ਨਾਲ ਲਗਾਤਾਰ ਸੰਪਰਕ ਵਿੱਚ ਹਨ।

ਉਨ੍ਹਾਂ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਅਮਰੀਕਾ ਇਜ਼ਰਾਇਲ ਦੇ ਸਵੈ-ਰੱਖਿਆ ਦੇ ਅਧਿਕਾਰ ਦਾ ਸਮਰਥਨ ਕਰਨਾ ਜਾਰੀ ਰਖੇਗਾ।

ਯਾਦ ਰਹੇ ਕਿ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਲਈ ਉਮੀਦਵਾਰ ਵਜੋਂ ਪਿਛਲੇ ਹ.ਫ਼ਤੇ ਡੈਮੋਕਰੈਟਿਕ ਨੈਸ਼ਨਲ ਕਨਵੈਨਸ਼ਨ ਵਿੱਚ ਪ੍ਰਵਾਨਗੀ ਭਾਸ਼ਣ ਦਿੰਦਿਆਂ ਕਮਲਾ ਹੈਰਿਸ ਨੇ ਇਜ਼ਰਾਇਲ ਦੇ ਸਵੈ-ਰੱਖਿਆ ਦੇ ਅਧਿਕਾਰ ਨਾਲ ਹਮੇਸ਼ਾ ਖੜ੍ਹੇ ਰਹਿਣ ਦਾ ਅਹਿਦ ਲਿਆ ਸੀ।

ਦੂਜੇ ਪਾਸੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਆਪਣੇ ਸਾਰੇ ਨਿਸ਼ਾਨੇ ਰਾਸ਼ਟਰਪਤੀ ਜੋਅ ਬਾਇਡਨ 'ਤੇ ਸੇਧ ਰਹੇ ਹਨ ਅਤੇ ਨਾਲ ਹੀ ਚਿਤਾਵਨੀ ਦੇ ਰਹੇ ਹਨ ਕਿ ਤੀਜੀ ਆਲਮੀ ਜੰਗ ਬਹੁਤੀ ਦੂਰ ਨਹੀਂ ਹੈ। ਬਾਇਡਨ ਪ੍ਰਸ਼ਾਸਨ ਨੇ ਇਜ਼ਰਾਇਲ ਨੂੰ ਇੱਕ ਤੋਂ ਬਾਅਦ ਇੱਕ ਭੜਕਾਊ ਕਦਮ ਚੁੱਕਣ ਦੀ ਖੁੱਲ੍ਹ ਦਿੱਤੀ ਤੇ ਮਸਲਾ ਸੁਲਝਾਉਣ ਵਿੱਚ ਕੋਈ ਮਦਦ ਨਹੀਂ ਕੀਤੀ। ਸੰਯੁਕਤ ਰਾਜ ਅਤੇ ਯੂਰਪ ਦੇ ਡਿਪਲੋਮੈਟ ਪਿਛਲੇ ਕੁਝ ਹ.ਫ਼ਤਿਆਂ ਵਿੱਚ ਇਜ਼ਰਾਇਲ ਅਤੇ ਲੇਬਨਾਨ ਦੇ ਕਈ ਕੂਟਨੀਤਕ ਮਿਸ਼ਨਾਂ ਵਿੱਚ ਸ਼ਾਮਲ ਹੋਏ ਹਨ।

### ਕੀ ਹੈ ਹਿਜ਼ਬੁੱਲਾ ਦਾ ਇਤਿਹਾਸ ?

ਹਿਜ਼ਬੁੱਲਾ ਦੀ ਸਥਾਪਨਾ 1982 ਵਿੱਚ ਲੇਬਨਾਨ ਦੇ ਘਰੇਲੂ ਯੁੱਧ ਦੇ ਦੌਰਾਨ ਹੋਈ ਸੀ, ਜੋ 1975 ਤੋਂ 1990 ਤੱਕ ਚੱਲਿਆ ਸੀ। ਹਿਜ਼ਬੁੱਲਾ ਦੇ ਜਨਮ ਦੇ ਪਿੱਛੇ ਇਰਾਨ ਹੈ ਜੋ 1979 ਵਿੱਚ ਇਸਲਾਮੀ ਕ੍ਰਾਂਤੀ ਦੀ ਸਿਰਜਣਾ ਕਰ ਰਿਹਾ ਸੀ, ਤਾਂ ਜੋ ਇਜ਼ਰਾਇਲ ਦਾ ਮੁਕਾਬਲਾ ਕੀਤਾ ਜਾ ਸਕੇ। ਹਿਜ਼ਬੁੱਲਾ 'ਤੇ 1983 ਵਿੱਚ ਅਮਰੀਕੀ ਮਰੀਨ ਬੈਰਕਾਂ ਤੋਂ ਇਲਾਵਾ ਵਿਦੇਸ਼ੀ ਟਿਕਾਣਿਆਂ 'ਤੇ ਬੰਬ ਧਮਾਕਿਆਂ ਸਹਿਤ ਲਗਾਤਾਰ ਹਮਲੇ ਕਰਨ ਦਾ ਦੋਸ਼ ਹੈ। ਇਸ ਨੂੰ ਇਰਾਨ ਦਾ ਪੂਰਾ ਸਮਰਥਨ ਹੈ। ਇਰਾਨ ਇਸ ਨੂੰ ਹਥਿਆਰਾਂ ਨਾਲ ਸਿਖਲਾਈ ਦਿੰਦਾ ਹੈ। ਲੇਬਨਾਨ ਦੇ ਅੰਦਰ ਇਸਦਾ ਬਹੁਤ ਪ੍ਰਭਾਵ ਹੈ। ਅਮਰੀਕਾ ਸਮੇਤ ਕਈ ਪੱਛਮੀ ਸਰਕਾਰਾਂ ਇਸ ਨੂੰ ਜਿਹਾਦੀ ਸੰਗਠਨ ਮੰਨਦੀਆਂ ਹਨ। ਲੇਬਨਾਨ ਵਿੱਚ, ਇਸਦੇ ਮੈਂਬਰ ਸਰਕਾਰ ਦਾ ਹਿੱਸਾ ਹਨ ਅਤੇ ਸੰਸਦ ਵਿੱਚ ਦਰਜਨਾਂ ਸੰਸਦ ਮੈਂਬਰ ਹਨ।

**ਹਿਜ਼ਬੁੱਲਾ ਕਿੰਨਾ ਸ਼ਕਤੀਸ਼ਾਲੀ ਹੈ ?**

ਇਜ਼ਰਾਇਲ ਕੋਲ ਹਿਜ਼ਬੁੱਲਾ ਨਾਲੋਂ ਬਹੁਤ ਵਧੀਆ ਫ਼ੌਜ ਹੈ। ਜਦੋਂ ਕਿ ਹਿਜ਼ਬੁੱਲਾ ਕੋਲ 500 ਕਿਲੋਮੀਟਰ ਤੱਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਹਨ।

**(ਬਾਕੀ ਸਫ਼ਾ 30 'ਤੇ)**

# ਕਮਲਾ ਹੈਰਿਸ ਦੇ ਚੋਣ ਜਿੱਤਣ ਦੀ 52 ਫ਼ੀਸਦੀ ਸੰਭਾਵਨਾ

## ਨੌਜਵਾਨਾਂ ਵਿੱਚ ਵਧੀ ਕਮਲਾ ਦੀ ਲੋਕਪ੍ਰਿਯਤਾ



ਅਮਰੀਕੀ ਰਾਸ਼ਟਰਪਤੀ ਚੋਣ ਵਿੱਚ ਡੈਮੋਕ੍ਰੇਟਿਕ ਉਮੀਦਵਾਰ ਕਮਲਾ ਹੈਰਿਸ ਅਤੇ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਦੇ ਵਿਚਾਲੇ ਮੁਕਾਬਲੇ ਦੀ ਤਸਵੀਰ ਕੁਝ ਹੱਦ ਤਕ ਸਾਫ਼ ਹੋ ਗਈ ਹੈ। ਬਾਇਡਨ ਦੇ ਹਟਣ ਤੋਂ ਬਾਅਦ ਹੁਣ ਹੈਰਿਸ, ਟਰੰਪ ਨੂੰ ਸਖ਼ਤ ਟੱਕਰ ਦੇਣ ਦੀ ਸਥਿਤੀ ਵਿੱਚ ਹੈ। ਟਰੰਪ ਬਜ਼ੁਰਗ ਹਨ। ਉਹ ਆਪਣੇ ਗੈਰਜ਼ਿੰਮੇਵਾਰਾਨਾਂ ਬਿਆਨਾਂ ਨਾਲ ਵੋਟਰਾਂ ਨੂੰ ਦੂਰ ਕਰਦੇ ਹਨ। ਫ਼ਿਰ ਵੀ, ਹੈਰਿਸ ਨੂੰ ਕਾਫ਼ੀ ਕੁਝ ਕਰਨ ਦੀ ਲੋੜ ਹੈ। ਵਿਦੇਸ਼ ਅਤੇ ਆਰਥਿਕ ਨੀਤੀਆਂ ਦੇ ਮਾਮਲੇ ਵਿੱਚ ਉਹਨਾਂ ਦੀ ਸਥਿਤੀ ਬਹੁਤੀ ਸਪੱਸ਼ਟ ਨਹੀਂ ਹੈ। ਉਹ ਨੀਤੀਆਂ ਦੇ ਮਾਮਲੇ ਵਿੱਚ ਬਾਈਡਨ ਦੇ ਰਸਤੇ ’ਤੇ ਚਲ ਰਹੀ ਹੈ।

ਕੁਝ ਹਫ਼ਤੇ ਪਹਿਲਾਂ ਲੱਗ ਰਿਹਾ ਸੀ ਕਿ ਸ਼ਿਕਾਗੋ ਵਿੱਚ 19 ਤੋਂ 22 ਅਗਸਤ ਤੱਕ ਹੋਣ ਵਾਲਾ ਡੈਮੋਕ੍ਰੇਟਿਕ ਪਾਰਟੀ ਦਾ ਸੰਮੇਲਨ ਰਸਮ ਅਦਾਇਗੀ ਸਾਬਤ ਹੋਵੇਗਾ ਪਰ ਅਜਿਹਾ ਨਹੀਂ ਹੋਇਆ ਹੈ। ਸੰਮੇਲਨ ਵਿੱਚ ਪ੍ਰਤੀਨਿਧੀਆਂ ਦਾ ਜੋਸ਼ ਉਬਾਲੇ ਮਾਰ ਰਿਹਾ ਸੀ। ਉਹ ਮਹਿਸੂਸ ਕਰ ਰਹੇ ਸਨ ਕਿ ਕਮਲਾ ਨੇ ਉਹਨਾਂ ਨੂੰ ਲਗਭਗ ਨਿਸ਼ਚਿਤ ਹਾਰ ਤੋਂ ਬਚਾਅ ਲਿਆ ਹੈ। ਇਕੋਨਾਮਿਸਟ ਦੇ ਫ਼ੋਰਕਾਸਟ ਮਾਡਲ ਵਿੱਚ ਹੈਰਿਸ ਦੇ ਰਾਸ਼ਟਰਪਤੀ ਚੁਣੇ ਜਾਣ ਦੀ ਸੰਭਾਵਨਾ 52 ਫ਼ੀਸਦੀ ਹੈ। ਸੰਮੇਲਨ ਨੂੰ ਹੈਰਿਸ ਦੇ ਚਰਿੱਤਰ ਅਤੇ ਜਿੰਦਗੀ ’ਤੇ ਕੇਂਦਰਿਤ ਰੱਖਿਆ ਗਿਆ। ਉਹਨਾਂ ਦੇ ਕੋਲ ਆਪਣੀ ਸ਼ਖਸੀਅਤ ਦੇ ਆਲੇ ਦੁਆਲੇ ਚੋਣ ਮੁਹਿੰਮ ਖੜੀ ਕਰਨ ਦਾ ਕਾਰਨ ਵੀ ਹੈ। ਨੀਤੀਆਂ ਉਹਨਾਂ ਦੇ ਲਈ ਮੁਸ਼ਕਿਲ ਵੀ ਸਾਬਤ ਹੋ ਸਕਦੀਆਂ ਹਨ। ਟਰੰਪ ਦੇ ਸਾਹਮਣੇ ਚਰਿੱਤਰ ਜ਼ਿਆਦਾ ਮਾਇਨੇ ਰੱਖਦਾ ਹੈ।

ਸਿਆਸੀ ਰੂਪ ਵਿੱਚ ਹੈਰਿਸ ਅਨਜਾਣ ਵਰਗੀ ਹੈ। ਸਾਬਕਾ ਉਪ ਰਾਸ਼ਟਰਪਤੀਆਂ ਦੀ ਤਰ੍ਹਾਂ ਉਹ ਵੀ ਬਾਇਡਨ ਪ੍ਰਸ਼ਾਸਨ ਵਿੱਚ ਪਰਦੇ ਦੇ ਪਿੱਛੇ ਰਹੀ ਹੈ। ਬਾਈਡੇਨ ਦੇ ਹਟਣ ਤੋਂ ਬਾਅਦ ਉਹਨਾਂ ਨੇ ਘੱਟ ਇੰਟਰਵਿਊ ਦਿੱਤੇ ਹਨ। ਉਹਨਾਂ ਦੀਆਂ ਨੀਤੀਆਂ ਦਾ ਖਾਕਾ ਬਾਇਡਨ ਤੋਂ ਵਿਰਾਸਤ ਵਿੱਚ ਲਿਆ ਗਿਆ ਹੈ। ਇਸ ਮਾਮਲੇ ਵਿੱਚ ਉਹ ਟਰੰਪ ਤੋਂ ਵੀ ਕਮਜ਼ੋਰ ਹਨ। ਜਦੋਂ ਉਹ ਮਹਿੰਗਾਈ ਰੋਕਣ ਦੀ ਗੱਲ ਕਰਦੀ ਹੈ ਤਾਂ ਇਹ ਉਹਨਾਂ ਦੀ ਸਿਆਸੀ ਆਸਥਾ ਦਾ ਇਜ਼ਹਾਰ ਨਹੀਂ ਹੈ। ਇਹ ਮਹਿੰਗਾਈ ਤੋਂ ਚਿੰਤਤ ਵੋਟਰਾਂ ਨੂੰ ਖੁਸ਼ ਕਰਨ ਦਾ ਚੋਣ ਪੈਂਤਰਾ ਲੱਗਦਾ ਹੈ। ਅਰਥ ਵਿਵਸਥਾ ਅਤੇ ਵਿਦੇਸ਼ੀ ਮਾਮਲਿਆਂ ਵਿੱਚ ਹੈਰਿਸ ਦੀਆਂ ਨੀਤੀਆਂ ਸਥਿਰ ਨਹੀਂ ਲੱਗਦੀਆਂ ਹਨ। ਉਹਨਾਂ ਦੇ ਲਈ ਮੁੱਲ ਵਾਧਾ ਰੋਕਣ ਦੇ ਪ੍ਰਸਤਾਵਾਂ ’ਤੇ ਅਮਲ ਕਰਨਾ ਮੁਸ਼ਕਿਲ ਹੋਵੇਗਾ।

ਰਾਸ਼ਟਰਪਤੀ ਨੂੰ ਹਰ ਦਿਨ ਰਾਜਨੀਤਿਕ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ। ਇਸ ਵਿੱਚ ਹੈਰਿਸ ਦੀ ਕਮਜ਼ੋਰੀ ਅਤੇ ਖਰਾਬ ਆਈਡੀਆ ਭਾਰੀ ਪੈ ਸਕਦੇ ਹਨ। ਮਨਮਾਨੀ ਮਹਿੰਗਾਈ ਦੇ ਦਾਅਵੇ ਦੇ ਸਬੂਤ ਘੱਟ ਹਨ। ਇਸ ਦੇ ਨਾਲ ਅਮਰੀਕਾ ਨੂੰ ਮਜ਼ਬੂਤ ਬਣਾਉਣ ਵਾਲੀਆਂ ਖੁੱਲ੍ਹੇ ਬਾਜ਼ਾਰ ਦੀਆਂ ਨੀਤੀਆਂ ਨੂੰ ਨੁਕਸਾਨ ਹੋਵੇਗਾ। ਪਹਿਲੀ ਵਾਰ ਮਕਾਨ ਖਰੀਦਣ ਵਾਲਿਆਂ ਨੂੰ 20 ਲੱਖ ਰੁਪਏ ਦੀ ਸਬਸਿਡੀ ਦੀ ਯੋਜਨਾ ਦੀ ਸਫ਼ਲਤਾ ਮਕਾਨਾਂ ਦੀ ਪੂਰੀ ਸਪਲਾਈ ਨਾਲ ਹੀ ਕਾਮਯਾਬ ਹੋਵੇਗੀ। ਬੱਚਿਆਂ ਨੂੰ ਟੈਕਸ ਛੂਟ ਨਾਲ ਗਰੀਬੀ ਘੱਟ ਹੋਵੇਗੀ ਪਰ ਅਮਰੀਕਾ ਦਾ ਘਾਟਾ ਜੀਡੀਪੀ ਦਾ 7 ਫ਼ੀਸਦੀ ਹੈ। ਟੈਕਸ ਲਗਾਉਣ ਨਾਲ ਮਹਿੰਗਾਈ ਵਧੇਗੀ। ਹੈਰਿਸ ਜੇ ਨੀਤੀਆਂ ਨੂੰ ਸਪਸ਼ਟ ਰੂਪ ਵਿੱਚ ਸਾਹਮਣੇ ਰਖਦੀ ਹੈ ਤਾਂ ਉਹਨਾਂ ਨੂੰ ਫ਼ਾਇਦਾ ਹੋਵੇਗਾ। ਹੈਰਿਸ ਦੇ ਪੱਖ ਵਿੱਚ ਡੈਮੋਕ੍ਰੇਟਿਕ ਪਾਰਟੀ ਦੇ ਨੌਜਵਾਨਾਂ ਨੇ ਜਬਰਦਸਤ ਮੁਹਿੰਮ ਚਲਾ ਰੱਖੀ ਹੈ। ਉਥੇ ਡੈਮੋਕ੍ਰੇਟਿਕ ਸੰਮੇਲਨ ਵਿੱਚ ਸਾਬਕਾ ਰਾਸ਼ਟਰਪਤੀ ਓਬਾਮਾ ਅਤੇ ਮਿਸ਼ੇਲ ਓਬਾਮਾ ਨੇ ਪਾਰਟੀ ਦੇ ਲੋਕਾਂ ਨੂੰ ਕਿਹਾ ਕਿ ਚੋਣਾਂ ਵਿੱਚ ਸਖ਼ਤ ਟੱਕਰ ਹੋਵੇਗੀ। ਕੁਝ ਰਾਜਾਂ ਵਿੱਚ ਬਹੁਤ ਘੱਟ ਅੰਤਰ ਨਾਲ ਚੋਣ ਦਾ ਫ਼ੈਸਲਾ ਹੋਵੇਗਾ। ਇਸ ਲਈ ਸਾਨੂੰ ਅਗਲੇ ਢਾਈ ਮਹੀਨੇ ਆਪਣੇ ਹਰ ਸਮਰਥਕ ਦੀ ਵੋਟ ਪੱਕੀ ਕਰਨੀ ਹੋਵੇਗੀ।

**ਚੋਣ ਮੁਹਿੰਮ ’ਤੇ ਹਰ ਮਹੀਨੇ 2500 ਕਰੋੜ ਖਰਚ :** ਡੈਮੋਕ੍ਰੇਟਿਕ ਪਾਰਟੀ ਕਮਲਾ ਹੈਰਿਸ ਦੀ ਤੁਲਨਾ ਦੋ ਵਾਰ ਰਾਸ਼ਟਰਪਤੀ ਰਹੇ ਬਰਾਕ ਓਬਾਮਾ ਨਾਲ ਕਰਨ ਲੱਗ ਪਈ ਹੈ। ਉਮੀਦਵਾਰ ਬਣਨ ਤੋਂ ਬਾਅਦ ਸਰਵੇਖਣਾਂ ਵਿੱਚ ਕਮਲਾ ਹੈਰਿਸ ਦੀ ਲੋਕਪ੍ਰਿਯਤਾ ਲਗਾਤਾਰ ਵਧੀ ਹੈ। ਹੈਰਿਸ ਨੇ ਆਰਥਿਕ ਨੀਤੀਆਂ ਦਾ ਕੁਝ ਬਿਉਰਾ ਦਿੱਤਾ ਹੈ। ਵਿਦੇਸ਼ ਨੀਤੀ ਦੇ ਮਾਮਲੇ ਵਿੱਚ ਤਸਵੀਰ ਧੁੰਦਲੀ ਹੈ। ਕਮਲਾ ਹੈਰਿਸ ਦੀ ਚੋਣ ਮੁਹਿੰਮ ਵਿੱਚ ਪਿਛਲੇ ਇੱਕ ਮਹੀਨੇ ਵਿੱਚ 2500 ਕਰੋੜ ਰੁਪਏ ਖਰਚ ਕੀਤੇ ਗਏ ਹਨ। ਉਹ ਇਜ਼ਰਾਇਲ ਦੀ ਆਤਮਰੱਖਿਆ ਦੇ ਅਧਿਕਾਰ ਦਾ ਸਮਰਥਨ ਕਰਦੀ ਹੈ ਪਰ ਗ਼ਾਜ਼ਾ ਵਿੱਚ ਮਨੁੱਖ ਅਧਿਕਾਰਾਂ ਦੀ ਰੱਖਿਆ ਦੇ ਪੱਖ ਵਿੱਚ ਹੈ। ਚੀਨ ਦੇ ਮਾਮਲੇ ਵਿੱਚ ਖ਼ਾਮੋਸ਼ ਹੈ।

## ਟਰੰਪ ਗ਼ੈਰਜ਼ਿੰਮੇਵਾਰ, ਉਹ ਰਾਸ਼ਟਰਪਤੀ ਬਣੇ ਤਾਂ ਅਮਰੀਕਾ ਭੁਗਤੇਗਾ ਗੰਭੀਰ ਨਤੀਜੇ: ਕਮਲਾ

ਸ਼ਿਕਾਗੋ/ਏ.ਟੀ.ਨਿਊਜ਼: ਅਮਰੀਕਾ ਵਿੱਚ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿੱਚ 70 ਦਿਨਾਂ ਤੋਂ ਘੱਟ ਸਮਾਂ ਬਚਿਆ ਹੈ। ਸ਼ਿਕਾਗੋ ਵਿੱਚ ਆਯੋਜਿਤ ਡੈਮੋਕ੍ਰੇਟਿਵ ਨੈਸ਼ਨਲ ਕਨਵੈਨਸ਼ਨ ਦੇ ਆਖਰੀ ਦਿਨ 25 ਹਜ਼ਾਰ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ’ਤੇ ਜ਼ੋਰਦਾਰ ਹਮਲਾ ਬੋਲਿਆ ਅਤੇ ਉਹਨਾਂ ਨੂੰ ਲਾਪਰਵਾਹ ਵਿਅਕਤੀ ਦੱਸਿਆ। ਕਮਲਾ ਨੇ ਚਿਤਾਵਨੀ ਦਿੱਤੀ ਹੈ ਕਿ ਗੈਰ ਜ਼ਿੰਮੇਵਾਰ ਟਰੰਪ ਨੂੰ ਵਾਈਟ ਹਾਊਸ ਵਿੱਚ ਵਾਪਸ ਲਿਆਉਣ ਦੇ ਨਤੀਜੇ ਗੰਭੀਰ ਹੋਣਗੇ। ਟਰੰਪ ਨੇ 2020 ਚੋਣਾਂ ਦੇ ਨਤੀਜਿਆਂ ਨੂੰ ਬਦਲਣ ਦੀ ਕੋਸ਼ਿਸ਼ ਕੀਤੀ, ਉਹਨਾਂ ਹਿੰਸਾ ਕਰਵਾਈ। ਉਹਨਾਂ ਦੇ ਇਰਾਦੇ ਲੋਕਤੰਤਰੀ ਸੰਸਥਾਵਾਂ ਨੂੰ ਕਮਜ਼ੋਰ ਕਰਨ ਵਾਲੇ ਹਨ। ਕਮਲਾ ਹੈਰਿਸ ਨੇ ਕਿਹਾ ਕਿ ਮੈਂ ਸਾਰੇ ਅਮਰੀਕੀ ਨਾਗਰਿਕਾਂ ਦਾ ਰਾਸ਼ਟਰਪਤੀ ਬਣਨ ਦਾ ਵਾਅਦਾ ਕਰਦੀ ਹਾਂ। ਦੇਸ਼ ਨੂੰ ਅੱਗੇ ਲੈ ਕੇ ਜਾਣ ਦੇ ਲਈ ਤੁਸੀਂ ਮੇਰੇ ਤੇ ਭਰੋਸਾ ਕਰ ਸਕਦੇ ਹੋ। ਮੈਂ ਦੇਸ਼ ਨੂੰ ਜੋੜਨ ਵਾਲੀ ਰਾਸ਼ਟਰਪਤੀ ਬਣੂੰਗੀ। ਇੱਕ ਅਜਿਹੀ ਰਾਸ਼ਟਰਪਤੀ, ਜੋ ਪੜ੍ਹ ਅਤੇ ਸੁਣ ਸਕਦੀ ਹੈ, ਇੱਕ ਅਜਿਹੀ ਰਾਸ਼ਟਰਪਤੀ ਜਿਸਦੇ ਕੋਲ ਕਾਮਨਸੇਂਸ ਹੋਵੇਗਾ।

**ਕਮਲਾ ਦੇ ਹਮਲੇ, ਟਰੰਪ ਦਾ ਪਲਟਵਾਰ**

ਕਮਲਾ ਨੇ ਆਪਣੇ ਭਾਸ਼ਣ ਵਿੱਚ ਟਰੰਪ ਨੂੰ ਗੈਰ ਜ਼ਿੰਮੇਵਾਰ ਵਿਅਕਤੀ ਕਿਹਾ, ਇਸ ਦੇ ਉੱਤਰ ਵਿੱਚ ਟਰੰਪ ਨੇ ਕਿਹਾ ਮੈਂ ਕਾਮਰੇਡ ਕਮਲਾ ਦੀ ਆਲੋਚਨਾ ਕਰਨ ਦੇ ਲਈ ਤਿਆਰ ਹੋ ਰਿਹਾ ਹਾਂ। ਕਮਲਾ ਦੇ ਵੱਲੋਂ ਆਪਣੇ ਪਰਿਵਾਰ ਅਤੇ ਬਚਪਣ ਦਾ ਜ਼ਿਕਰ ਕਰਨ ’ਤੇ ਟਰੰਪ ਨੇ ਕਿਹਾ ਕਿ ਬਚਪਣ ਦੇ ਬਾਰੇ ਵਿੱਚ ਏਨੀਆਂ ਸਾਰੀਆਂ ਗੱਲਾਂ? ਅਸੀਂ ਬਾਰਡਰ, ਮਹਿੰਗਾਈ ਅਤੇ ਅਪਰਾਧ ਵਰਗੇ ਮੁੱਦਿਆਂ ’ਤੇ ਵੀ ਗੱਲ ਕਰਨੀ ਹੈ।

ਹੈਰਿਸ ਨੇ ਯੂਕ੍ਰੇਨ ਅਤੇ ਨਾਟੋ ਨੂੰ ਹਮਾਇਤ ਦਿੱਤੀ ਅਤੇ ਕਿਹਾ ਕਿ ਰਾਸ਼ਟਰਪਤੀ ਬਣਨ ਤੋਂ ਬਾਅਦ ਮੈਂ ਯੂਕ੍ਰੇਨ ਅਤੇ ਨਾਟੋ ਦੇ ਹੱਕ ਵਿੱਚ ਖੜੀ ਰਹਾਂਗੀ।

(ਬਾਕੀ ਸਫ਼ਾ 31 ’ਤੇ)

# 21ਵੀਂ ਸਦੀ ਦੀ ਮੁਕਾਬਲੇਬਾਜ਼ੀ ’ਚ ਚੀਨ ਨਹੀਂ, ਅਮਰੀਕਾ ਦੀ ਜਿੱਤ ਹੋਵੇ : ਹੈਰਿਸ

ਸ਼ਿਕਾਗੋ/ਏ.ਟੀ.ਨਿਊਜ਼: ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਕਿਹਾ ਕਿ ਜੇਕਰ ਉਹ ਅਮਰੀਕਾ ਦੀ ਰਾਸ਼ਟਰਪਤੀ ਚੁਣੀ ਜਾਂਦੀ ਹੈ ਤਾਂ ਉਹ ਯਕੀਨੀ ਬਣਾਏਗੀ ਕਿ ‘21ਵੀਂ ਸਦੀ ਦੇ ਮੁਕਾਬਲੇ’ ’ਚ ਚੀਨ ਨਹੀਂ ਸਗੋਂ ਅਮਰੀਕਾ ਦੀ ਜਿੱਤ ਹੋਵੇ ਅਤੇ ਦੁਨੀਆਂ ਦੀ ਲੀਡਰਸ਼ਿਪ ਕਰਨ ਦੀ ਉਸ ਦੀ ਭੂਮਿਕਾ ਮਜ਼ਬੂਤ ਹੋਵੇ। ਹੈਰਿਸ ਨੇ ਨਵੰਬਰ ’ਚ ਹੋਣ ਵਾਲੀ ਰਾਸ਼ਟਰਪਤੀ ਅਹੁਦੇ ਦੀ ਚੋਣ ’ਚ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰੀ ਵੀਰਵਾਰ ਰਾਤ ਰਸਮੀ ਤੌਰ ’ਤੇ ਪ੍ਰਵਾਨ ਕਰ ਲਈ। ਚੋਣਾਂ ’ਚ ਹੈਰਿਸ ਅਤੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟ੍ਰੰਪ ਦਰਮਿਆਨ ਸਖਤ ਟੱਕਰ ਹੈ।

ਭਾਰਤੀ-ਅਫਰੀਕੀ ਮੂਲ ਦੀ ਹੈਰਿਸ ਨੇ ਸ਼ਿਕਾਗੋ ’ਚ ‘ਡੈਮੋਕ੍ਰੇਟਿਕ ਨੈਸ਼ਨਲ ਕਨਵੈਂਸ਼ਨ’ ਦੌਰਾਨ ਉਮੀਦਵਾਰੀ ਪ੍ਰਵਾਨ ਕੀਤੀ ਅਤੇ ਇਸ ਦੇ ਨਾਲ ਉਹ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਬਣਨ ਵਾਲੀ ਡੈਮੋਕ੍ਰੇਟਿਕ ਪਾਰਟੀ ਦੀ ਦੂਜੀ ਮਹਿਲਾ ਆਗੂ ਬਣ ਗਈ। ਹੈਰਿਸ ਅਮਰੀਕਾ ’ਚ ਰਾਸ਼ਟਰਪਤੀ ਅਹੁਦੇ ਲਈ ਕਿਸੇ ਪ੍ਰਮੁੱਖ ਪਾਰਟੀ ਦੀ ਉਮੀਦਵਾਰ ਬਣਨ ਵਾਲੀ ਪਹਿਲੀ ਭਾਰਤੀ-ਅਮਰੀਕੀ ਅਤੇ ਪਹਿਲੀ ਗੈਰ-ਗੋਰੀ ਮਹਿਲਾ ਹਨ। ਸ਼ਿਕਾਗੋ ਦੇ ‘ਯੂਨਾਇਟਿਡ ਸੈਂਟਰ ’ਚ ਉਮੀਦਵਾਰੀ ਪ੍ਰਵਾਨ ਕਰਨ ਲਈ ਮੰਚ ’ਤੇ ਆਈ ਹੈਰਿਸ ਨੇ ਕਿਹਾ ਕਿ ਉਹ ‘ਮੌਕਾ ਆਧਾਰਿਤ ਅਜਿਹੀ



ਅਰਥਵਿਵਸਥਾ’ ਬਣਾਵੇਗੀ ਜਿਥੇ ਹਰ ਕਿਸੇ ਨੂੰ ਮੁਕਾਬਲਾ ਕਰਨ ਅਤੇ ਸਫਲ ਹੋਣ ਦਾ ਮੌਕਾ ਮਿਲੇਗਾ।

ਹੈਰਿਸ (59) ਨੇ ਕਿਹਾ ਕਿ ਮੈਂ ਇਹ ਯਕੀਨੀ ਬਣਾਵਾਂਗੀ ਕਿ ਅਸੀਂ ਪੁਲਿਸ ਅਤੇ ਬਨਾਉਟੀ ਸਿਆਣਪ ਦੇ ਖੇਤਰ ’ਚ ਵਿਸ਼ਵ ਦੀ ਲੀਡਰਸ਼ਿਪ ਕਰੇ ਅਤੇ 21ਵੀਂ ਸਦੀ ਦੀ ਮੁਕਾਬਲੇਬਾਜ਼ੀ ’ਚ ਚੀਨ ਨਹੀਂ ਸਗੋਂ ਅਮਰੀਕਾ ਦੀ ਜਿੱਤ ਹੋਵੇ ਅਤੇ ਅਸੀਂ ਦੁਨੀਆਂ ਦੀ ਅਗਵਾਈ ਕਰਨ ਵਾਲੇ ਦੇਸ਼ ਦੇ ਤੌਰ ’ਤੇ ਆਪਣੀ ਭੂਮਿਕਾ ਨੂੰ ਛੱਡਣ ਦੀ ਬਜਾਏ ਉਸ ਨੂੰ ਮਜ਼ਬੂਤ ਕਰੀਏ। ਉਨ੍ਹਾਂ ਨੇ ਕਿਹਾ ਕਿ ਤੁਸੀਂ ਭਾਵੇਂ ਦਿਹਾਤੀ ਖੇਤਰ ’ਚ ਰਹਿੰਦੇ ਹੋ, ਛੋਟੇ ਸ਼ਹਿਰ ’ਚ ਜਾਂ ਵੱਡੇ ਸ਼ਹਿਰ ’ਚ... ਰਾਸ਼ਟਰਪਤੀ ਵਜੋਂ, ਮੈਂ ਕਿਰਤੀਆਂ ਅਤੇ ਮੁਲਾਜ਼ਮਾਂ, ਛੋਟੇ ਕਾਰੋਬਾਰ ਦੇ ਮਾਲਕਾਂ ਅਤੇ ਉੱਦਮੀਆਂ ਅਤੇ ਅਮਰੀਕੀ ਕੰਪਨੀਆਂ ਨੂੰ ਇਕੱਠੇ ਲਿਆਵਾਂਗੀ, ਤਾਂ ਕਿ ਨੌਕਰੀਆਂ ਪੈਦਾ ਕੀਤੀਆਂ ਜਾ ਸਕਣ।

ਮੈਂ ਸਾਡੀ ਅਰਥਵਿਵਸਤਾ ਦਾ ਵਿਸਤਾਰ ਕਰਾਂਗੀ ਅਤੇ ਸਿਹਤ ਸੇਵਾ, ਰਿਹਾਇਸ਼ ਅਤੇ ਕਰਿਆਨੇ ਦਾ ਸਾਮਾਨ ਵਰਗੀਆਂ ਰੋਜ਼ਾਨਾ ਵਰਤੋਂ ਹੋਣ ਵਾਲੀਆਂ ਚੀਜ਼ਾਂ ਦੀ ਲਾਗਤ ਘੱਟ ਕਰਾਂਗੀ।” ਹੈਰਿਸ ਨੇ ਟ੍ਰੰਪ ’ਤੇ ਨਿਸ਼ਾਨੇ ਵਿੰਨਦੇ ਹੋਏ ਕਿਹਾ ਕਿ ਉਹ ਮੱਧ ਵਰਗ ਲਈ ਨਹੀਂ ਸਗੋਂ ਆਪਣੇ ਅਤੇ ਆਪਣੇ ਅਰਬਪਤੀ ਦੋਸਤਾਂ ਲਈ ਚੋਣਾਂ ਲੜਦੇ ਹਨ। ਉਨ੍ਹਾਂ ਨੇ ਇਮੀਗ੍ਰੇਸ਼ਨ ਪ੍ਰਣਾਲੀ ’ਚ ਸੁਧਾਰ ਦਾ ਵੀ ਸੱਦਾ ਦਿੱਤਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਮਰੀਕਾ, ਕੈਨੇਡਾ 'ਚ ਪ੍ਰਵਾਸ ਨੂੰ ਰੋਕਣ ਲਈ ਬ੍ਰਾਜ਼ੀਲ ਨੇ ਚੁੱਕਿਆ ਸਖ਼ਤ ਕਦਮ

ਸਾਓ ਪਾਓਲੋ /ਏ.ਟੀ.ਨਿਊਜ਼: ਬ੍ਰਾਜ਼ੀਲ ਉਨ੍ਹਾਂ ਏਸ਼ੀਆਈ ਨਾਗਰਿਕਾਂ ਦੇ ਦਾਖਲੇ 'ਤੇ ਪਾਬੰਦੀ ਲਗਾਉਣ ਜਾ ਰਿਹਾ ਹੈ ਜੋ ਅਮਰੀਕਾ ਅਤੇ ਕੈਨੇਡਾ ਜਾਣ ਲਈ ਇਸ ਦੱਖਣੀ ਅਮਰੀਕੀ ਦੇਸ਼ ਦੀ ਵਰਤੋਂ ਕਰਦੇ ਹਨ। ਇੱਥੇ ਨਿਆਂ ਮੰਤਰਾਲੇ ਦੇ ਪ੍ਰੈਸ ਦਫ਼ਤਰ ਨੇ ਇਹ ਜਾਣਕਾਰੀ ਦਿੱਤੀ। ਇੱਕ ਅਧਿਕਾਰਤ ਦਸਤਾਵੇਜ਼ ਅਨੁਸਾਰ ਹਵਾਈ ਅੱਡੇ 'ਤੇ ਸ਼ਰਣ ਲਈ 70 ਪ੍ਰਤੀਸ਼ਤ ਤੋਂ ਵੱਧ ਬੇਨਤੀਆਂ ਭਾਰਤੀ, ਨੇਪਾਲੀ ਜਾਂ ਵੀਅਤਨਾਮੀ ਨਾਗਰਿਕਤਾ ਦੇ ਲੋਕਾਂ ਦੁਆਰਾ ਆਉਂਦੀਆਂਹਨ। ਬਾਕੀ 30 ਫ਼ੀਸਦੀ ਸ਼ਰਣ ਮੰਗਣ ਵਾਲੇ ਸੋਮਾਲੀਆ, ਕੈਮਰੂਨ, ਘਾਨਾ ਅਤੇ ਇਥੋਪੀਆ ਦੇ ਹਨ।

**ਏਸ਼ੀਆਈ ਦੇਸ਼ਾਂ ਦੇ ਪ੍ਰਵਾਸੀਆਂ 'ਤੇ ਅਸਰ**

ਇਸ ਕਦਮ ਨਾਲ ਏਸ਼ੀਆਈ ਦੇਸ਼ਾਂ ਦੇ ਪ੍ਰਵਾਸੀਆਂ 'ਤੇ ਅਸਰ ਪਵੇਗਾ, ਜਿਨ੍ਹਾਂ ਨੂੰ ਬ੍ਰਾਜ਼ੀਲ 'ਚ ਰਹਿਣ ਲਈ ਵੀਜ਼ਾ ਦੀ ਲੋੜ ਹੁੰਦੀ ਹੈ। ਇਹ ਏਸ਼ੀਆਈ ਦੇਸ਼ਾਂ ਦੇ ਉਨ੍ਹਾਂ ਲੋਕਾਂ 'ਤੇ ਲਾਗੂ ਨਹੀਂ ਹੁੰਦਾ ਜਿਨ੍ਹਾਂ ਨੂੰ ਵਰਤਮਾਨ ਵਿੱਚ ਬ੍ਰਾਜ਼ੀਲ ਦੇ ਵੀਜ਼ੇ ਤੋਂ ਛੋਟ ਦਿੱਤੀ ਗਈ ਹੈ। ਅਮਰੀਕੀ ਨਾਗਰਿਕਾਂ ਅਤੇ ਬਹੁਤ ਸਾਰੇ ਯੂਰਪੀਅਨ ਨਾਗਰਿਕਾਂ ਨੂੰ ਵੀ ਬ੍ਰਾਜ਼ੀਲ ਲਈ ਵੀਜ਼ੇ ਦੀ ਲੋੜ ਨਹੀਂ ਹੈ। ਫੈਡਰਲ ਪੁਲਸ ਦੁਆਰਾ ਕੀਤੀ ਗਈ ਜਾਂਚ ਤੋਂ ਪਤਾ ਲੱਗਿਆ ਹੈ ਕਿ ਇਹ ਪ੍ਰਵਾਸੀ ਅਕਸਰ ਸਾਓ ਪੌਲੋ ਦੇ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਰੁਕਣ ਦੇ ਨਾਲ ਹੋਰ ਮੰਜ਼ਿਲਾਂ ਲਈ ਹਵਾਈ ਯਾਤਰਾ ਕਰਦੇ ਹਨ। ਇਹ ਪ੍ਰਵਾਸੀ ਬ੍ਰਾਜ਼ੀਲ ਵਿੱਚ ਰੁਕਦੇ ਹਨ ਅਤੇ ਉੱਥੋਂ ਉਹ ਉੱਤਰ ਵੱਲ ਆਪਣੀ ਯਾਤਰਾ ਸ਼ੁਰੂ ਕਰਦੇ



ਹਨ। ਮੰਤਰਾਲੇ ਨੇ ਕਿਹਾ ਕਿ ਅਗਲੇ ਹਫਤੇ ਤੋਂ ਬਿਨਾਂ ਵੀਜ਼ੇ ਦੇ ਯਾਤਰੀਆਂ ਨੂੰ ਜਾਂ ਤਾਂ ਹਵਾਈ ਯਾਤਰਾ ਜਾਰੀ ਰੱਖਣੀ ਪਵੇਗੀ ਜਾਂ ਆਪਣੇ ਮੂਲ ਦੇਸ਼ ਵਾਪਸ ਪਰਤਣਾ ਹੋਵੇਗਾ।

**ਪ੍ਰਵਾਸੀ ਕਰ ਰਹੇ ਖ਼ਤਰਨਾਕ ਰਸਤੇ ਦੀ ਵਰਤੋਂ**

ਫੈਡਰਲ ਪੁਲਸ ਦੇ ਜਾਂਚਕਰਤਾ ਮਾਰਿਨਹੋ ਡਾ ਸਿਲਵਾ ਰੇਜੇਂਡੇ ਜੂਨੀਅਰ ਦੁਆਰਾ ਹਸਤਾਖਰ ਕੀਤੇ ਨਿਆਂ ਮੰਤਰਾਲੇ ਨੂੰ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਸਾਲ ਦੀ ਸ਼ੁਰੂਆਤ ਤੋਂ ਸਾਓ ਪਾਓਲੋ ਮਹਾਨਗਰ ਖੇਤਰ ਵਿੱਚ ਸਥਿਤ ਇੱਕ ਸ਼ਹਿਰ ਗੁਆਰੁਲਹੋਸ ਵਿੱਚ ਹਵਾਈ ਅੱਡੇ 'ਤੇ ਪ੍ਰਵਾਸੀਆਂ ਦੀ ਆਮਦ ਨੇ ਬਹੁਤ ਗੜਬੜ ਪੈਦਾ ਕੀਤੀ ਸੀ। ਇੱਕ ਦਸਤਾਵੇਜ਼ ਅਨੁਸਾਰ, ਸਬੂਤ ਦਰਸਾਉਂਦੇ ਹਨ ਕਿ ਇਹ ਪ੍ਰਵਾਸੀ ਜ਼ਿਆਦਾਤਰ ਸਾਓ ਪੌਲੋ ਤੋਂ ਪੱਛਮੀ ਰਾਜ ਏਕਰ ਤੱਕ ਜਾਣੇ-ਪਛਾਣੇ ਅਤੇ ਬਹੁਤ ਖਤਰਨਾਕ ਰਸਤੇ ਦੀ ਵਰਤੋਂ ਕਰ ਰਹੇ ਹਨ। ਪ੍ਰਵਾਸੀ ਅਜਿਹਾ ਇਸ ਲਈ ਕਰਦੇ ਹਨ ਤਾਂ ਜੋ ਉਹ ਪੇਰੂ ਪਹੁੰਚ ਸਕਣ ਅਤੇ ਮੱਧ ਅਮਰੀਕਾ ਜਾ ਸਕਣ ਅਤੇ ਫਿਰ ਦੱਖਣੀ ਸਰਹੱਦ ਪਾਰ ਕਰ ਕੇ ਸੰਯੁਕਤ ਰਾਜ ਅਮਰੀਕਾ ਜਾ ਸਕਣ।

**ਇਨ੍ਹਾਂ ਪ੍ਰਵਾਸੀਆਂ 'ਤੇ ਲਾਗੂ ਨਹੀਂ ਹੋਣਗੇ ਨਵੇਂ ਦਿਸ਼ਾ-ਨਿਰਦੇਸ਼**

ਜੁਲਾਈ ਵਿੱਚ ਏਪੀ ਦੁਆਰਾ ਕੀਤੀ ਗਈ ਇੱਕ ਜਾਂਚ ਵਿੱਚ ਪਾਇਆ ਗਿਆ ਕਿ ਪ੍ਰਵਾਸੀ ਐਮਾਜ਼ਾਨ ਵਿੱਚੋਂ ਲੰਘ ਰਹੇ ਸਨ। ਇਨ੍ਹਾਂ ਵਿੱਚ ਵੀਅਤਨਾਮ ਅਤੇ ਭਾਰਤ ਦੇ ਕੁਝ ਲੋਕ ਸ਼ਾਮਲ ਹਨ। ਅਮਰੀਕਾ ਦੀਆਂ ਸਰਹੱਦੀ ਨੀਤੀਆਂ ਕਾਰਨ ਬਹੁਤ ਸਾਰੇ ਪੇਰੂ ਨਾਲ ਲੱਗਦੀ ਸਰਹੱਦ 'ਤੇ ਏਕਰ ਰਾਜ ਵਾਪਸ ਪਰਤ ਗਏ। ਬ੍ਰਾਜ਼ੀਲ ਦੇ ਨਿਆਂ ਮੰਤਰਾਲੇ ਨੇ ਕਿਹਾ ਕਿ ਨਵੇਂ ਦਿਸ਼ਾ-ਨਿਰਦੇਸ਼ ਸਾਓ ਪਾਓਲੋ ਦੇ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਮੌਜੂਦਾ 500 ਪ੍ਰਵਾਸੀਆਂ 'ਤੇ ਲਾਗੂ ਨਹੀਂ ਹੋਣਗੇ। ਬਾਰਡਰ ਓਪਰੇਸ਼ਨਾਂ ਲਈ ਐਕਰੇ ਰਾਜ ਦੇ ਪੁਲਿਸ ਸਮੂਹ ਦੇ ਗੇਫਰੋਨ ਦੇ ਕੋਆਰਡੀਨੇਟਰ ਰੇਮੁਲੋ ਦਿਨੀਜ਼ ਨੇ ਦੱਸਿਆ ਕਿ ਸਥਾਨਕ ਅਧਿਕਾਰੀਆਂ ਦੁਆਰਾ ਖੇਤਰ ਵਿੱਚ ਬਹੁਤ ਸਾਰੇ ਏਸ਼ੀਅਨਾਂ ਅਤੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨਾਲ ਸਥਿਤੀ ਬਾਰੇ ਅਮਰੀਕੀ ਡਿਪਲੋਮੈਟਾਂ ਨਾਲ ਗੱਲ ਕਰਨ ਤੋਂ ਬਾਅਦ ਸਰਕਾਰ ਨੇ ਇਹ ਕਦਮ ਚੁੱਕਿਆ। ਦਿਨੀਜ਼ ਨੇ ਪੱਤਰਕਾਰਾਂ ਨੂੰ ਫ਼ੋਨ ਰਾਹੀਂ ਦੱਸਿਆ, 'ਅਸੀਂ ਇੱਥੇ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿੱਚ ਵਾਧਾ ਦੇਖਿਆ ਹੈ ਅਤੇ ਉਨ੍ਹਾਂ ਦੇਸ਼ਾਂ ਨੂੰ ਦੇਖਿਆ ਹੈ ਜਿਥੋਂ ਉਹ ਆਉਂਦੇ ਹਨ।' ਉਨ੍ਹਾਂ ਨੇ ਕਿਹਾ ਕਿ ਬੰਗਲਾਦੇਸ਼ , ਇੰਡੋਨੇਸ਼ੀਆ ਦੇ ਲੋਕ ਜਾਂ ਤਾਂ ਬਿਨਾਂ ਦਸਤਾਵੇਜ਼ਾਂ ਦੇ ਜਾਂ ਦੂਜੇ ਦੇਸ਼ਾਂ ਤੋਂ ਜਾਅਲੀ ਦਸਤਾਵੇਜ਼ ਲੈ ਕੇ ਆਉਂਦੇ ਹਨ। ਇਹ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ, ਉਹ ਪੁਲਿਸ ਤੋਂ ਬਚ ਕੇ ਹੋਰ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦੇ ਹਨ।

# ਪੰਜਾਬ ਦੀ ਧੀ ਨੇ ਅਮਰੀਕਾ 'ਚ ਦੇਸ਼ ਦਾ ਨਾਂਅ ਕੀਤਾ ਰੌਸ਼ਨ

## ਅਮਰੀਕਾ ਦੀ ਫ਼ੌਜ ਵਿੱਚ ਹੋਈ ਭਰਤੀ



ਚੰਡੀਗੜ੍ਹ/ਏ.ਟੀ.ਨਿਊਜ਼ : ਅੱਜ ਦੀਆਂ ਧੀਆਂ ਵਿਦੇਸ਼ਾਂ ਦੀ ਧਰਤੀ 'ਤੇ ਵੱਡੀਆਂ ਮਲਾਂ ਮਾਰਕੇ ਦੇਸ਼ ਦਾ ਨਾਂ ਚਮਕਾ ਰਹੀਆਂ ਹਨ, ਅਜਿਹਾ ਹੀ ਕਰ ਦਿਖਾਇਆ ਹੈ ਹੁਸ਼ਿਆਰਪੁਰ ਦੇ ਗੜ੍ਹਸ਼ੰਕਰ ਇਲਾਕੇ ਦੇ ਪਿੰਡ ਹੈਬੋਵਾਲ ਦੀ ਧੀ ਹਰਮਨਦੀਪ ਕੌਰ ਨੇ, ਜਿਸਨੇ ਅਮਰੀਕਾ ਦੀ ਆਰਮੀ ਵਿੱਚ ਸਿਲੈਕਟ ਹੋਣ ਕਾਰਨ ਆਪਣੇ ਪਿੰਡ ਦੇ ਨਾਲ ਨਾਲ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ, ਜਿਸਦੇ ਕਾਰਨ ਇਲਾਕੇ ਦੇ ਵਿੱਚ ਵੱਡੀ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ।

ਜਾਣਕਾਰੀ ਦਿੰਦੇ ਹੋਏ ਰਜਿੰਦਰ ਕੌਰ ਮਾਸੀ, ਨਿਤਿਕਾ ਖੋਸਲਾ ਮਾਸੀ ਨੇ ਦੱਸਿਆ ਕਿ ਰਮਨਦੀਪ ਕੌਰ ਦੇ ਪਿਤਾ ਪ੍ਰਗਟ ਸਿੰਘ ਦੀ ਬਚਪਨ ਵਿੱਚ ਮੌਤ ਹੋਣ ਕਾਰਨ ਮਾਤਾ ਨਰਿੰਦਰ ਕੌਰ ਦੀ ਸਖ਼ਤ ਮਿਹਨਤ ਦੀ ਬਦੌਲਤ ਅੱਜ ਇਹ ਮੁਕਾਮ ਹਾਸਿਲ ਹੋਇਆ ਹੈ। ਉਨ੍ਹਾਂ ਦੱਸਿਆ ਕਿ ਰਮਨਦੀਪ ਕੌਰ ਪੰਜਵੀ ਤੱਕ ਦੀ ਪੜ੍ਹਾਈ ਕਰਨ ਉਪਰੰਤ ਉਹ ਅਮਰੀਕਾ ਚੱਲੀ ਗਈ ਅਤੇ ਉੱਥੇ ਜਾਕੇ ਸਖ਼ਤ ਮਿਹਨਤ ਨਾਲ ਡਾਕਟਰ ਦੀ ਪੜ੍ਹਾਈ ਕਰਨ ਦੇ ਨਾਲ-ਨਾਲ ਆਰਮੀ ਦਾ ਟੈਸਟ ਪਾਸ ਕੀਤਾ।

ਜਿਸ ਉਪਰੰਤ 4 ਮਹੀਨੇ ਦੀ ਸਖ਼ਤ ਟ੍ਰੇਨਿੰਗ ਤੋਂ ਬਾਅਦ ਹੁਣ ਉਹ ਆਰਮੀ ਦੇ ਵਿੱਚ ਸੇਵਾ ਨਿਭਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਰਮਨਦੀਪ ਕੌਰ ਦਾ ਆਰਮੀ ਵਿੱਚ ਭਰਤੀ ਹੋਣ ਬਾਰੇ ਪਤਾ ਚੱਲਿਆ ਤਾਂ ਉਨ੍ਹਾਂ ਦੀ ਖੁਸ਼ੀ ਦਾ ਠਿਕਾਣਾ ਨਹੀਂ ਰਿਹਾ ਅਤੇ ਹੁਣ ਰਿਸ਼ਤੇਦਾਰਾਂ ਤੇ ਇਲਾਕੇ ਦੇ ਲੋਕਾਂ ਵਲੋਂ ਖੁਸ਼ੀ ਸਾਂਝੀ ਕੀਤੀ ਜਾ ਰਹੀ ਹੈ। ਇਸ ਮੌਕੇ ਪ੍ਰਭਜੋਤ ਸਿੰਘ, ਕੁਲਵੰਤ ਸਿੰਘ, ਪਰਮਜੀਤ ਸਿੰਘ, ਅਜੀਤ ਸਿੰਘ, ਸੰਜੀਵ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਦੇ ਪੰਜ ਸਾਲਾ ਤੇਗਬੀਰ ਸਿੰਘ ਨੇ ਗੱਡੇ ਝੰਡੇ

## ਅਫ਼ਰੀਕੀ ਮਹਾਂਦੀਪ ਦੀ ਸਭ ਤੋਂ ਉੱਚੀ ਚੋਟੀ ਕਿਲੀਮੰਜਾਰੋ ਕੀਤੀ ਸਰ



ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੇ ਰੋਪੜ ਦੇ ਰਹਿਣ ਵਾਲੇ ਪੰਜ ਸਾਲਾ ਤੇਗਬੀਰ ਸਿੰਘ ਨੇ ਇੱਕ ਅਨੋਖਾ ਕਾਰਨਾਮਾ ਕੀਤਾ ਹੈ। ਉਹ ਕਿਲੀਮੰਜਾਰੋ ਪਹਾੜ 'ਤੇ ਚੜ੍ਹਨ ਵਾਲਾ ਏਸ਼ੀਆ ਦਾ ਸਭ ਤੋਂ ਘੱਟ ਉਮਰ ਦਾ ਵਿਅਕਤੀ ਬਣ ਗਿਆ ਹੈ। ਇਹ ਅਫ਼ਰੀਕੀ ਮਹਾਂਦੀਪ ਦੀ ਸਭ ਤੋਂ ਉੱਚੀ ਚੋਟੀ ਹੈ ਅਤੇ ਤਨਜ਼ਾਨੀਆ ਵਿੱਚ 19,340 ਫੁੱਟ (5895 ਮੀਟਰ) ਤੋਂ ਵੱਧ ਦੀ ਉਚਾਈ 'ਤੇ ਸਥਿਤ ਹੈ।ਤੇਗਬੀਰ ਨੇ 18 ਅਗਸਤ ਨੂੰ ਕਿਲੀਮੰਜਾਰੋ ਪਰਬਤ ਲਈ ਆਪਣੀ ਯਾਤਰਾ ਸ਼ੁਰੂ ਕੀਤੀ ਅਤੇ 23 ਅਗਸਤ ਨੂੰ ਪਹਾੜ ਦੀ ਸਭ ਤੋਂ ਉੱਚੀ ਚੋਟੀ, ਉਹੁਰੂ ਤੱਕ ਪੈਦਲ ਚੱਲਿਆ। ਤੇਗਬੀਰ ਸਿੰਘ ਰੋਪੜ ਦੇ ਸ਼ਿਵਾਲਿਕ ਪਬਲਿਕ ਸਕੂਲ ਦੀ ਪਹਿਲੀ ਕਲਾਸ ਦਾ ਵਿਦਿਆਰਥੀ ਹੈ। ਤੇਗਬੀਰ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਮੈਨੂੰ ਪਤਾ ਸੀ ਕਿ ਮੈਂ ਕਿੱਥੇ ਪਹੁੰਚਣਾ ਹੈ ਅਤੇ ਅੰਤ ਵਿੱਚ ਮੈਂ ਉੱਥੇ ਪਹੁੰਚ ਗਿਆ। ਉਸ ਨੇ ਕਿਹਾ ਕਿ ਮੇਰੇ ਮਾਪਿਆਂ ਨੇ ਮੈਨੂੰ ਕਿਹਾ ਸੀ ਕਿ ਜਦੋਂ ਮੈ ਥੱਕ ਜਾਵਾਂ ਤਾਂ ਵਾਹਿਗੁਰੂ ਦਾ ਜਾਪ ਕਰਾਂ ਤੇ ਮੈਂ ਅਜਿਹਾ ਹੀ ਕੀਤਾ। ਵਾਹਿਗੁਰੂ ਨੇ ਮੈਨੂੰ ਸਿਖਰ ਤੱਕ ਪਹੁੰਚਣ ਵਿੱਚ ਮਦਦ ਕੀਤੀ। ਤੇਗਬੀਰ ਸਿੰਘ ਇਹ ਉਪਲਬਧੀ ਹਾਸਲ ਕਰਨ ਵਾਲਾ ਏਸ਼ੀਆ ਅਤੇ ਭਾਰਤ ਵਿੱਚ ਸਭ ਤੋਂ ਘੱਟ ਉਮਰ ਦਾ ਵਿਅਕਤੀ ਬਣ ਗਿਆ।

# ਸਰਦਾਰ ਤਰਲੋਕ ਸਿੰਘ ਜੀ ਦੀ ਅੰਤਿਮ ਅਰਦਾਸ ਤੇ ਭੋਗ

ਫਰੀਮੌਂਟ : ਬੀਤੇ ਦਿਨੀਂ ਗੁਰਦੁਆਰਾ ਸਾਹਿਬ ਫਰੀਮੌਂਟ ਦੇ ਮੌਜੂਦਾ ਸੁਪ੍ਰੀਮ ਕੌਂਸਲ ਮੈਂਬਰ ਰਾਜਿੰਦਰ ਸਿੰਘ ਰਾਜਾ ਦੇ ਸਤਿਕਾਰਯੋਗ ਪਿਤਾ ਸਰਦਾਰ ਤਰਲੋਕ ਸਿੰਘ ਜੀ ਅਚਾਨਕ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਵਸੇ।

ਉਹਨਾਂ ਦੀ ਪਾਕ ਪਵਿੱਤਰ ਰੂਹ ਲਈ ਅਰਦਾਸ ਤੇ ਅੰਤਿਮ ਸੰਸਕਾਰ 1 ਸਤੰਬਰ ਨੂੰ ਦੁਪਹਿਰ 2 ਵਜੇ ਤੱਕ, ਸਥਾਨ Chapel of the Chimes CBIIB Mission Blvd, Hayward CA ਹੋਵੇਗਾ। ਉਸ ਉਪਰੰਤ ਭੋਗ ਅਤੇ ਅੰਤਮ ਅਰਦਾਸ 3 PM ਗੁਰਦੁਆਰਾ ਸਾਹਿਬ ਵਿਖੇ ਫਰੀਮਾਂਟ 'ਚ ਹੋਵੇਗੀ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਰਾਜਿੰਦਰ ਸਿੰਘ ਰਾਜਾ 510- 938-4288 ਅਤੇ ਘਰ ਦਾ ਪਤਾ 4467 amador rd Fremont ca 94538 'ਤੇ ਸੰਪਰਕ ਕੀਤਾ ਜਾ ਸਕਦਾ ਹੈ।





# ਹਰਦੀਪ ਸਿੰਘ ਡਿੰਪੀ ਢਿੱਲੋਂ 'ਆਪ' 'ਚ ਹੋਏ ਸ਼ਾਮਲ

ਗਿੱਦੜਬਾਹਾ/ਏ.ਟੀ.ਨਿਊਜ਼ : ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿਣ ਵਾਲੇ ਹਰਦੀਪ ਸਿੰਘ ਡਿੰਪੀ ਢਿੱਲੋਂ ਅੱਜ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਗਿੱਦੜਬਾਹਾ ਵਿਖੇ ਡਿੰਪੀ ਢਿੱਲੋਂ ਦੇ ਸਿਰੋਪਾਓ ਪਾ ਕੇ ਪਾਰਟੀ ਵਿੱਚ ਸ਼ਾਮਲ ਕੀਤਾ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਅਕਾਲੀ ਦਲ ਵਿਚੋਂ ਅਸਤੀਫ਼ਾ ਦੇ ਦਿੱਤਾ ਸੀ। ਡਿੰਪੀ ਢਿੱਲੋਂ ਸੁਖਬੀਰ ਸਿੰਘ ਬਾਦਲ ਦੇ ਬੇਹੱਦ ਕਰੀਬੀ ਰਹੇ ਹਨ। ਇਥੇ ਇਹ ਵੀ ਦੱਸਣਯੋਗ ਹੈ ਕਿ ਡਿੰਪੀ ਢਿੱਲੋਂ ਦੇ ਆਮ ਆਦਮੀ ਪਾਰਟੀ 'ਚ ਜਾਣ ਦੀਆਂ ਚਰਚਾਵਾਂ ਸ਼ੁਰੂ ਹੋ ਗਈਆਂ ਸਨ ਅਤੇ ਅੱਜ ਉਹ ਭਗਵੰਤ ਮਾਨ ਦੀ ਅਗਵਾਈ ਵਿੱਚ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ।



**35 ਸਾਲ ਤੋਂ ਕਰ ਰਹੇ ਸਨ ਅਕਾਲੀ ਦਲ ਦੀ ਸੇਵਾ**

ਹਰਦੀਪ ਸਿੰਘ ਡਿੰਪੀ ਗਿੱਦੜਬਾਹਾ ਤੋਂ ਵਿਧਾਨ ਸਭਾ ਦੀ ਚੋਣ ਲੜ ਚੁੱਕੇ ਹਨ। ਅਸਤੀਫ਼ਾ ਦੇਣ ਮਗਰੋਂ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਕਿਹਾ ਕਿ ਮੈਂ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦਿੱਤਾ ਹੈ। ਮਨ ਇੰਨਾ ਭਰਿਆ ਹੋਇਆ ਕਿ ਬੋਲਿਆ ਵੀ ਨਹੀਂ ਜਾ ਰਿਹਾ। ਉਨ੍ਹਾਂ ਦਾ ਸਾਰਾ ਪਰਿਵਾਰ ਇਕੱਠਾ ਹੋ ਗਿਆ ਹੈ। ਸਾਡੇ ਵਰਗੇ ਤਾਂ ਵਰਤਣ ਲਈ ਹੁੰਦੇ ਹਨ।

ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਅਕਾਲੀ ਦਲ ਦੇ ਸਮੂਹ ਅਹੁਦਿਆਂ ਤੋਂ ਅਸਤੀਫ਼ਾ ਦਿੰਦਿਆਂ ਸੋਸ਼ਲ ਮੀਡੀਆ 'ਤੇ ਸੁਨੇਹਾ ਦਿੰਦਿਆਂ ਆਖਿਆ ਸੀ ਕਿ ਉਹ ਕਰੀਬ 35 ਸਾਲ ਤੋਂ ਅਕਾਲੀ ਦਲ ਦੀ ਸੇਵਾ ਕਰ ਰਹੇ ਸਨ ਅਤੇ ਉਨ੍ਹਾਂ ਪਾਰਟੀ ਦਾ ਹਰ ਹੁਕਮ ਸਿਰ ਮੱਥੇ ਮੰਨਿਆ ਪਰ ਇਸ ਸਾਲ ਜਨਵਰੀ ਵਿੱਚ ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਨੂੰ ਅਚਾਨਕ ਇਹ ਕਿਹਾ ਗਿਆ ਕਿ ਗਿੱਦੜਬਾਹਾ ਤੋਂ ਮਨਪ੍ਰੀਤ ਸਿੰਘ ਬਾਦਲ ਨੇ ਅਕਾਲੀ ਦਲ ਵਿੱਚ ਸ਼ਾਮਲ ਹੋ ਕੇ ਚੋਣ ਲੜਨੀ ਹੈ ਅਤੇ ਉਹ (ਡਿੰਪੀ ਢਿੱਲੋਂ) ਆਪਣਾ ਵੇਖ ਲੈਣ। ਇਸ ਤੋਂ ਬਾਅਦ ਫਿਰ ਸੁਖਬੀਰ ਸਿੰਘ ਬਾਦਲ ਨੇ ਹਲਕਾ ਗਿੱਦੜਬਾਹਾ ਤੋਂ ਉਨ੍ਹਾਂ ਨੂੰ (ਡਿੰਪੀ ਢਿੱਲੋਂ) ਕੰਮ ਸਾਂਭਣ ਲਈ ਕਿਹਾ ਪਰ ਹੁਣ ਮੁੜ ਇਹ ਸਪੱਸ਼ਟ ਹੋ ਗਿਆ ਹੈ ਕਿ ਗਿੱਦੜਬਾਹਾ ਤੋਂ ਮਨਪ੍ਰੀਤ ਬਾਦਲ ਨੂੰ ਚੋਣ ਲੜਾਈ ਜਾਣੀ ਹੈ। ਇਸ ਲਈ ਉਹ ਆਪਣੇ ਮਨ ਉਤੇ ਪਏ ਬੋਝ ਨੂੰ ਹੋਰ ਨਹੀਂ ਸਹਾਰ ਸਕਦੇ, ਜਿਸ ਕਰਕੇ ਉਨ੍ਹਾਂ ਅਕਾਲੀ ਦਲ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਕਿਹਾ ਸੀ ਕਿ ਉਹ ਕੋਈ ਵੀ ਰਾਜਸੀ ਫ਼ੈਸਲਾ ਲੈਣ ਤੋਂ ਪਹਿਲਾਂ ਆਪਣੇ ਵਰਕਰਾਂ ਨਾਲ ਸਲਾਹ ਕਰਨਗੇ।

ਦੱਸਣਯੋਗ ਹੈ ਕਿ ਡਿੰਪੀ ਢਿੱਲੋਂ ਗਿੱਦੜਬਾਹਾ ਤੋਂ ਅਕਾਲੀ ਦਲ ਦੇ ਇੰਚਾਰਜ ਵੀ ਸਨ ਅਤੇ 2 ਵਾਰ ਅਕਾਲੀ ਦਲ ਵੱਲੋਂ ਕਾਂਗਰਸ ਦੇ ਰਾਜਾ ਵੜਿੰਗ ਖ਼ਿਲਾਫ਼ ਚੋਣ ਲੜ ਚੁੱਕੇ ਹਨ। ਇਹ ਵੀ ਦੱਸਣਯੋਗ ਹੈ ਕਿ ਗਿੱਦੜਬਾਹਾ 'ਚ ਜ਼ਿਮਨੀ ਚੋਣ ਹੋਣੀ ਹੈ ਅਤੇ ਸੁਖਬੀਰ ਬਾਦਲ ਪਿਛਲੇ ਕੁਝ ਦਿਨਾਂ ਤੋਂ ਇਸ ਹਲਕੇ 'ਚ ਸਰਗਰਮ ਹਨ। ਇਹ ਗੱਲ ਵੀ ਸਾਹਮਣੇ ਆ ਰਹੀ ਹੈ ਕਿ ਡਿੰਪੀ ਢਿੱਲੋਂ ਨੂੰ ਗਿੱਦੜਬਾਹਾ ਤੋਂ ਉਮੀਦਵਾਰ ਐਲਾਨਿਆ ਜਾ ਸਕਦਾ ਸੀ ਪਰ ਅਜੇ ਤੱਕ ਗਿੱਦੜਬਾਹਾ ਤੋਂ ਉਮੀਦਵਾਰ ਵਜੋਂ ਉਨ੍ਹਾਂ ਦੇ ਨਾਂ ਦਾ ਐਲਾਨ ਨਹੀਂ ਕੀਤਾ ਗਿਆ ਸੀ, ਜਿਸ ਕਾਰਨ ਹਰਦੀਪ ਸਿੰਘ ਡਿੰਪੀ ਢਿੱਲੋਂ ਅਕਾਲੀ ਦਲ ਤੋਂ ਨਾਰਾਜ਼ ਚੱਲ ਰਹੇ ਸਨ।

## ਮੈਂ ਬਿਨਾਂ ਕਿਸੇ ਲਾਲਚ ਤੋਂ ਸਿਆਸਤ ਕੀਤੀ: ਡਿੰਪੀ



ਗਿੱਦੜਬਾਹਾ : ਅਕਾਲੀ ਦਲ ਛੱਡਣ ਤੋਂ ਬਾਅਦ ਅੱਜ ਡਿੰਪੀ ਢਿੱਲੋਂ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ 'ਆਪ' 'ਚ ਸ਼ਾਮਲ ਹੋਣ ਮੌਕੇ ਡਿੰਪੀ ਢਿੱਲੋਂ ਨੇ ਕਿਹਾ ਕਿ ਉਨ੍ਹਾਂ ਨੇ 38 ਸਾਲ ਪਾਰਟੀ ਦੀ ਸੇਵਾ ਕੀਤੀ, ਬਿਨਾਂ ਕਿਸੇ ਲਾਲਚ ਤੋਂ ਸਿਆਸਤ ਕੀਤੀ ਪਰ ਅੱਜ ਮੇਰੇ 'ਤੇ ਤੋਹਮਤਾਂ ਲਗਾਈਆਂ ਜਾ ਰਹੀਆਂ ਹਨ ਕਿ ਦੋ ਮਹੀਨੇ ਤੋਂ ਮੇਰੀ ਆਮ ਆਦਮੀ ਪਾਰਟੀ ਨਾਲ ਗੱਲਬਾਤ ਚੱਲ ਰਹੀ ਸੀ ਪਰ ਸਿਰਫ ਪੰਜ ਦਿਨ ਪਹਿਲਾਂ ਮੈਨੂੰ ਫੋਨ ਆਇਆ ਸੀ, ਜਿਸ 'ਤੇ ਮੈਂ ਤੁਰੰਤ ਹਾਮੀ ਭਰ ਦਿੱਤੀ। ਕੁਝ ਦਿਨ ਪਹਿਲਾਂ ਮੈਂ ਖੁਦ ਸੁਖਬੀਰ ਬਾਦਲ ਦੇ ਪਿੰਡਾਂ ਵਿਚ ਪ੍ਰੋਗਰਾਮ ਕਰਵਾਏ ਜੇ ਅਜਿਹਾ ਹੁੰਦਾ ਤਾਂ ਮੈਂ ਪਾਰਟੀ ਦੀ ਕਿਸੇ ਤਰ੍ਹਾਂ ਦੀ ਮਦਦ ਨਾ ਕਰਦਾ।

ਗੱਲ ਉਦੋਂ ਵਿਗੜੀ ਜਦੋਂ ਮਨਪ੍ਰੀਤ ਬਾਦਲ ਵੀ ਸਾਡੇ ਨਾਲ ਤੁਰ ਪਏ। ਅਸੀਂ ਜਿਥੇ ਜਾਂਦੇ ਸੀ ਉਥੇ ਹੀ ਮਨਪ੍ਰੀਤ ਬਾਦਲ ਪਹੁੰਚ ਜਾਂਦੇ ਸੀ ਅਤੇ ਆਖਦੇ ਸੀ ਚਿੰਤਾ ਨਾ ਕਰੋ ਚੋਣ ਮੈਂ ਹੀ ਲੜਾਂਗਾ। ਹਾਲਾਂਕਿ ਉਹ ਸਪੱਸ਼ਟ ਨਹੀਂ ਸੀ ਕਰਦੇ ਕਿ ਚੋਣ ਲੜਨੀ ਕਿਸ ਪਾਰਟੀ ਤੋਂ ਹੈ। ਇਸ 'ਤੇ ਮੈਂ ਸੁਖਬੀਰ ਨੂੰ ਕਿਹਾ ਕਿ ਲੋਕ ਸ਼ਸ਼ੋਪੰਜ ਵਿਚ ਹਨ ਤੁਸੀਂ ਇਹ ਸਪੱਸ਼ਟ ਕਰੋ ਕਿ ਉਮੀਦਵਾਰ ਮਨਪ੍ਰੀਤ ਬਾਦਲ ਹੋਣਗੇ ਜਾਂ ਡਿੰਪੂ ਢਿੱਲੋਂ। ਮੈਨੂੰ ਕਿਸੇ ਨੇ ਦੱਸਿਆ ਕਿ ਤੁਹਾਡੇ ਨਾਲ ਠੱਗੀ ਵੱਜੇਗੀ। ਇਸ ਲਈ ਮੈਂ ਪ੍ਰੇਸ਼ਾਨ ਸੀ, ਮੈਨੂੰ ਮੇਰਾ ਹਲਕਾ ਜਾਂਦਾ ਲੱਗ ਰਿਹਾ ਸੀ। ਇਸ ਦੌਰਾਨ ਡਿੰਪੀ ਨੇ ਐਲਾਨ ਕੀਤਾ ਕਿ ਹੁਣ ਉਹ ਪੂਰੀ ਤਰ੍ਹਾਂ ਆਮ ਆਦਮੀ ਪਾਰਟੀ ਦੇ ਲੇਖੇ ਲੱਗ ਗਏ ਹਨ ਅਤੇ ਜਦੋਂ ਤਕ ਸਿਆਸਤ ਕਰਨਗੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਲ ਰਹਿਣਗੇ।

ਉਨ੍ਹਾਂ ਕਿਹਾ ਕਿ ਜਿਸ ਪਾਰਟੀ ਵਿਚ 38 ਸਾਲ ਸੇਵਾ ਕੀਤੀ, ਉਸ ਪਾਰਟੀ ਦਾ ਹੱਥ ਛੱਡਣਾ ਬਹੁਤ ਔਖਾ ਹੈ, ਮੈਂ ਜਦੋਂ ਪਾਰਟੀ ਵਿਚੋਂ ਅਸਤੀਫਾ ਦਿੱਤਾ ਤਾਂ ਮੇਰੀਆਂ ਭੁੱਬਾਂ ਨਿਕਲ ਗਈਆਂ ਪਰ ਅੱਜ ਉਹ ਅਰਵਿੰਦ ਕੇਜਰੀਵਾਲ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਆਮ ਆਦਮੀ ਪਾਰਟੀ ਬਣਾਈ, ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਮੈਨੂੰ ਰੁਲੇ ਹੋਏ ਨੂੰ ਸੰਭਾਲਿਆ ਹੈ। ਢਿੱਲੋਂ ਨੇ ਕਿਹਾ ਕਿ ਅੱਜ ਤੋਂ ਪਹਿਲਾਂ ਮੈਨੂੰ ਸਿਰਫ ਤਿੰਨ ਨਾਂ ਆਉਂਦੇ ਸੀ, ਸ਼੍ਰੋਮਣੀ ਅਕਾਲੀ ਦਲ, ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਪਰ ਹੁਣ ਉਹ ਪੂਰੀ ਤਰ੍ਹਾਂ ਆਮ ਆਦਮੀ ਪਾਰਟੀ ਦੇ ਲੇਖੇ ਲੱਗ ਗਏ ਹਨ। ਉਹ ਆਪਣੀ 38 ਸਾਲ ਦੀ ਕੁਮਾਈ ਮੁੱਖ ਮੰਤਰੀ ਭਗਵੰਤ ਮਾਨ ਦੇ ਸਪੁਰਦ ਕਰ ਰਹੇ ਹਨ।

# ਸੌਖੇ ਨਹੀਂ ਹਨ ਅਕਾਲੀ ਦਲ ਲਈ ਮੁੜ ਪੈਰ ਜਮਾਉਣੇ

## ਠੰਡਾ ਨਹੀਂ ਹੋ ਰਿਹਾ ਪਾਰਟੀ 'ਚ ਛਿੜਿਆ ਗ੍ਰਹਿ ਯੁੱਧ

ਮੋਗਾ/ਏ.ਟੀ.ਨਿਊਜ਼ : ਸੂਬੇ ਵਿੱਚ ਆਪਣੀ ਗੁਆਚੀ ਸਿਆਸੀ ਜ਼ਮੀਨ ਤਲਾਸ਼ ਰਹੇ ਸ਼੍ਰੋਮਣੀ ਅਕਾਲੀ ਦਲ ਲਈ ਹੁਣ ਮੁੜ ਪੈਰ ਜਮਾਉਣੇ ਸੌਖੇ ਨਹੀਂ ਜਾਪਦੇ। ਸੱਤਾਹੀਣ ਹੋਣ ਮਗਰੋਂ ਪਾਰਟੀ 'ਚ ਛਿੜਿਆ ਗ੍ਰਹਿ ਯੁੱਧ ਠੰਡਾ ਨਹੀਂ ਹੋ ਰਿਹਾ। ਟਕਸਾਲੀ ਅਕਾਲੀ ਹਰਦੀਪ ਸਿੰਘ ਡਿੰਪੀ ਢਿੱਲੋਂ ਦੀ ਬਗਾਵਤ ਨਾਲ ਪਾਰਟੀ ਅੰਦਰਲਾ ਸੰਕਟ ਹੋਰ ਗੰਭੀਰ ਰੂਪ ਧਾਰਨ ਕਰ ਗਿਆ ਹੈ।

ਗਿੱਦੜਬਾਹਾ ਵਿਧਾਨ ਸਭਾ ਹਲਕਾ ਅਕਾਲੀ ਦਲ ਦਾ ਕਿਲਾ ਮੰਨਿਆ ਜਾਂਦਾ ਹੈ ਤੇ ਸੁਖਬੀਰ ਸਿੰਘ ਬਾਦਲ ਨੇ ਆਪਣੇ ਇਸ ਕਿਲੇ ਨੂੰ ਢਹਿ-ਢੇਰੀ ਹੋਣ ਤੋਂ ਬਚਾਉਣ ਲਈ ਆਮ ਲੋਕਾਂ ਤੱਕ ਪਹੁੰਚ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਅਕਾਲੀ ਦਲ ਨੇ ਸਿਆਸਤ ਦਾ ਸਿਖ਼ਰ ਵੀ ਛੋਹਿਆ ਪਰ ਹੁਣ ਪਾਰਟੀ ਨਿਘਾਰ ਵੀ ਦੇਖ ਰਹੀ ਹੈ। ਕਈ ਵੱਡੇ ਅਕਾਲੀ ਆਗੂ ਪਾਰਟੀ ਛੱਡ ਚੁੱਕੇ ਹਨ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਕੈਬਨਿਟ ਮੰਤਰੀ ਜਥੇਦਾਰ ਤੋਤਾ ਸਿੰਘ ਦੇ ਦੇਹਾਂਤ ਮਗਰੋਂ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਅਧਿਆਇ ਖ਼ਤਮ ਹੋਣਾ ਮੰਨਿਆ ਜਾ ਰਿਹਾ ਹੈ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਪਾਰਟੀ ਦੀ ਨਮੋਸ਼ੀਜਨਕ ਹਾਰ ਲੀਡਰਸ਼ਿਪ ਲਈ ਵੱਡਾ ਝਟਕਾ ਸੀ। ਲੋਕ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਪਾਰਟੀ ਦੀ ਮਜ਼ਬੂਤੀ ਤੇ ਵਰਕਰਾਂ ਦੇ ਮਨੋਬਲ ਨੂੰ ਮੁੜ ਉੱਚਾ ਚੁੱਕਣ ਦੇ ਮਕਸਦ ਨਾਲ 'ਪੰਜਾਬ ਬਚਾਓ ਯਾਤਰਾ' ਸ਼ੁਰੂ ਕੀਤੀ ਪਰ ਇਸ ਦਾ ਵੀ ਪਾਰਟੀ ਨੂੰ ਕੋਈ ਲਾਭ ਨਾ ਹੋਇਆ। (ਬਾਕੀ ਸਫ਼ਾ 31 'ਤੇ)

# ਕੇਂਦਰ ਵੱਲੋਂ ਲੱਦਾਖ ਵਿੱਚ ਪੰਜ ਨਵੇਂ ਜ਼ਿਲ੍ਹਿਆਂ ਦਾ ਐਲਾਨ

## ਨਵੇਂ ਜ਼ਿਲ੍ਹਿਆਂ ਵਿੱਚ ਜ਼ਾਂਸਕਰ, ਦਰਾਸ, ਸ਼ਾਮ, ਨੁਬਰਾ ਅਤੇ ਚਾਂਗਥਾਂਗ ਸ਼ਾਮਲ

## ਗ੍ਰਹਿ ਮੰਤਰਾਲੇ ਨੇ ਵੱਖ-ਵੱਖ ਪਹਿਲੂਆਂ ਦੇ ਮੁਲਾਂਕਣ ਲਈ ਕਮੇਟੀ ਵੀ ਬਣਾਈ

ਲੇਹ/ਏ.ਟੀ.ਨਿਊਜ਼: ਕੇਂਦਰੀ ਗ੍ਰਹਿ ਮੰਤਰਾਲੇ (ਐੱਮ.ਐੱਚ.ਏ.) ਨੇ ਲੱਦਾਖ ਵਿੱਚ ਪੰਜ ਨਵੇਂ ਜ਼ਿਲ੍ਹੇ ਜ਼ਾਂਸਕਰ, ਦਰਾਸ, ਸ਼ਾਮ, ਨੁਬਰਾ ਅਤੇ ਚਾਂਗਥਾਂਗ ਬਣਾਉਣ ਦਾ ਐਲਾਨ ਕੀਤਾ ਹੈ। ਇਸ ਫ਼ੈਸਲੇ ਨਾਲ ਇਸ ਕੇਂਦਰੀ ਸ਼ਾਸਿਤ ਪ੍ਰਦੇਸ਼ (ਯੂ.ਟੀ.) ਵਿੱਚ ਜ਼ਿਲ੍ਹਿਆਂ ਦੀ ਗਿਣਤੀ ਵਧ ਕੇ ਸੱਤ ਹੋ ਗਈ ਹੈ। ਇਸ ਤੋਂ ਪਹਿਲਾਂ ਲੱਦਾਖ ਵਿੱਚ ਸਿਰਫ ਦੋ ਜ਼ਿਲ੍ਹੇ ਲੇਹ ਅਤੇ ਕਾਰਗਿਲ ਸਨ। ਨਵੇਂ ਜ਼ਿਲ੍ਹੇ ਬਣਨ ਨਾਲ ਲੱਦਾਖ ਵਿੱਚ ਕੁੱਲ ਜ਼ਿਲ੍ਹਿਆਂ ਦੀ ਗਿਣਤੀ ਸੱਤ ਹੋ ਗਈ ਹੈ। 2019 ਤੋਂ ਪਹਿਲਾਂ ਲੱਦਾਖ ਜੰਮੂ ਕਸ਼ਮੀਰ ਦਾ ਹਿੱਸਾ ਸੀ। ਅਗਸਤ 2019 'ਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਸੂਬੇ ਦਾ ਵਿਸ਼ੇਸ਼ ਦਰਜਾ ਹਟਾ ਕੇ ਇਸ ਨੂੰ ਦੋ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਜੰਮੂ ਕਸ਼ਮੀਰ ਅਤੇ ਲੱਦਾਖ ਵਿੱਚ ਵੰਡ ਦਿੱਤਾ ਸੀ।





ਗ੍ਰਹਿ ਮੰਤਰਾਲੇ ਨੇ ਯੂ.ਟੀ. ਪ੍ਰਸ਼ਾਸਨ ਨੂੰ ਨਵੇਂ ਜ਼ਿਲ੍ਹਿਆਂ ਨਾਲ ਸਬੰਧਿਤ ਵੱਖ-ਵੱਖ ਪਹਿਲੂਆਂ ਦਾ ਮੁਲਾਂਕਣ ਕਰਨ ਲਈ ਇੱਕ ਕਮੇਟੀ ਬਣਾਉਣ ਦਾ ਹੁਕਮ ਦਿੱਤਾ ਹੈ। ਇਹ ਕਮੇਟੀ ਨਵੇਂ ਐਲਾਨੇ ਜ਼ਿਲ੍ਹਿਆਂ ਦੇ ਹੈੱਡਕੁਆਰਟਰ, ਹੱਦਾਂ, ਬਣਤਰ ਅਤੇ ਜ਼ਿਲ੍ਹਿਆਂ ਦੇ ਗਠਨ ਨਾਲ ਸਬੰਧਿਤ ਹੋਰ ਪਹਿਲੂਆਂ ਦਾ ਮੁਲਾਂਕਣ ਕਰਕੇ ਇਸ ਦੀ ਰਿਪੋਰਟ ਤਿੰਨ ਮਹੀਨਿਆਂ ਵਿੱਚ ਸੌਂਪੇਗੀ। ਕਮੇਟੀ ਦੀ ਰਿਪੋਰਟ ਮਗਰੋਂ ਕੇਂਦਰੀ ਸ਼ਾਸਿਤ ਪ੍ਰਦੇਸ਼ ਲੱਦਾਖ ਇਸ ਰਿਪੋਰਟ ਦੇ ਆਧਾਰ 'ਤੇ ਅਗਲੀ ਕਾਰਵਾਈ ਲਈ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਆਖਰੀ ਤਜਵੀਜ਼ ਭੇਜੇਗਾ।

ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਮੋਦੀ ਸਰਕਾਰ ਲੱਦਾਖ ਦੇ ਲੋਕਾਂ ਲਈ ਮੌਕੇ ਪੈਦਾ ਕਰਨ ਵਾਸਤੇ ਵਚਨਬੱਧ ਹੈ। ਉਨ੍ਹਾਂ ਕਿਹਾ, "ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਿਕਸਤ ਅਤੇ ਖੁਸ਼ਹਾਲ ਲੱਦਾਖ ਬਣਾਉਣ ਦੀ ਸੋਚ ਅਨੁਸਾਰ ਗ੍ਰਹਿ ਮੰਤਰਾਲੇ ਨੇ ਕੇਂਦਰੀ ਸ਼ਾਸਿਤ ਪ੍ਰਦੇਸ਼ ਵਿੱਚ ਪੰਜ ਨਵੇਂ ਜ਼ਿਲ੍ਹੇ ਬਣਾਉਣ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ ਨਵੇਂ ਜ਼ਿਲ੍ਹਿਆਂ ਵਿੱਚ ਜ਼ਾਂਸਕਰ, ਦਰਾਸ, ਸ਼ਾਮ, ਨੁਬਰਾ ਅਤੇ ਚਾਂਗਥਾਂਗ ਸ਼ਾਮਲ ਹਨ, ਜੋ ਲੱਦਾਖ ਦੇ ਹਰ ਹਿੱਸੇ ਵਿੱਚ ਸ਼ਾਸਨ ਨੂੰ ਮਜ਼ਬੂਤ ਕਰਨਗੇ ਅਤੇ ਲੋਕਾਂ ਨੂੰ ਉਨ੍ਹਾਂ ਦੇ ਦਰਵਾਜ਼ੇ ਤੱਕ ਲਾਭ ਪਹੁੰਚਾਉਣਗੇ।"

ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੱਦਾਖ ਵਿੱਚ ਪੰਜ ਨਵੇਂ ਜ਼ਿਲ੍ਹੇ ਬਣਾਉਣ ਦੇ ਫ਼ੈਸਲੇ ਦੀ ਸ਼ਲਾਘਾ ਕੀਤੀ ਅਤੇ ਇਸ ਨੂੰ ਬਿਹਤਰ ਪ੍ਰਸ਼ਾਸਨ ਅਤੇ ਖੁਸ਼ਹਾਲੀ ਵੱਲ ਇੱਕ ਹੋਰ ਕਦਮ ਦੱਸਿਆ। ਉਨ੍ਹਾਂ ਕਿਹਾ ਕਿ ਹੁਣ ਜ਼ਾਂਸਕਰ, ਦਰਾਸ, ਸ਼ਾਮ, ਨੁਬਰਾ ਅਤੇ ਚਾਂਗਥਾਂਗ 'ਤੇ ਜ਼ਿਆਦਾ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਐਕਸ 'ਤੇ ਕਿਹਾ, "ਲੱਦਾਖ ਵਿੱਚ ਪੰਜ ਨਵੇਂ ਜ਼ਿਲ੍ਹਿਆਂ ਦਾ ਨਿਰਮਾਣ ਬਿਹਤਰ ਪ੍ਰਸ਼ਾਸਨ ਅਤੇ ਖੁਸ਼ਹਾਲੀ ਵੱਲ ਕਦਮ ਹੈ।"

## ਕੀ ਨਵੇਂ ਜ਼ਿਲ੍ਹਿਆਂ ਲਈ ਵੀ ਆਟੋਨੋਮਸ ਹਿੱਲ ਡਿਵੈਲਪਮੈਂਟ ਕੌਂਸਲਾਂ ਦੀ ਚੋਣ ਹੋਵੇਗੀ: ਜੈਰਾਮ ਰਮੇਸ਼

ਨਵੀਂ ਦਿੱਲੀ/ਏ.ਟੀ.ਨਿਊਜ਼: ਲੱਦਾਖ ਵਿੱਚ ਪੰਜ ਨਵੇਂ ਜ਼ਿਲ੍ਹਿਆਂ ਦੇ ਐਲਾਨ ਤੋਂ ਬਾਅਦ ਕਾਂਗਰਸ ਨੇ ਸਵਾਲ ਕੀਤਾ ਕਿ ਕੀ ਇਨ੍ਹਾਂ 'ਚੋਂ ਹਰ ਜ਼ਿਲ੍ਹੇ ਲਈ 'ਆਟੋਨੋਮਸ ਹਿੱਲ ਡਿਵੈਲਪਮੈਂਟ ਕੌਂਸਲ' ਦੀ ਚੋਣ ਕੀਤੀ ਜਾਵੇਗੀ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ 'ਐਕਸ' 'ਤੇ ਪੋਸਟ 'ਚ ਕਿਹਾ, "ਲੇਹ ਲਈ ਚੁਣੀ ਗਈ 'ਆਟੋਨੋਮਸ ਹਿੱਲ ਡਿਵੈਲਪਮੈਂਟ ਕੌਂਸਲ' (ਏ.ਐੱਚ.ਡੀ.ਸੀ.) ਦੀ ਸਥਾਪਨਾ 1995 ਵਿੱਚ ਕੀਤੀ ਗਈ ਸੀ। ਇਸੇ ਤਰ੍ਹਾਂ ਕਾਰਗਿਲ ਦੀ ਏ.ਐੱਚ.ਡੀ.ਸੀ. ਦੀ ਸਥਾਪਨਾ 2003 ਵਿੱਚ ਹੋਈ ਸੀ। ਹੁਣ ਲੇਹ ਅਤੇ ਕਾਰਗਿਲ ਤੋਂ ਇਲਾਵਾ ਲੱਦਾਖ ਵਿੱਚ ਪੰਜ ਨਵੇਂ ਜ਼ਿਲ੍ਹੇ ਬਣਾਏ ਗਏ ਹਨ। ਕੀ ਹੁਣ ਇਨ੍ਹਾਂ ਪੰਜ ਨਵੇਂ ਜ਼ਿਲ੍ਹਿਆਂ 'ਚ ਵੀ ਅਜਿਹੀਆਂ ਕੌਂਸਲਾਂ ਦੀ ਚੋਣ ਕੀਤੀ ਜਾਵੇਗੀ ?" ਉਨ੍ਹਾਂ ਕਿਹਾ ,"ਇਸ ਵੇਲੇ ਲੱਦਾਖ ਨੂੰ ਅਲਾਟ ਕੀਤੇ ਗਏ ਕੁੱਲ ਖਰਚੇ ਦਾ 10 ਫੀਸਦ ਤੋਂ ਘੱਟ ਹਿੱਸਾ ਇਨ੍ਹਾਂ ਦੋ ਕੌਂਸਲਾਂ ਜਦਕਿ ਬਾਕੀ 90 ਫੀਸਦ ਹਿੱਸਾ ਉਪ ਰਾਜਪਾਲ ਅਤੇ ਨੌਕਰਸ਼ਾਹੀ ਦੇ ਕੰਟਰੋਲ ਹੇਠ ਹੈ।" ਕਾਂਗਰਸ ਆਗੂ ਨੇ ਪੁੱਛਿਆ ਕਿ ਕੀ ਨਵੀਆਂ ਚੁਣੀਆਂ ਜਾਣ ਵਾਲੀਆਂ ਕੌਂਸਲਾਂ ਕੋਲ ਵੱਧ ਅਧਿਕਾਰ ਹੋਣਗੇ ?

# ਕੈਨੇਡਾ ਦੇ ਏਅਰਪੋਰਟਾਂ ’ਤੇ ਸ਼ਰਨ ਮੰਗਣ ਵਾਲੇ ਭਾਰਤੀਆਂ ਦੀ ਗਿਣਤੀ ਵਧੀ

## 2024 ਦੇ 6 ਮਹੀਨਿਆਂ ਵਿੱਚ 16,800 ਭਾਰਤੀਆਂ ਨੇ ਕੈਨੇਡੀਅਨ ਏਅਰਪੋਰਟ ’ਤੇ ਸ਼ਰਨ ਮੰਗੀ

### ਬੀਤੇ ਪੂਰੇ ਸਾਲ 11,265 ਨੇ ਸ਼ਰਨ ਮੰਗੀ ਸੀ, ਰੁਝਾਨ ਅਜੇ ਵੀ ਜਾਰੀ

### ਭਾਰਤ ਵਿੱਚ ਖੁਦ ਨੂੰ ਜਾਨ ਦਾ ਖ਼ਤਰਾ ਦਸ ਰਹੇ ਨੇ ਅਨੇਕਾਂ ਭਾਰਤੀ



ਇਸ ਸਾਲ ਕੈਨੇਡੀਅਨ ਏਅਰਪੋਰਟ ’ਤੇ ਸ਼ਰਨ ਮੰਗਣ ਵਾਲੇ ਭਾਰਤੀਆਂ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ ਅਤੇ ਜਨਵਰੀ,2024 ਤੋਂ ਲੈ ਕੇ ਜੂਨ 2024 ਤਕ 16,800 ਭਾਰਤੀਆਂ ਨੇ ਕੈਨੇਡਾ ਦੀਆਂ ਏਅਰਪੋਰਟਾਂ ’ਤੇ ਸ਼ਰਨ ਮੰਗੀ ਹੈ। ਇਹਨਾਂ ਵਿੱਚ 30 ਫੀਸਦੀ ਇਕੱਲੇ ਪੰਜਾਬ ਤੋਂ ਹਨ। ਇਹ ਅੰਕੜਾ ਇਸ ਲਈ ਵੀ ਹੈਰਾਨ ਕਰਨਾ ਵਾਲਾ ਹੈ ਕਿਉਂਕਿ ਬੀਤੇ ਪੂਰੇ ਸਾਲ ਯਾਨੀ 2023 ਵਿੱਚ 11,265 ਲੋਕਾਂ ਨੇ ਇਹ ਕੰਮ ਕੀਤਾ ਸੀ। ਉਥੇ ਸਾਲ 2022 ਵਿੱਚ ਸਿਰਫ਼ 4100 ਅਤੇ 2021 ਵਿੱਚ 1495 ਭਾਰਤੀਆਂ ਨੇ ਹੀ ਕੈਨੇਡਾ ਵਿੱਚ ਸ਼ਰਨ ਮੰਗੀ ਸੀ। ਬੀਤੇ ਸਾਲ ਦੇ ਪਹਿਲੇ ਛੇ ਮਹੀਨਿਆਂ ਦੇ ਮੁਕਾਬਲੇ ਇਸ ਸਾਲ ਵਿੱਚ ਭਾਰਤੀਆਂ ਵੱਲੋਂ ਸ਼ਰਨ ਮੰਗਣ ਦੇ ਮਾਮਲਿਆਂ ਵਿੱਚ 500 ਫੀਸਦੀ ਤੱਕ ਦਾ ਵਾਧਾ ਦੇਖਿਆ ਗਿਆ ਹੈ।

ਕੈਨੇਡੀਅਨ ਏਅਰਪੋਰਟਸ ’ਤੇ ਭਾਰਤੀਆਂ ਵੱਲੋਂ ਅਚਾਨਕ ਹੀ ਸ਼ਰਨ ਮੰਗਣ ਦੇ ਮਾਮਲੇ ਵਧਣ ਤੋਂ ਕੈਨੇਡੀਅਨ ਅਧਿਕਾਰੀ ਵੀ ਹੈਰਾਨ ਹਨ ਕਿਉਂਕਿ ਬੀਤੇ ਸਾਲਾਂ ਵਿੱਚ ਇਹ ਅੰਕੜਾ ਇੱਕ ਸੀਮਿਤ ਦਾਇਰੇ ਵਿੱਚ ਹੀ ਰਹਿੰਦਾ ਸੀ ਜਦੋਂਕਿ 2024 ਵਿੱਚ ਸਾਰੇ ਪੁਰਾਣੇ ਰਿਕਾਰਡ ਟੁੱਟ ਗਏ ਹਨ। ਹਾਲਾਂਕਿ ਕੈਨੇਡਾ ਸਰਕਾਰ ਦੇ ਵੱਲੋਂ ਅਜੇ ਤਕ ਇਸ ਸਬੰਧ ਵਿੱਚ ਭਾਰਤ ਨੂੰ ਕੁਝ ਨਹੀਂ ਕਿਹਾ ਗਿਆ ਹੈ।

ਸਾਲ 2024 ਦੇ ਅਪ੍ਰੈਲ ਤੋਂ ਜੂਨ ਤਕ ਕਰੀਬ 6000 ਭਾਰਤੀਆਂ ਨੇ ਕੈਨੇਡਾ ਵਿੱਚ ਸ਼ਰਨ ਮੰਗੀ ਹੈ। ਇਸਦੇ ਬਾਅਦ ਜੁਲਾਈ- ਅਗਸਤ ਵਿੱਚ ਵੀ ਇਹ ਰੁਝਾਨ ਜਾਰੀ ਹੈ ਅਤੇ ਏਅਰਪੋਰਟ ’ਤੇ ਲਗਾਤਾਰ ਭਾਰਤੀ ਸ਼ਰਨ ਮੰਗ ਰਹੇ ਹਨ। ਭਾਰਤ ਅਤੇ ਕੈਨੇਡਾ ਦੇ ਵਿਚਾਲੇ ਚਲ ਰਹੇ ਰਾਜਨੀਤਿਕ ਸੰਬੰਧਾਂ ਦੇ ਚਲਦੇ ਇਸ ਤਰ੍ਹਾਂ ਦੇ ਹਾਲਾਤ ਕੈਨੇਡਾ ਨੂੰ ਭਾਰਤ ਦੇ ਖ਼ਿਲਾਫ਼ ਬੋਲਣ ਦਾ ਨਵਾਂ ਮੁੱਦਾ ਦੇ ਸਕਦੇ ਹਨ।

**ਬੰਗਲਾਦੇਸ਼ ਦੂਜੇ ਨੰਬਰ ’ਤੇ**

ਭਾਰਤ ਦੇ ਬਾਅਦ ਦੂਜੇ ਨੰਬਰ ’ਤੇ ਬੰਗਲਾਦੇਸ਼ ਹੈ, ਜਿਸ ਵਿਚੋਂ 10,920 ਬੰਗਲਾਦੇਸ਼ੀਆਂ ਨੇ ਕੈਨੇਡਾ ਵਿੱਚ ਸ਼ਰਨ ਮੰਗੀ ਹੈ। ਉਸ ਦੇ ਬਾਅਦ ਨਾਈਜੀਰਿਆ, ਸ੍ਰੀਲੰਕਾ, ਪਾਕਿਸਤਾਨ ਆਦਿ ਆਉਂਦੇ ਹਨ, ਜਿਹਨਾਂ ਵਿੱਚੋਂ 5000 ਤੋਂ 7000 ਦੇ ਵਿਚਾਲੇ ਲੋਕਾਂ ਨੇ ਕੈਨੇਡਾ ਵਿੱਚ ਸ਼ਰਨ ਮੰਗੀ ਹੈ।

**ਕਿਉਂ ਮੰਗਦੇ ਹਨ ਸ਼ਰਨ**

ਕੈਨੇਡਾ ਵਿੱਚ ਸ਼ਰਨ ਮੰਗਣ ਵਾਲੇ ਜ਼ਿਆਦਾਤਰ ਭਾਰਤ ਵਿੱਚ ਆਪਣੇ ਅਤੇ ਆਪਣੇ ਪਰਿਵਾਰ ਦੀ ਜਾਨ ’ਤੇ ਖ਼ਤਰਾ, ਰਾਜਨੀਤਿਕ ਦਬਾਓ, ਧਾਰਮਿਕ ਦਬਾਓ ਆਦਿ ਦੱਸਦੇ ਹਨ।

ਉਥੇ ਕੈਨੇਡਾ ਵਿੱਚ ਵੈਧ ਵੀਜ਼ਾ ’ਤੇ ਪ੍ਰਵੇਸ਼ ਨਾ ਮਿਲਣ ਦੇ ਡਰ ਕਾਰਨ ਉਹ ਸ਼ਰਨ ਮੰਗਣ ਦੇ ਰਸਤੇ ਕੈਨੇਡਾ ਵਿੱਚ ਐਂਟਰੀ ਕਰਦੇ ਹਨ। ਉਹਨਾਂ ਨੂੰ ਏਅਰਪੋਰਟ ’ਤੇ ਹੀ ਸ਼ਰਨ ਮੰਗਣ ਦੇ ਲਈ ਅਪਲਾਈ ਕਰਨ ਦਾ ਮੌਕਾ ਆਸਾਨੀ ਨਾਲ ਮਿਲ ਜਾਂਦਾ ਹੈ। ਪਹਿਲਾਂ ਸ਼ਰਨ ਪ੍ਰਾਪਤ ਕਰ ਚੁੱਕੇ ਲੋਕ ਵੀ ਆਪਣੇ ਪਰਿਵਾਰਾਂ ਨੂੰ ਇਸ ਰਸਤੇ ਕੈਨੇਡਾ ਵੱਸਣ ਦਾ ਤਰੀਕਾ ਦਸ ਰਹੇ ਹਨ। ਵਿਦਿਆਰਥੀ, ਸਪਾਈਸ ਵੀਜ਼ਾ ਅਤੇ ਹੋਰ ਬਦਲਾਓ ਦੇ ਕਾਰਨ ਵੀ ਇਹ ਤਰੀਕਾ ਅਪਣਾਇਆ ਜਾ ਰਿਹਾ ਹੈ।

**ਵੈਧ ਵੀਜ਼ਾ ਆਉਣ ਤੋਂ ਬਾਅਦ ਮੰਗ ਰਹੇ ਸ਼ਰਨ**

ਇੰਮੀਗ੍ਰੇਸ਼ਨ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਆ ਕੇ ਸ਼ਰਨ ਮੰਗਣ ਵਾਲਿਆਂ ਵਿਚੋਂ ਜ਼ਿਆਦਾਤਰ ਭਾਰਤੀ ਵੈਧ ਵੀਜ਼ੇ ਨਾਲ ਹੀ ਕੈਨੇਡਾ ਪਹੁੰਚ ਰਹੇ ਹਨ। ਇਹਨਾਂ ਵਿੱਚ ਸਟੂਡੈਂਟ ਵੀਜ਼ਾ ਤੋਂ ਲੈ ਕੇ ਟੂਰਿਸਟ ਵੀਜ਼ਾ ’ਤੇ ਆਉਣ ਵਾਲੇ ਲੋਕ ਵੀ ਸ਼ਾਮਲ ਹਨ। ਭਾਰਤ ਵਿੱਚ ਆਪਣੀ ਚੰਗੀ ਵਿੱਤੀ ਸਥਿਤੀ ਦਿਖਾ ਕੇ ਟੂਰਿਸਟ ਵੀਜ਼ਾ ਹਾਸਲ ਕਰਨ ਤੋਂ ਬਾਅਦ ਇਹ ਲੋਕ ਕੈਨੇਡੀਅਨ ਏਅਰਪੋਰਟ ’ਤੇ ਪਹੁੰਚਣ ਤੋਂ ਬਾਅਦ ਹੀ ਸ਼ਰਨ ਦੇ ਲਈ ਅਪਲਾਈ ਕਰ ਦਿੰਦੇ ਹਨ ਤਾਂ ਕਿ ਉਹਨਾਂ ਨੂੰ ਕੈਨੇਡਾ ਵਿੱਚ ਐਂਟਰੀ ਮਿਲ ਜਾਵੇ। ਜਾਣਕਾਰਾਂ ਦਾ ਕਹਿਣਾ ਹੈ ਕਿ ਲੋਕਾਂ ਨੂੰ ਲੱਗਦਾ ਹੈ ਕਿ ਵੀਜ਼ਾ ਹੋਣ ਦੇ ਬਾਵਜੂਦ ਉਹਨਾਂ ਨੂੰ ਸ਼ੱਕੀ ਮੰਨ ਕੇ ਕੈਨੇਡਾ ਵਿੱਚ ਐਂਟਰੀ ਕਰਨ ਤੋਂ ਰੋਕਿਆ ਜਾ ਸਕਦਾ ਹੈ। ਅਜਿਹੇ ਵਿੱਚ ਉਹ ਸ਼ਰਨ ਮੰਗਣ ਦਾ ਸੁਰਖਿਅਤ ਰਸਤਾ ਅਪਨਾਅ ਰਹੇ ਹਨ। ਕੈਨੇਡਾ ਦੇ ਰਸਤੇ ਅਮਰੀਕਾ ਜਾਣ ਵਾਲੇ ਕਾਫ਼ੀ ਲੋਕ ਵੀ ਕੈਨੇਡਾ ਵਿੱਚ ਸ਼ਰਨ ਮੰਗ ਰਹੇ ਹਨ।

**ਕੈਨੇਡਾ ਵਿੱਚ ਸ਼ਰਨ ਮੰਗਣ ਵਾਲੇ**

| ਦੇਸ਼ | 2023 | 2024 (ਪਹਿਲੇ ਛੇ ਮਹੀਨੇ) |
|---|---|---|
| ਭਾਰਤ | 11,265 | 16,800 |
| ਬੰਗਲਾਦੇਸ਼ | 4,400 | 10,920 |
| ਨਾਈਜੀਰਿਆ | 9,120 | 7,650 |
| ਸ੍ਰੀਲੰਕਾ | 2,695 | 4,750 |
| ਪਾਕਿਸਤਾਨ | 5,245 | 2,720 |



## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਚੋਣਾਂ ਲਈ ਨੈਸ਼ਨਲ ਕਾਨਫ਼ਰੰਸ ਤੇ ਕਾਂਗਰਸ ਵਿਚਾਲੇ ਗੱਠਜੋੜ

## ਜੰਮੂ-ਕਸ਼ਮੀਰ 'ਚ ਸਾਰੀਆਂ 90 ਸੀਟਾਂ 'ਤੇ ਗੱਠਜੋੜ ਨੂੰ ਅੰਤਿਮ ਰੂਪ ਦਿੱਤਾ



ਸ੍ਰੀਨਗਰ/ਏ.ਟੀ.ਨਿਊਜ਼ : ਜੰਮੂ ਕਸ਼ਮੀਰ ਵਿਧਾਨ ਸਭਾ ਚੋਣਾਂ ਲਈ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਵੱਲੋਂ ਗੱਠਜੋੜ ਕੀਤਾ ਗਿਆ ਹੈ ਅਤੇ ਦੋਵਾਂ ਪਾਰਟੀਆਂ ਵਿਚਾਲੇ ਸਾਰੀਆਂ 90 ਸੀਟਾਂ 'ਤੇ ਗੱਠਜੋੜ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਇਹ ਜਾਣਕਾਰੀ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲ੍ਹਾ ਨੇ ਦਿੱਤੀ। ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਵੱਲੋਂ ਅਬਦੁੱਲ੍ਹਾ ਦੀ ਰਿਹਾਇਸ਼ 'ਤੇ ਨੈਸ਼ਨਲ ਕਾਨਫਰੰਸ ਦੀ ਲੀਡਰਸ਼ਿਪ ਨਾਲ ਮੀਟਿੰਗ ਤੋਂ ਬਾਅਦ ਇਹ ਐਲਾਨ ਕੀਤਾ ਗਿਆ ਹੈ।

ਫਾਰੂਕ ਅਬਦੁੱਲ੍ਹਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, 'ਸਾਡੀ ਮੀਟਿੰਗ ਖੁਸ਼ਨੁਮਾ ਮਾਹੌਲ 'ਚ ਕਾਫੀ ਚੰਗੀ ਰਹੀ। ਗੱਠਜੋੜ ਸਹੀ ਰਾਹ 'ਤੇ ਹੈ ਅਤੇ ਅੱਲ੍ਹਾ ਨੇ ਚਾਹਿਆ ਤਾਂ ਇਹ ਸਹੀ ਢੰਗ ਨਾਲ ਚੱਲੇਗਾ। ਜੰਮੂ ਕਸ਼ਮੀਰ ਦੀ 90 ਮੈਂਬਰੀ ਵਿਧਾਨ ਸਭਾ ਲਈ ਤਿੰਨ ਗੇੜਾਂ ਤਹਿਤ ਚੋਣਾਂ 18 ਸਤੰਬਰ, 25 ਸਤੰਬਰ ਤੇ 1 ਅਕਤੂਬਰ ਨੂੰ ਹੋਣਗੀਆਂ। ਨਤੀਜੇ ਚਾਰ ਅਕਤੂਬਰ ਨੂੰ ਐਲਾਨੇ ਜਾਣਗੇ। ਅਬਦੁੱਲ੍ਹਾ ਨੇ ਕਿਹਾ, 'ਮਾਰਕਸਵਾਦੀ ਕਮਿਊਨਿਸਟ ਪਾਰਟੀ (ਸੀਪੀਆਈ-ਐੱਮ) ਦੇ (ਐੱਮਵਾਈ) ਤਰੀਗਾਮੀ ਵੀ ਸਾਡੇ ਨਾਲ ਹਨ। ਮੈਨੂੰ ਉਮੀਦ ਹੈ ਕਿ ਸਾਨੂੰ ਲੋਕਾਂ ਦਾ ਸਾਥ ਮਿਲੇਗਾ ਅਤੇ ਅਸੀਂ ਲੋਕਾਂ ਦੀ ਜ਼ਿੰਦਗੀ ਬਿਹਤਰ ਬਣਾਉਣ ਲਈ ਭਾਰੀ ਬਹੁਮਤ ਨਾਲ ਜਿੱਤਾਂਗੇ।' ਇਸ ਤੋਂ ਪਹਿਲਾਂ ਦਿਨ ਵੇਲੇ ਰਾਹੁਲ ਗਾਂਧੀ ਨੇ ਭਰੋਸਾ ਦਿੱਤਾ ਕਿ ਜੰਮੂ ਕਸ਼ਮੀਰ ਲਈ ਰਾਜ ਦਾ ਦਰਜਾ ਬਹਾਲ ਕਰਨਾ ਕਾਂਗਰਸ ਤੇ 'ਇੰਡੀਆ' ਗੱਠਜੋੜ ਦੀ ਤਰਜੀਹ ਹੈ। ਗਾਂਧੀ ਦੇ ਇਸ ਭਰੋਸੇ ਬਾਰੇ ਪੁੱਛੇ ਜਾਣ 'ਤੇ ਅਬਦੁੱਲ੍ਹਾ ਨੇ ਉਮੀਦ ਜ਼ਾਹਿਰ ਕੀਤੀ ਕਿ ਸਾਰੀਆਂ ਸ਼ਕਤੀਆਂ ਨਾਲ ਪੂਰਨ ਰਾਜ ਦਾ ਦਰਜਾ ਬਹਾਲ ਕੀਤਾ ਜਾਵੇਗਾ। ਅਬਦੁੱਲ੍ਹਾ ਨੇ ਕਿਹਾ, 'ਰਾਜ ਦਾ ਦਰਜਾ ਸਾਡੇ ਸਾਰਿਆਂ ਲਈ ਬਹੁਤ ਅਹਿਮ ਹੈ। ਇਸ ਦਾ ਸਾਡੇ ਨਾਲ ਵਾਅਦਾ ਕੀਤਾ ਗਿਆ ਹੈ। ਇਸ ਰਾਜ ਨੇ ਬੁਰੇ ਦਿਨ ਦੇਖੇ ਹਨ ਅਤੇ ਸਾਨੂੰ ਉਮੀਦ ਹੈ ਕਿ ਇਸ ਨੂੰ ਪੂਰੀਆਂ ਸ਼ਕਤੀਆਂ ਨਾਲ ਬਹਾਲ ਕੀਤਾ ਜਾਵੇਗਾ। ਇਸ ਲਈ ਅਸੀਂ 'ਇੰਡੀਆ' ਧੜੇ ਨਾਲ ਇਕਜੁੱਟ ਹਾਂ।'

## ਹੋਰ ਵਿਰੋਧੀ ਪਾਰਟੀਆਂ ਨਾਲ ਵੀ ਗੱਠਜੋੜ ਦੇ ਇੱਛੁਕ ਹਾਂ: ਖੜਗੇ

ਸ੍ਰੀਨਗਰ/ਏ.ਟੀ.ਨਿਊਜ: ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਜੰਮੂ ਕਸ਼ਮੀਰ ਵਿਧਾਨ ਸਭਾ ਚੋਣਾਂ ਲਈ ਹੋਰ ਵਿਰੋਧੀ ਪਾਰਟੀਆਂ ਨਾਲ ਗੱਠਜੋੜ ਦੀ ਇੱਛਾ ਜ਼ਾਹਿਰ ਕੀਤੀ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਲੋਕਾਂ ਨਾਲ ਭਾਜਪਾ ਦੇ ਵਾਅਦਿਆਂ ਨੂੰ 'ਜੁਮਲਾ' ਕਰਾਰ ਦਿੱਤਾ। ਖੜਗੇ ਨੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨਾਲ ਇੱਥੇ ਕਾਂਗਰਸ ਆਗੂਆਂ ਤੇ ਵਰਕਰਾਂ ਤੋਂ ਵਿਧਾਨ ਸਭਾ ਚੋਣਾਂ ਦੀਆਂ ਜ਼ਮੀਨੀ ਪੱਧਰ ਦੀਆਂ ਤਿਆਰੀਆਂ ਬਾਰੇ ਫੀਡਬੈਕ ਲਿਆ। ਖੜਗੇ ਨੇ ਇੱਥੇ ਪੱਤਰਕਾਰਾਂ ਨੂੰ ਕਿਹਾ, 'ਚੋਣਾਂ ਦੇ ਐਲਾਨ ਤੋਂ ਬਾਅਦ ਇਹ ਪਹਿਲੀ ਮੀਟਿੰਗ ਸੀ। ਅਸੀਂ ਇੱਥੇ ਚੋਣਾਂ ਤੇ ਗੱਠਜੋੜ ਲਈ ਸਥਾਨਕ ਆਗੂਆਂ ਤੇ ਵਰਕਰਾਂ ਦੀ ਰਾਏ ਜਾਣਨ ਲਈ ਆਏ ਹਾਂ। ਰਾਹੁਲ ਗਾਂਧੀ ਦੀ ਅਗਵਾਈ ਹੇਠ ਅਸੀਂ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਕਰਵਾਉਣ ਸਬੰਧੀ ਪਹਿਲਕਦਮੀ ਕੀਤੀ ਹੈ। ਅਸੀਂ ਇਸ ਦਿਸ਼ਾ 'ਚ ਕੰਮ ਕਰਨ ਦਾ ਵਾਅਦਾ ਕਰਦੇ ਹਾਂ।' ਉਨ੍ਹਾਂ ਕਿਹਾ, 'ਰਾਹੁਲ ਗਾਂਧੀ ਹੋਰ ਵਿਰੋਧੀ ਪਾਰਟੀਆਂ ਨਾਲ ਮਿਲ ਕੇ ਚੋਣਾਂ ਲੜਨ ਦੇ ਇੱਛੁਕ ਹਨ। 'ਇੰਡੀਆ' ਗੱਠਜੋੜ ਨੇ ਇੱਕ ਤਾਨਾਸ਼ਾਹ ਨੂੰ ਪੂਰਨ ਬਹੁਮਤ ਨਾਲ (ਕੇਂਦਰ ਵਿੱਚ) ਸੱਤਾ 'ਚ ਆਉਣ ਤੋਂ ਰੋਕਿਆ।'

## ਜੰਮੂ ਕਸ਼ਮੀਰ ਦਾ ਪੂਰਨ ਰਾਜ ਦਾ ਦਰਜਾ ਬਹਾਲ ਕਰਨਾ ਤਰਜੀਹ: ਰਾਹੁਲ



ਸ੍ਰੀਨਗਰ/ਏ.ਟੀ.ਨਿਊਜ਼ : ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਜੰਮੂ ਕਸ਼ਮੀਰ ਦਾ ਪੂਰਨ ਰਾਜ ਦਾ ਦਰਜਾ ਬਹਾਲ ਕਰਨਾ ਕਾਂਗਰਸ ਤੇ ਵਿਰੋਧੀ ਗੱਠਜੋੜ 'ਇੰਡੀਆ' ਦੀ ਤਰਜੀਹ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਉਨ੍ਹਾਂ ਦੀ ਪਾਰਟੀ ਦਾ ਟੀਚਾ ਹੈ ਕਿ ਜੰਮੂ ਕਸ਼ਮੀਰ ਤੇ ਲੱਦਾਖ ਦੇ ਲੋਕਾਂ ਨੂੰ ਉਨ੍ਹਾਂ ਦੇ ਜਮਹੂਰੀ ਅਧਿਕਾਰ ਵਾਪਸ ਮਿਲਣ। ਉਨ੍ਹਾਂ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, 'ਕਾਂਗਰਸ ਪਾਰਟੀ ਤੇ 'ਇੰਡੀਆ' ਦੀ ਤਰਜੀਹ ਹੈ ਕਿ ਜੰਮੂ ਕਸ਼ਮੀਰ ਦਾ ਪੂਰਨ ਰਾਜ ਦਾ ਦਰਜਾ ਜਲਦੀ ਤੋਂ ਜਲਦੀ ਬਹਾਲ ਕੀਤਾ ਜਾਵੇ।

ਸਾਨੂੰ ਉਮੀਦ ਸੀ ਕਿ ਚੋਣਾਂ ਤੋਂ ਪਹਿਲਾਂ ਅਜਿਹਾ ਕਰ ਦਿੱਤਾ ਜਾਵੇਗਾ ਪਰ ਚੋਣਾਂ ਦਾ ਐਲਾਨ ਹੋ ਗਿਆ। ਸਾਨੂੰ ਉਮੀਦ ਹੈ ਕਿ ਜਲਦੀ ਤੋਂ ਜਲਦੀ ਪੂਰਨ ਰਾਜ ਦਾ ਦਰਜਾ ਬਹਾਲ ਕਰ ਦਿੱਤਾ ਜਾਵੇਗਾ ਤੇ ਜੰਮੂ ਕਸ਼ਮੀਰ ਦੇ ਲੋਕਾਂ ਦੇ ਅਧਿਕਾਰ ਬਹਾਲ ਕਰ ਦਿੱਤੇ ਜਾਣਗੇ।' ਉਨ੍ਹਾਂ ਕਿਹਾ, 'ਅਜਿਹਾ ਪਹਿਲਾਂ ਕਦੀ ਨਹੀਂ ਹੋਇਆ। ਕੇਂਦਰ ਸ਼ਾਸਿਤ ਪ੍ਰਦੇਸ਼ ਰਾਜ ਬਣ ਗਏ ਪਰ ਇਹ ਪਹਿਲੀ ਵਾਰ ਹੈ ਕਿ ਕੋਈ ਰਾਜ ਕੇਂਦਰ ਸ਼ਾਸਿਤ ਪ੍ਰਦੇਸ਼ ਬਣ ਗਿਆ ਹੈ।' ਰਾਹੁਲ ਨੇ ਇਹ ਵੀ ਕਿਹਾ ਕਿ ਇੱਥੇ ਆਉਣਾ ਉਨ੍ਹਾਂ ਲਈ ਖੁਸ਼ਕਿਸਮਤੀ ਦੀ ਗੱਲ ਹੈ ਅਤੇ ਜੰਮੂ ਕਸ਼ਮੀਰ ਦੇ ਲੋਕਾਂ ਨਾਲ ਉਨ੍ਹਾਂ ਦਾ ਡੂੰਘਾ ਰਿਸ਼ਤਾ ਹੈ। ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਲੋਕ ਸਭਾ ਚੋਣਾਂ ਦੇ ਨਤੀਜਿਆਂ ਮਗਰੋਂ ਨਰਿੰਦਰ ਮੋਦੀ ਦੇ ਹਾਵ-ਭਾਵ ਤੇ ਆਤਮ ਵਿਸ਼ਵਾਸ ਕਾਫੀ ਬਦਲ ਗਏ ਹਨ। ਉਨ੍ਹਾਂ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ, 'ਤੁਹਾਨੂੰ ਹਮੇਸ਼ਾ ਮਹਿਸੂਸ ਹੋਣਾ ਚਾਹੀਦਾ ਹੈ ਕਿ ਦਿੱਲੀ 'ਚ ਤੁਹਾਡਾ ਸਿਪਾਹੀ ਹੈ। ਮੈਂ ਤੁਹਾਡਾ ਸਿਪਾਹੀ ਹਾਂ। ਤੁਹਾਨੂੰ ਜੋ ਵੀ ਚਾਹੀਦਾ ਹੈ, ਮੇਰੇ ਦਰਵਾਜ਼ੇ ਹਮੇਸ਼ਾ ਤੁਹਾਡੇ ਲਈ ਖੁੱਲ੍ਹੇ ਹਨ।'

ਇਸੇ ਦੌਰਾਨ ਰਾਹੁਲ ਗਾਂਧੀ ਨੇ ਕਸ਼ਮੀਰੀ ਵਿਦਿਆਰਥੀਆਂ ਦੇ ਵਫ਼ਦ ਨਾਲ ਮੁਲਾਕਾਤ ਕਰਦਿਆਂ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਦੇ ਮਸਲੇ ਸੰਸਦ 'ਚ ਉਠਾਉਣਗੇ।

## ਭਾਰਤ ਨੇ ਕਤਰ ਦੇ ਸਾਹਮਣੇ ਉਠਾਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਜ਼ਬਤੀ ਦਾ ਮੁੱਦਾ

### ਵਿਦੇਸ਼ ਮੰਤਰਾਲੇ ਮੁਤਾਬਕ, ਇੱਕ ਸਰੂਪ ਕਰ ਦਿੱਤਾ ਗਿਆ ਹੈ ਵਾਪਸ



ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਸਰਕਾਰ ਨੇ ਕਿਹਾ ਹੈ ਕਿ ਉਸ ਨੇ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਜ਼ਬਤੀ ਦਾ ਮਾਮਲਾ ਕਤਰ ਸਰਕਾਰ ਦੇ ਸਾਹਮਣੇ ਚੁੱਕਿਆ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਕਿਹਾ ਕਿ ਅਸੀਂ ਕਤਰ ਦੇ ਅਧਿਕਾਰੀਆਂ ਵੱਲੋਂ ਜ਼ਬਤ ਕੀਤੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਤੇ ਸਿੱਖ ਭਾਈਚਾਰੇ ਵੱਲੋਂ ਇਹ ਸਰੂਪ ਵਾਪਸ ਲੈਣ ਦੀ ਮੰਗ ਸਬੰਧੀ ਰਿਪੋਰਟ ਦੇਖੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਸ ਨੂੰ ਗੰਭੀਰਤਾ ਨਾਲ ਲਿਆ ਹੈ। ਸਰਕਾਰ ਪਹਿਲਾਂ ਹੀ ਇਹ ਮਾਮਲਾ ਕਤਰ ਦੀ ਸਰਕਾਰ ਸਾਹਮਣੇ ਰੱਖ ਚੁੱਕੀ ਹੈ ਤੇ ਰਾਜਧਾਨੀ ਦੋਹਾ 'ਚ ਭਾਰਤੀ ਅੰਬੈਸੀ ਨੇ ਸਿੱਖ ਭਾਈਚਾਰੇ ਨੂੰ ਇਸ ਸਬੰਧੀ ਕੀਤੀ ਗਈ ਕਾਰਵਾਈ ਬਾਰੇ ਜਾਣੂ ਕਰਵਾਇਆ ਹੈ।

ਜਾਇਸਵਾਲ ਨੇ ਕਿਹਾ ਕਿ ਇਹ ਧਿਆਨ ਰੱਖਣਾ ਅਹਿਮ ਹੈ ਕਿ ਕਤਰ ਦੇ ਅਧਿਕਾਰੀਆਂ ਨੇ ਦੋ ਵਿਅਕਤੀਆਂ/ਸਮੂਹਾਂ ਤੋਂ ਗੁਰੂ ਗ੍ਰੰਥ ਸਾਹਿਬ ਦੇ ਦੋ ਸਰੂਪ ਜ਼ਬਤ ਕੀਤੇ ਸਨ। ਇਨ੍ਹਾਂ 'ਤੇ ਕਤਰ ਸਰਕਾਰ ਦੀ ਮਨਜ਼ੂਰੀ ਦੇ ਬਗ਼ੈਰ ਧਾਰਮਿਕ ਅਦਾਰੇ ਚਲਾਉਣ ਦਾ ਦੋਸ਼ ਸੀ। ਉਨ੍ਹਾਂ ਕਿਹਾ ਕਿ ਅੰਬੈਸੀ ਨੇ ਸਥਾਨਕ ਕਾਨੂੰਨਾਂ ਤੇ ਨਿਯਮਾਂ ਦੇ ਘੇਰੇ 'ਚ ਹਰ ਸੰਭਵ ਮਦਦ ਦਿੱਤੀ ਹੈ।

ਜਾਇਸਵਾਲ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦਾ ਇੱਕ ਸਰੂਪ ਕਤਰ ਦੇ ਅਧਿਕਾਰੀਆਂ ਨੇ ਵਾਪਸ ਕਰ ਦਿੱਤਾ ਹੈ ਤੇ ਭਰੋਸਾ ਦਿੱਤਾ ਹੈ ਕਿ ਦੂਜਾ ਸਰੂਪ ਸਨਮਾਨ ਨਾਲ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅਸੀਂ ਤਰਜੀਹ ਨਾਲ ਕਤਰ ਦੇ ਅਧਿਕਾਰੀਆਂ ਨਾਲ ਮਾਮਲੇ 'ਤੇ ਗੱਲਬਾਤ ਜਾਰੀ ਰੱਖਾਂਗੇ ਤੇ ਛੇਤੀ ਹੀ ਮਸਲੇ ਦੇ ਹੱਲ ਦੀ ਉਮੀਦ ਹੈ।

## ਤਿਉਹਾਰ ਮੌਕੇ ਭਾਰਤੀਆਂ ਨੇ ਖ਼ਰੀਦੇ ਕਰੋੜਾਂ ਦੇ ਸੋਨਾ-ਚਾਂਦੀ



ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤੀ ਗਾਹਕਾਂ ਨੇ ਇਸ ਰੱਖੜੀ 'ਤੇ ਸੋਨੇ ਦੀ ਕਾਫੀ ਖਰੀਦਦਾਰੀ ਕੀਤੀ ਹੈ। ਬਜਟ 'ਚ ਦਰਾਮਦ ਡਿਊਟੀ 'ਚ ਕਟੌਤੀ ਕਾਰਨ ਘਰੇਲੂ ਕੀਮਤਾਂ 'ਚ ਗਿਰਾਵਟ ਕਾਰਨ ਦੇਸ਼ ਭਰ 'ਚ ਕਰੋੜਾਂ ਰੁਪਏ ਦਾ ਸੋਨਾ ਵਿਕਿਆ ਹੈ।

ਇੰਡੀਆ ਬੁਲਿਅਨ ਐਂਡ ਜਵੈਲਰਜ਼ ਐਸੋਸੀਏਸ਼ਨ ਨੈਸ਼ਨਲ (ਆਈ.ਬੀ.ਜੇ.ਏ.) ਦੇ ਸਕੱਤਰ ਸੁਰਿੰਦਰ ਮਹਿਤਾ ਨੇ ਕਿਹਾ ਕਿ 'ਸੋਮਵਾਰ ਨੂੰ ਰੱਖੜੀ ਨਾਲ ਭਾਰਤ 'ਚ ਤਿਉਹਾਰੀ ਸੀਜ਼ਨ ਦੀ ਸ਼ੁਰੂਆਤ ਦਾ ਪਹਿਲਾ ਸ਼ੁਭ ਦਿਨ ਹੈ। ਭਾਰਤ ਭਰ ਦੇ ਸੁਨਿਆਰਿਆਂ ਤੋਂ ਮਿਲੀ ਜਾਣਕਾਰੀ ਮੁਤਾਬਕ ਰੱਖੜੀ ਦੇ ਮੌਕੇ 'ਤੇ ਸੋਨੇ ਦੀ ਮੰਗ ਵਿੱਚ 50% ਦਾ ਵਾਧਾ ਹੋਇਆ ਹੈ।'

**ਕਰੋੜਾਂ ਦਾ ਸੋਨਾ ਵਿਕਿਆ**

ਰੱਖੜੀ ਦੇ ਤਿਉਹਾਰ ਮੌਕੇ 'ਤੇ ਸਰਾਫਾ ਵਪਾਰੀਆਂ ਦੀ ਗੱਲ ਕਰੀਏ ਤਾਂ ਇਸ ਮੌਕੇ ਕਰੋੜਾਂ ਰੁਪਏ ਦਾ ਸੋਨਾ ਵਿਕਿਆ ਹੈ। ਸੋਨੇ-ਚਾਂਦੀ 'ਤੇ ਦਰਾਮਦ ਡਿਊਟੀ 'ਚ ਕਟੌਤੀ ਕਾਰਨ ਰੱਖੜੀ ਦੇ ਤਿਉਹਾਰ 'ਤੇ ਬਾਜ਼ਾਰ 'ਚ ਪੈਸੇ ਦੀ ਵਰਖਾ ਹੋਣ ਦੀ ਪਹਿਲਾਂ ਹੀ ਉਮੀਦ ਸੀ। ਦਰਾਮਦ ਡਿਊਟੀ 'ਚ ਕਟੌਤੀ ਕਾਰਨ ਸੋਨੇ-ਚਾਂਦੀ ਦੀਆਂ ਕੀਮਤਾਂ 'ਚ ਕਮੀ ਆਈ ਸੀ ਪਰ ਹੌਲੀ-ਹੌਲੀ ਇਨ੍ਹਾਂ ਦੀਆਂ ਕੀਮਤਾਂ ਵਧਦੀਆਂ ਗਈਆਂ।

ਇਸ ਦੇ ਬਾਵਜੂਦ ਰੱਖੜੀ 'ਤੇ 10 ਗ੍ਰਾਮ ਨਹੀਂ ਸਗੋਂ 7 ਗ੍ਰਾਮ ਸੋਨਾ ਸਭ ਤੋਂ ਵੱਧ ਵਿਕਿਆ ਹੈ। ਪਿਛਲੇ ਸਾਲ 3-4 ਗ੍ਰਾਮ ਸੋਨੇ ਦੀਆਂ ਵਸਤੂਆਂ ਸਭ ਤੋਂ ਵੱਧ ਵਿਕੀਆਂ। ਸਰਾਫਾ ਵਪਾਰੀਆਂ ਅਨੁਸਾਰ ਕੀਮਤ ਘੱਟ ਹੋਣ ਕਾਰਨ ਔਰਤ ਖਰੀਦਦਾਰਾਂ ਦੀ ਭੀੜ ਦੇਖਣ ਨੂੰ ਮਿਲੀ, ਜਿਸ ਦੇ ਮੱਦੇਨਜ਼ਰ ਕਈ ਸਰਾਫਾ ਵਪਾਰੀਆਂ ਨੇ ਖਰੀਦਦਾਰੀ ਅਨੁਸਾਰ ਗਾਹਕਾਂ ਨੂੰ ਤੋਹਫੇ ਵੀ ਦਿੱਤੇ। ਚਾਂਦੀ ਦੀਆਂ ਰੱਖੜੀਆਂ ਦੀ ਸਭ ਤੋਂ ਵੱਧ ਵਿਕਰੀ ਦੇਖਣ ਨੂੰ ਮਿਲੀ।ਪਿਛਲੇ ਮਹੀਨੇ ਦੇ ਮੁਕਾਬਲੇ ਡਾਲਰ ਅਧਾਰਿਤ ਅੰਤਰਰਾਸ਼ਟਰੀ ਸੋਨੇ ਦੀਆਂ ਕੀਮਤਾਂ ਵਿੱਚ 5.6% ਵਾਧੇ ਦੇ ਬਾਵਜੂਦ, ਭਾਰਤ ਵਿੱਚ ਸੋਨੇ ਦੀਆਂ ਕੀਮਤਾਂ ਬਜਟ ਤੋਂ ਇੱਕ ਦਿਨ ਪਹਿਲਾਂ 22 ਜੁਲਾਈ ਨੂੰ 75,541 ਰੁਪਏ ਪ੍ਰਤੀ 10 ਗ੍ਰਾਮ ਤੋਂ ਲਗਭਗ 2,000 ਰੁਪਏ ਪ੍ਰਤੀ 10 ਗ੍ਰਾਮ ਹੇਠਾਂ ਆ ਗਈਆਂ ਸਨ। ਸੋਮਵਾਰ ਨੂੰ ਸੋਨੇ ਦੀ ਕੀਮਤ 73,661 ਰੁਪਏ ਪ੍ਰਤੀ 10 ਗ੍ਰਾਮ ਸੀ। 23 ਜੁਲਾਈ ਦੇ ਬਜਟ 'ਚ ਸਰਕਾਰ ਨੇ ਸੋਨੇ 'ਤੇ ਦਰਾਮਦ ਡਿਊਟੀ 15 ਫੀਸਦੀ ਤੋਂ ਘਟਾ ਕੇ 6 ਫੀਸਦੀ ਕਰ ਦਿੱਤੀ ਸੀ।ਕੇਰਲ ਸਥਿਤ ਜੋਯਾਲੁਕਾਸ ਗਰੁੱਪ ਦੇ ਸੀ.ਈ.ਓ. ਬੇਬੀ ਜਾਰਜ ਅਨੁਸਾਰ, ਪਿਛਲੀ ਰੱਖੜੀ ਦੇ ਮੁਕਾਬਲੇ ਇਸ ਸਾਲ ਵਿਕਰੀ ਵਿੱਚ 20-25% ਦਾ ਵਾਧਾ ਹੋਇਆ ਹੈ। ਸੋਨੇ ਦੇ ਗਹਿਣਿਆਂ ਲਈ ਔਸਤ ਟਿਕਟ ਦਾ ਆਕਾਰ 1.10 ਲੱਖ ਰੁਪਏ ਹੈ, ਜਦੋਂ ਕਿ ਹੀਰੇ ਦੇ ਗਹਿਣਿਆਂ ਲਈ ਇਹ 1.25 ਲੱਖ ਰੁਪਏ ਹੈ।

## ਭਾਰਤ ਦੇ ਹੀਰਾ ਅਤੇ ਗਹਿਣਿਆਂ ਦੀ ਬਰਾਮਦ ਘਟੀ



ਮੁੰਬਈ/ਏ.ਟੀ.ਨਿਊਜ਼ : ਹਾਲ ਹੀ 'ਚ ਅਮਰੀਕਾ 'ਚ ਮੰਦੀ ਦਾ ਖਦਸ਼ਾ ਜ਼ਾਹਰ ਕੀਤਾ ਗਿਆ ਸੀ, ਜਦਕਿ ਮੰਗ 'ਚ ਗਿਰਾਵਟ ਪਹਿਲਾਂ ਹੀ ਗਲੋਬਲ ਬਾਜ਼ਾਰ 'ਚ ਦੇਖਣ ਨੂੰ ਮਿਲ ਰਹੀ ਹੈ। ਇਸ ਦਾ ਸਿੱਧਾ ਅਸਰ ਭਾਰਤ ਦੇ ਰਤਨ ਅਤੇ ਗਹਿਣਿਆਂ ਦੇ ਕਾਰੋਬਾਰ 'ਤੇ ਪਿਆ ਹੈ। ਰਤਨ ਅਤੇ ਗਹਿਣੇ ਨਿਰਯਾਤ ਪ੍ਰਮੋਸ਼ਨ ਕੌਂਸਲ (ਜੀ.ਜੇ.ਈ.ਪੀ.ਸੀ.) ਦੀ ਰਿਪੋਰਟ ਮੁਤਾਬਕ ਜੁਲਾਈ ਮਹੀਨੇ 'ਚ ਇਸ ਖੇਤਰ ਦੀ ਬਰਾਮਦ 'ਚ ਕਮੀ ਆਈ ਹੈ। ਅਮਰੀਕਾ 'ਚ ਮੰਦੀ ਦੇ ਡਰ ਕਾਰਨ ਸੂਰਤ ਦੀਆਂ ਕਈ ਹੀਰਾ ਫੈਕਟਰੀਆਂ ਨੇ ਇਸ ਮਹੀਨੇ ਆਪਣੇ ਕਰਮਚਾਰੀਆਂ ਨੂੰ 10 ਦਿਨਾਂ ਦੀ ਛੁੱਟੀ 'ਤੇ ਭੇਜ ਦਿੱਤਾ ਸੀ। ਜੀ.ਜੇ.ਈ.ਪੀ.ਸੀ. ਨੇ ਕਿਹਾ ਹੈ ਕਿ ਗਲੋਬਲ ਅਸ਼ਾਂਤੀ ਦੇ ਬਾਅਦ ਖਪਤਕਾਰਾਂ ਦੀ ਮੰਗ ਘਟਣ ਕਾਰਨ ਜੁਲਾਈ ਵਿੱਚ ਕੁੱਲ ਰਤਨ ਅਤੇ ਗਹਿਣਿਆਂ ਦੀ ਬਰਾਮਦ ਵਿੱਚ ਸਾਲ ਦਰ ਸਾਲ 23.28 ਪ੍ਰਤੀਸ਼ਤ ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਸ ਸਮੇਂ ਦੌਰਾਨ, ਨਿਰਯਾਤ ਘਟ ਕੇ 166.54 ਮਿਲੀਅਨ ਡਾਲਰ (ਬਾਕੀ ਸਫ਼ਾ 30 'ਤੇ)

ਦਰਪਣ ਝੂਠ ਨਹੀਂ ਬੋਲਦਾ

# ਮਾਇਆਵਤੀ ਦੀ ਰਾਖਵਾਂਕਰਨ ਬਾਰੇ ਦੋਗਲੀ ਨੀਤੀ

## ਕਿਉਂ ਕਰ ਰਹੀ ਹੈ ਬਾਲਮੀਕੀ, ਮਜ਼੍ਹਬੀ ਸਿੱਖ ਭਾਈਚਾਰੇ ਦੇ ਹੱਕਾਂ ਦਾ ਵਿਰੋਧ ?

### ਬਸਪਾ ਨੂੰ ਸੁਪਰੀਮ ਕੋਰਟ ਦਾ ਦਲਿਤ ਹਿਤੂ ਫ਼ੈਸਲਾ ਚੰਗਾ ਕਿਉਂ ਨਹੀਂ ਲੱਗਿਆ ?

ਹੁਣੇ ਜਿਹੇ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਲਈ ਰਾਖਵੇਂਕਰਨ ਵਿੱਚ ਵਰਗੀਕਰਨ ਬਾਰੇ ਸੁਪਰੀਮ ਕੋਰਟ ਦਾ ਇਤਿਹਾਸਕ ਫ਼ੈਸਲਾ ਆਇਆ, ਜੋ ਕਿ ਸ਼ਲਾਘਾਯੋਗ ਹੈ। ਇਸ ਫ਼ੈਸਲੇ ਅਤੇ ਅਦਾਲਤ 'ਤੇ ਅਨੁਸੂਚਿਤ ਜਾਤੀਆਂ ਦੇ ਭਾਰੂ ਵਰਗਾਂ ਨੇ ਹਮਲਾ ਕੀਤਾ ਹੈ। ਇਹ ਸਾਰੇ ਲੋਕ ਜੋ ਰਾਖਵੇਂਕਰਨ ਦਾ ਫ਼ਾਇਦਾ ਉਠਾਉਂਦੇ ਸਨ ਅਤੇ ਜੋ 85% ਦਾ ਨਾਅਰਾ ਲਗਾਉਂਦੇ ਸਨ, ਅੱਜ ਅਨੁਸੂਚਿਤ ਜਾਤੀਆਂ ਦੇ ਸਭ ਤੋਂ ਵਾਂਝੇ ਲੋਕਾਂ ਨੂੰ ਆਪਣੀ ਕਤਾਰ ਵਿੱਚ ਸ਼ਾਮਿਲ ਨਹੀਂ ਕਰਨਾ ਚਾਹੁੰਦੇ।

ਮਹਾਂਦਲਿਤ ਵਾਲਮੀਕਿ/ਮਜ਼੍ਹਬੀ ਸਮਾਜ ਜਾਂ ਮੁਸਾਹਰ ਜਾਂ ਮਦੀਗਾ ਜਾਂ ਚੱਕੀਲੀਆ ਜਾਂ ਅਰੁਣਥਿਆਰ ਭਾਈਚਾਰੇ ਉਹ ਭਾਈਚਾਰੇ ਹਨ ਜੋ ਅਨੁਸੂਚਿਤ ਜਾਤੀਆਂ ਵਿੱਚ ਮਿਲੇ ਰਾਖਵੇਂਕਰਨ ਦਾ ਲਾਭ ਨਹੀਂ ਲੈ ਸਕਦੇ ਸਨ। ਕਈ ਵਾਰ, ਇਤਿਹਾਸਕ ਕਾਰਨਾਂ ਕਰਕੇ, ਇੱਕ ਭਾਈਚਾਰਾ ਇਸ ਰਿਜ਼ਰਵੇਸ਼ਨ ਦੀ ਵਰਤੋਂ ਕਰਨ ਦੀ ਸਥਿਤੀ ਵਿੱਚ ਹੁੰਦਾ ਹੈ ਅਤੇ ਦੂਸਰੇ ਇਸ ਦੇ ਯੋਗ ਨਹੀਂ ਹੁੰਦੇ। ਵਾਲਮੀਕਿ ਅਤੇ ਰਵਿਦਾਸੀਆ ਦੋਵੇਂ ਅਛੂਤ ਸਨ। ਪਰ ਫ਼ਿਰ ਵੀ ਥੋੜ੍ਹਾ ਜਿਹਾ ਫ਼ਰਕ ਸੀ। ਉਹ ਜੁੱਤੀਆਂ ਪਾਲਿਸ਼ ਕਰਦੇ ਸਮੇਂ ਬਾਜ਼ਾਰ ਦੇ ਇੱਕ ਪਾਸੇ ਬੈਠ ਕੇ ਆਪਣੀ ਮਿਹਨਤ ਦਾ ਸੌਦਾ ਕਰ ਸਕਦਾ ਸੀ, ਤਰੱਕੀ ਕਰ ਗਿਆ। ਦੂਸਰਿਆਂ ਨੂੰ ਭਿਖਾਰੀ ਵਾਂਗ ਮਿੱਟੀ ਚੁੱਕਣ ਦੇ ਬਦਲੇ ਰੋਟੀ ਦਿੱਤੀ ਜਾਂਦੀ ਸੀ, ਪੈਸੇ ਨਹੀਂ। ਇੱਕ ਤਾਂ ਬਜ਼ਾਰ ਸਮਝ ਗਿਆ, ਦੂਜਾ ਪਿੰਡ ਵਿੱਚ ਸੀਰੀ ਤੇ ਸ਼ਹਿਰ ਦਾ ਦੂਤ ਬਣ ਕੇ ਰਹਿ ਗਿਆ। ਹੈਰਾਨੀ ਇਹ ਹੈ ਕਿ ਜੋ ਦਲਿਤਾਂ ਨੂੰ



ਹੀ ਨਹੀਂ, ਸਗੋਂ 6,000 ਜਾਤੀਆਂ ਨੂੰ ਵੀ ਇਕਜੁੱਟ ਕਰਨ ਦਾ ਦਾਅਵਾ ਕਰਦੇ ਸਨ ਉਹ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਵਿਰੋਧ ਕਰਕੇ ਬਾਲਮੀਕੀ ਤੇ ਮਜ਼ਹਬੀ ਜਾਤਾਂ ਦੇ ਹੱਕਾਂ ਦਾ ਵਿਰੋਧ ਕਰ ਰਹੇ ਹਨ।

ਕੁਝ ਸੁਹਿਰਦ ਲੋਕ ਇਹ ਦਲੀਲ ਦੇ ਰਹੇ ਹਨ ਕਿ ਵਰਗੀਕਰਨ ਦਲਿਤ ਏਕਤਾ ਨੂੰ ਕਮਜ਼ੋਰ ਕਰੇਗਾ। ਦਲਿਤਾਂ ਵਿੱਚ ਵੰਡੀਆਂ ਪੈਣਗੀਆਂ। ਇਸ ਦਾ ਮਤਲਬ ਹੈ ਕਿ ਏਕਤਾ ਦੇ ਨਾਂਅ 'ਤੇ ਮਹਾਂਦਲਿਤ ਵਾਲਮੀਕਿ/ਮਜ਼ਹਬੀ, ਮੁਸਾਹਰ, ਮਦੀਗਾ ਵਰਗੇ ਦਲਿਤ ਭਾਈਚਾਰਿਆਂ ਨੂੰ ਕਦੇ ਵੀ ਇਹ ਸਵਾਲ ਨਹੀਂ ਕਰਨਾ ਚਾਹੀਦਾ ਕਿ ਉਹ ਮੂਹਰਲੀ ਕਤਾਰ 'ਚ ਕਿਉਂ ਨਹੀਂ ਹਨ?

ਮਾਇਆਵਤੀ ਨੇ ਉੱਤਰ ਪ੍ਰਦੇਸ਼ ਵਿਧਾਨ ਸਭਾ ਦੀਆਂ 403 ਟਿਕਟਾਂ ਦੀ ਵੰਡ ਕਰਦੇ ਸਮੇਂ ਕਦੇ ਵਾਲਮੀਕਿ ਸਮਾਜ ਨੂੰ ਇੱਕ ਵੀ ਟਿਕਟ ਨਹੀਂ ਦਿੱਤੀ।

ਮਾਇਆਵਤੀ ਨੇ ਉੱਤਰ ਪ੍ਰਦੇਸ਼ ਦੇ ਕਈ ਜ਼ਿਲ੍ਹਿਆਂ ਦੇ ਨਾਂਅ ਦਲਿਤ ਮਹਾਂਪੁਰਖਾਂ ਦੇ ਨਾਂਅ 'ਤੇ ਰੱਖੇ ਪਰ ਵਾਲਮੀਕਿ ਦਾ ਨਾਂਅ ਕਿਤੇ ਵੀ ਨਹੀਂ ਰੱਖਿਆ। ਇੱਕ ਲੱਖ ਅੱਠ ਹਜ਼ਾਰ ਤੋਂ ਵੱਧ ਸਫ਼ਾਈ ਕਰਮਚਾਰੀਆਂ ਦੀਆਂ ਅਸਾਮੀਆਂ ਲਈ ਭਰਤੀ ਪਰ 8,000 ਬਾਲਮੀਕੀਆਂ ਨੂੰ ਵੀ ਨਹੀਂ ਚੁਣਿਆ ਗਿਆ। ਇਸ ਲਈ ਉਹ ਥਾਂ ਜਿੱਥੇ ਉਨ੍ਹਾਂ ਦੀ ਪੂਰਤੀ ਹੋ ਸਕਦੀ ਸੀ, ਉਹ ਵੀ ਉਨ੍ਹਾਂ ਤੋਂ ਖੋਹ ਲਈ ਗਈ।

ਮਾਇਆਵਤੀ ਨਾ ਤਾਂ ਗੋਹਾਨਾ ਗਈ ਅਤੇ ਨਾ ਹੀ ਮਿਰਚਪੁਰ ਪਹੁੰਚੀ ਇਸ ਦਾ ਕਾਰਨ ਕੀ ਹੋ ਸਕਦਾ ਹੈ? ਜੇਕਰ ਇਹ ਦਲਿਤ ਏਕਤਾ ਦਾ ਮੁੱਦਾ ਹੈ ਤਾਂ ਗੋਹਾਨਾ ਅਤੇ ਮਿਰਚਪੁਰ ਦੇ ਦਲਿਤ ਉਨ੍ਹਾਂ ਦੀ ਹਮਦਰਦੀ ਦੇ ਲਾਇਕ ਕਿਉਂ ਨਹੀਂ ਹਨ? ਦਲਿਤ ਬੌਧਿਕ ਹਲਕਿਆਂ ਦਾ ਮੰਨਣਾ ਹੈ ਕਿ ਕ੍ਰੀਮੀ ਲੇਅਰ ਨੂੰ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਵਿੱਚ ਲਾਗੂ ਨਹੀਂ ਕੀਤਾ ਜਾਣਾ ਚਾਹੀਦਾ ਹੈ ਪਰ ਵਰਗੀਕਰਨ ਉਸੇ ਤਰ੍ਹਾਂ ਜ਼ਰੂਰੀ ਹੈ, ਜਿਸ ਤਰ੍ਹਾਂ ਬਾਬਾ ਸਾਹਿਬ ਅੰਬੇਡਕਰ ਨੇ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਰਹਿੰਦੇ ਦਲਿਤਾਂ ਲਈ ਵੱਖਰੀ ਵੰਡ ਪ੍ਰਣਾਲੀ ਦੀ ਮੰਗ ਕੀਤੀ ਸੀ। ਬਾਲਮੀਕੀ ਜਾਂ ਹੋਰ ਮਹਾਂਦਲਿਤ ਦਲਿਤ ਏਕਤਾ ਵਿੱਚ ਪਾੜਾ ਨਹੀਂ ਪਾ ਰਹੇ, ਉਹ ਆਪਣਾ ਰਾਖਵੇਂਕਰਨ ਦਾ ਹਿੱਸਾ ਲੈਣਾ ਚਾਹੁੰਦੇ ਹਨ। ਪਰ ਮਾਇਆਵਤੀ ਵਰਗੇ ਬਾਕੀ ਦਬੀਆਂ, ਕੁਚਲੀਆਂ ਜਾਤਾਂ ਨੂੰ ਰਾਖਵਾਂਕਰਨ ਦੇਣ ਦੇ ਹੱਕ ਵਿੱਚ ਨਹੀਂ।

# ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਦਿਵਾਉਣ ਲਈ ਕਸ਼ਮੀਰੀ ਅਵਾਮ ਤੇ ਰਾਜਨੀਤਕ ਪਾਰਟੀਆਂ ਸਰਗਰਮ

## ਭਾਜਪਾ ਅਤੇ ਉਸ ਦੀਆਂ ਸਮਰਥਕ ਪਾਰਟੀਆਂ ਨੂੰ ਨਹੀਂ ਮਿਲ ਰਿਹਾ ਲੋਕ ਹੁੰਗਾਰਾ

### ਭਾਜਪਾ ਦੇ ਫ਼ਾਸ਼ੀਵਾਦੀ ਪੈਂਤੜੇ ਨੂੰ ਨਕਾਰਨ ਲਈ ਨੈਸ਼ਨਲ ਕਾਨਫ਼ਰੰਸ ਤੇ ਪੀ.ਡੀ.ਪੀ. ਦਾ ਤਾਲਮੇਲ ਜ਼ਰੂਰੀ

ਮੋਦੀ ਸਰਕਾਰ ਨੇ ਆਰ. ਐੱਸ. ਐੱਸ. ਦੀ ਸੋਚ ਨੂੰ ਲਾਗੂ ਕਰਦਿਆਂ ਪਹਿਲਾਂ ਜੰਮੂ-ਕਸ਼ਮੀਰ ਨੂੰ ਖ਼ਾਸ ਰਾਜ ਦਾ ਦਰਜਾ ਦਿੰਦੀ ਧਾਰਾ 370 ਖ਼ਤਮ ਕਰਕੇ ਰਾਜ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਜੰਮੂ-ਕਸ਼ਮੀਰ ਅਤੇ ਲਦਾਖ ਵਿੱਚ ਬਦਲਿਆ ਤੇ ਫ਼ਿਰ ਉੱਥੇ ਸਿਆਸੀ ਪਕੜ ਮਜ਼ਬੂਤ ਕਰਨ ਲਈ ਕੁਝ ਆਗੂਆਂ ਤੋਂ ਅਖੌਤੀ ਕਸ਼ਮੀਰ-ਪ੍ਰਸਤ ਨਵੀਂਆਂ ਪਾਰਟੀਆਂ ਬਣਵਾਈਆਂ, ਤਾਂ ਕਿ ਨੈਸ਼ਨਲ ਕਾਨਫ਼ਰੰਸ, ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀ ਡੀ ਪੀ) ਤੇ ਕਾਂਗਰਸ ਵਰਗੀਆਂ ਟਕਸਾਲੀ ਪਾਰਟੀਆਂ ਨੂੰ ਥੱਲੇ ਲਾਇਆ ਜਾ ਸਕੇ। ਇਨ੍ਹਾਂ ਪਾਰਟੀਆਂ ਵਿੱਚ ਅਲਤਾਫ਼ ਬੁਖ਼ਾਰੀ ਦੀ 'ਜੰਮੂ-ਕਸ਼ਮੀਰ ਅਪਨੀ ਪਾਰਟੀ', ਗੁਲਾਮ ਨਬੀ ਆਜ਼ਾਦ ਦੀ 'ਡੈਮੋਕਰੈਟਿਕ ਪ੍ਰੋਗਰੈਸਿਵ ਪਾਰਟੀ' ਅਤੇ ਸੱਜਾਦ ਲੋਨ ਦੀ 'ਪੀਪਲਜ਼ ਕਾਨਫ਼ਰੰਸ' ਵਰਨਣਯੋਗ ਹਨ। ਇਨ੍ਹਾਂ ਦੀ ਕੇਂਦਰ ਨਾਲ ਨੇੜਤਾ ਕਾਰਨ ਕਸ਼ਮੀਰ ਦੇ ਲੋਕ ਇਨ੍ਹਾਂ ਨੂੰ ਰਾਜੇ ਦੀਆਂ ਪਾਰਟੀਆਂ (ਕਿੰਗ'ਜ਼ ਪਾਰਟੀਜ਼) ਵੀ ਕਹਿੰਦੇ ਹਨ। ਇਨ੍ਹਾਂ ਨੇ ਲੋਕ ਸਭਾ ਚੋਣਾਂ ਲੜੀਆਂ, ਪਰ ਇਨ੍ਹਾਂ ਦੇ ਪੱਲੇ ਕੁਝ ਨਹੀਂ ਪਿਆ। ਸ਼ਰਮਨਾਕ ਹਾਰ ਦਾ ਮੂੰਹ ਦੇਖਣਾ ਪਿਆ।

ਹੁਣ ਜੰਮੂ-ਕਸ਼ਮੀਰ ਦੀਆਂ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਇਨ੍ਹਾਂ ਦੀ ਸਥਿਤੀ ਹੋਰ ਹਾਸੋਹੀਣੀ ਹੋ ਰਹੀ ਹੈ। ਭੁਲੇਖੇ ਵਿੱਚ ਇਨ੍ਹਾਂ ਵਿੱਚ ਸ਼ਾਮਲ ਹੋਏ ਟਕਸਾਲੀ ਪਾਰਟੀਆਂ ਦੇ ਆਗੂ ਇਨ੍ਹਾਂ ਵਿੱਚੋਂ ਨਿਕਲਣੇ ਸ਼ੁਰੂ ਹੋ ਗਏ ਹਨ। ਅਪਨੀ ਪਾਰਟੀ ਦੇ ਜਫ਼ਰ ਮਨਹਾਸ, ਉਸਮਾਨ ਮਾਜਿਦ, ਨੂਰ ਮੁਹੰਮਦ ਤੇ ਚੌਧਰੀ ਜ਼ੁਲਫ਼ੀਕਾਰ, ਪੀਪਲਜ਼ ਕਾਨਫ਼ਰੰਸ ਦੇ ਖ਼ੁਰਸ਼ੀਦ ਆਲਮ ਅਤੇ ਆਜ਼ਾਦ ਦੀ ਪਾਰਟੀ ਦੇ ਤਾਜ ਮੋਹੀਉਦੀਨ ਇਨ੍ਹਾਂ ਦਾ ਸਾਥ ਛੱਡ ਗਏ ਹਨ। ਮੋਹੀਉਦੀਨ ਕਾਂਗਰਸ ਵਿਚ ਪਰਤ ਗਏ ਹਨ ਤੇ ਆਲਮ ਪੀ ਡੀ ਪੀ ਵਿੱਚ। ਜ਼ੁਲਫ਼ੀਕਾਰ ਅਲੀ ਨੇ ਭਾਜਪਾ ਦਾ ਦਾਮਨ ਫ਼ੜਿਆ ਹੈ। ਜਫ਼ਰ ਮਨਹਾਸ ਨੇ ਅਪਨੀ ਪਾਰਟੀ ਦੇ ਉਮੀਦਵਾਰ ਵਜੋਂ ਅਨੰਤਨਾਗ ਦੀ ਲੋਕ ਸਭਾ ਸੀਟ ਦੀ ਚੋਣ ਲੜੀ ਸੀ। ਉਨ੍ਹਾਂ ਦੇ ਕਾਂਗਰਸ ਵਿੱਚ ਜਾਣ ਦੀ ਚਰਚਾ ਸੀ। ਸਾਬਕਾ ਮੰਤਰੀ ਅਬਦੁਲ ਹੱਕ ਖਾਨ ਵੀ ਦੋ ਸਾਲ ਬਾਅਦ ਪੀ ਡੀ ਪੀ ਵਿੱਚ ਪਰਤ ਆਏ ਹਨ। ਦਰਅਸਲ ਰਾਜ ਦਾ ਖਾਸ ਦਰਜਾ ਖਤਮ ਹੋਣ ਤੋਂ ਬਾਅਦ ਪੀ. ਡੀ. ਪੀ. ਨੂੰ ਵੱਡਾ ਨੁਕਸਾਨ ਹੋਇਆ ਸੀ, ਕਿਉਂਕਿ ਉਸ



ਦੇ ਕਈ ਸੀਨੀਅਰ ਆਗੂਆਂ ਨੇ ਪਾਰਟੀ ਛੱਡ ਕੇ ਅਪਨੀ ਪਾਰਟੀ ਬਣਾ ਲਈ ਸੀ ਜਾਂ ਹੋਰਨਾਂ ਪਾਰਟੀਆਂ ਵਿੱਚ ਸ਼ਾਮਲ ਹੋ ਗਏ ਸਨ। ਪਾਰਟੀ ਦੇ ਸੀਨੀਅਰ ਆਗੂ ਤੇ ਕੁਪਵਾੜਾ ਵਿੱਚ ਚੰਗੀ ਸਾਖ ਰੱਖਦੇ ਸਾਬਕਾ ਰਾਜ ਸਭਾ ਮੈਂਬਰ ਸ਼ੇਖ ਫ਼ਯਾਜ਼ ਤਾਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੀ ਪੀ ਡੀ ਪੀ ਵਿੱਚ ਪਰਤ ਆਏ ਸਨ ਤੇ ਪੀ. ਡੀ. ਪੀ. ਨੇ ਉਨ੍ਹਾਂ ਨੂੰ ਬਾਰਾਮੂਲਾ ਤੋਂ ਲੋਕ ਸਭਾ ਚੋਣ ਵੀ ਲੜਾਈ ਸੀ। ਕੁਝ ਹਫ਼ਤੇ ਪਹਿਲਾਂ ਸਾਬਕਾ ਮੰਤਰੀ ਬਸ਼ਾਰਤ ਬੁਖ਼ਾਰੀ ਪੀ. ਡੀ. ਪੀ. ਵਿੱਚ ਪਰਤ ਆਏ ਹਨ।

ਹਾਲਾਂਕਿ ਜੰਮੂ ਖੇਤਰ ਦੀਆਂ ਦੋ ਲੋਕ ਸਭਾ ਸੀਟਾਂ ਜੰਮੂ ਤੇ ਊਧਮਪੁਰ ਭਾਜਪਾ ਨੇ ਮੁੜ ਜਿੱਤ ਲਈਆਂ ਸਨ, ਪਰ ਕਸ਼ਮੀਰ ਵਿੱਚ ਉਸ ਦੀ ਉਮੀਦਵਾਰ ਖੜ੍ਹਾ ਕਰਨ ਦੀ ਹਿੰਮਤ ਨਹੀਂ ਸੀ ਪਈ। ਹੁਣ ਵੀ ਉਸ ਨੂੰ ਕਸ਼ਮੀਰ ਵਿੱਚ ਖੜ੍ਹੇ ਕਰਨ ਲਈ ਉਮੀਦਵਾਰ ਨਹੀਂ ਲੱਭ ਰਹੇ। ਮੋਦੀ ਸਰਕਾਰ ਦੇ ਫ਼ੈਸਲਿਆਂ ਖ਼ਿਲਾਫ਼ ਲੋਕਾਂ ਵਿੱਚ ਗੁੱਸਾ ਹੀ ਏਨਾ ਹੈ। ਕਸ਼ਮੀਰ ਦੀ ਫ਼ਿਜ਼ਾ ਇਸ ਤਰ੍ਹਾਂ ਦੀ ਬਣ ਚੁੱਕੀ ਹੈ ਕਿ ਉਸ ਦੀਆਂ ਪਿੱਠੂ ਪਾਰਟੀਆਂ ਦੇ ਹੱਥ-ਪੱਲੇ ਵੀ ਕੁਝ ਪੈਂਦਾ ਨਹੀਂ ਲੱਭਦਾ।

ਚੋਣਾਂ ਦੀ ਇਹ ਪ੍ਰਕਿਰਿਆ ਅਜਿਹੇ ਸਮੇਂ ਵਿਚ ਸ਼ੁਰੂ ਹੋ ਰਹੀ ਹੈ, ਜਦੋਂ ਹਾਲ ਹੀ ਦੇ ਸਮੇਂ ਵਿੱਚ ਕਈ ਹਿੰਸਕ ਘਟਨਾਵਾਂ ਦੀਆਂ ਖ਼ਬਰਾਂ ਆਈਆਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਹੁਣ ਜੰਮੂ ਖੇਤਰ ਵਿੱਚ ਜ਼ਿਆਦਾ ਹਿੰਸਕ ਘਟਨਾਵਾਂ ਦੇਖਣ ਨੂੰ ਮਿਲ ਰਹੀਆਂ ਹਨ ਜੋ ਪਹਿਲਾਂ ਸ਼ਾਂਤੀਪੂਰਨ ਹੁੰਦਾ ਸੀ। ਇਸ ਸਾਲ ਦੇ ਪਹਿਲੇ ਛੇ ਮਹੀਨਿਆਂ ਵਿੱਚ ਵੱਖ-ਵੱਖ ਘਟਨਾਵਾਂ ਵਿੱਚ 17 ਲੋਕਾਂ ਦੀ ਮੌਤ ਹੋ ਚੁੱਕੀ ਹੈ ਜਦਕਿ ਪਿਛਲੇ ਸਾਲ ਇਹ ਅੰਕੜਾ 12 ਸੀ।

ਕਸ਼ਮੀਰੀ ਲੋਕਾਂ ਦਾ ਮੰਨਣਾ ਹੈ ਕਿ ਇੰਡੀਆ ਗੱਠਜੋੜ ਵਿੱਚ ਸ਼ਾਮਲ ਕਾਂਗਰਸ, ਨੈਸ਼ਨਲ ਕਾਨਫ਼ਰੰਸ, ਪੀ ਡੀ ਪੀ ਤੇ ਖੱਬੀਆਂ ਪਾਰਟੀਆਂ ਲਈ ਜੰਮੂ-ਕਸ਼ਮੀਰ ਦੇ ਲੋਕਾਂ ਦਾ ਦਿਲ ਜਿੱਤਣ ਦਾ ਵਧੀਆ ਮੌਕਾ ਹੈ, ਪਰ ਉਨ੍ਹਾਂ ਨੂੰ ਇਕਜੁੱਟਤਾ ਦਿਖਾਉਣੀ ਪਵੇਗੀ। ਨੈਸ਼ਨਲ ਕਾਨਫ਼ਰੰਸ ਨੂੰ ਪੀ. ਡੀ. ਪੀ. ਨਾਲ ਤਾਲਮੇਲ ਨਾ ਕਰਨ ਦੇ ਪੈਂਤੜੇ ਵਿੱਚ ਨਰਮੀ ਲਿਆਉਣੀ ਪਵੇਗੀ। ਇਹ ਪਾਰਟੀਆਂ ਜੰਮੂ-ਕਸ਼ਮੀਰ ਦਾ ਪੁਰਾਣਾ ਰੁਤਬਾ ਬਹਾਲ ਕਰਨ ਦੀਆਂ ਗੱਲਾਂ ਕਰ ਰਹੀਆਂ ਹਨ ਤੇ ਇਸ ਨੂੰ ਇਕਜੁੱਟ ਹੋ ਕੇ ਹੀ ਹਾਸਲ ਕੀਤਾ ਜਾ ਸਕਦਾ ਹੈ। ਇਕਜੁੱਟਤਾ ਨਾਲ ਹੀ ਉਹ ਆਰ. ਐੱਸ. ਐੱਸ. ਦੀਆਂ ਗੋਂਦਾਂ ਨੂੰ ਨਾਕਾਮ ਕਰ ਸਕਦੀਆਂ ਹਨ।

# ਵਿਨੇਸ਼ ਫ਼ੋਗਾਟ ਤੇ ਉਸਦੇ ਜੋਟੀਦਾਰ ਹਰਿਆਣੇ 'ਚ ਭਾਜਪਾ ਲਈ ਸਿਆਸੀ ਚੈਲਿੰਜ ਬਣੇ

## ਕਾਂਗਰਸ ਦੀ ਫ਼ੋਗਾਟ ਨਾਲ ਹਮਦਰਦੀ, ਜਾਟ ਵੋਟਾਂ ਨੂੰ ਉਤਸ਼ਾਹਿਤ ਕਰਨ ਲੱਗੀ

ਉਲੰਪਿਅਨ ਪਹਿਲਵਾਨ ਵਿਨੇਸ਼ ਫ਼ੋਗਾਟ ਦੇ ਪੈਰਿਸ ਤੋਂ ਦਿੱਲੀ ਪੁੱਜਣ ਦੇ ਨਾਲ ਹੀ ਹਰਿਆਣਾ 'ਚ ਸਿਆਸੀ ਪਾਰਾ ਵਧ ਗਿਆ ਹੈ। ਉਨ੍ਹਾਂ ਦੇ ਨਾਲ ਸਾਥੀ ਪਹਿਲਵਾਨ ਬਜਰੰਗ ਪੂਨੀਆ, ਸਾਕਸ਼ੀ ਮਲਿਕ ਅਤੇ ਕਾਂਗਰਸ ਸੰਸਦ ਮੈਂਬਰ ਦੀਪੇਂਦਰ ਹੁੱਡਾ ਵੀ ਸਨ। ਹੁੱਡਾ ਨੇ ਉਲੰਪੀਅਨ ਵਿਨੇਸ਼ ਫ਼ੋਗਾਟ ਦੇ ਸਵਾਗਤ ਲਈ ਨਵੀਂ ਦਿੱਲੀ ਹਵਾਈ ਅੱਡੇ ਤੋਂ ਹਰਿਆਣਾ ਤੱਕ ਇੱਕ ਵਿਸ਼ਾਲ ਰੋਡ ਸ਼ੋਅ ਦੀ ਅਗਵਾਈ ਕੀਤੀ। ਇਹ ਕਦਮ ਕਾਂਗਰਸ ਦੀ ਉਸ ਵੱਡੀ ਰਣਨੀਤੀ ਦਾ ਹਿੱਸਾ ਹੈ, ਜਿਸ ਨੇ ਉਸ ਨੂੰ



ਹਰਿਆਣਾ ਵਿੱਚ 1 ਅਕਤੂਬਰ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੂੰ ਘੇਰਨ ਲਈ ਬਣਾਇਆ ਹੈ।

ਇਸ ਤੋਂ ਪਹਿਲਾਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਪ੍ਰਿੰਅਕਾ ਗਾਂਧੀ ਵਾਡਰਾ ਅਤੇ ਹਰਿਆਣਾ ਕਾਂਗਰਸ ਦੇ ਕਈ ਆਗੂਆਂ ਨੇ ਫ਼ੋਗਾਟ ਲਈ ਨਿਆਂ ਦੀ ਮੰਗ ਕੀਤੀ। ਇਸ ਮੁੱਦੇ ਨੂੰ ਉਭਾਰ ਕੇ ਕਾਂਗਰਸ ਹਰਿਆਣਾ 'ਚ ਜਾਟਾਂ ਅਤੇ ਔਰਤਾਂ ਦੇ ਵੋਟ ਬੈਂਕ ਨੂੰ ਮਜ਼ਬੂਤ ਕਰਨ ਦੀ ਇੱਛਾ ਰੱਖਦੀ ਹੈ। ਕਾਂਗਰਸ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) 'ਤੇ ਕਾਨੂੰਨੀ ਗਾਰੰਟੀ ਲਈ ਕਿਸਾਨਾਂ ਦੀ ਮੰਗ 'ਤੇ ਵੀ ਭਾਜਪਾ ਨੂੰ ਨਿਸ਼ਾਨਾ ਬਣਾ ਸਕਦੀ ਹੈ, ਜਦੋਂ ਕਿ ਰਾਜ ਸਰਕਾਰ ਨੇ ਹਾਲ ਹੀ 'ਚ ਸਾਰੀਆਂ 24 ਫ਼ਸਲਾਂ ਦੀ ਐੱਮ.ਐੱਸ.ਪੀ. 'ਤੇ ਖ਼ਰੀਦ ਕਰਨ ਦਾ ਐਲਾਨ ਕੀਤਾ ਹੈ। ਇਸ ਦੌਰਾਨ ਹਰਿਆਣਾ ਸਰਕਾਰ ਨੇ ਐਲਾਨ ਕੀਤਾ ਹੈ ਕਿ ਵਿਨੇਸ਼ ਫ਼ੋਗਾਟ ਦੇ ਨਾਲ ਉਲੰਪਿਕ ਚਾਂਦੀ ਤਗਮਾ ਜੇਤੂ ਦੀ ਤਰ੍ਹਾਂ ਵਰਤਾਓ ਕੀਤਾ ਜਾਵੇਗਾ, ਭਾਵੇਂ ਹੀ ਖੇਡ ਅਦਾਲਤ ਨੇ ਪੈਰਿਸ ਉਲੰਪਿਕ ਦੀ 50 ਕਿੱਲੋ ਗ੍ਰਾਮ ਫ਼੍ਰੀਸਟਾਈਲ ਕੁਸ਼ਤੀ ਦੀ ਸ਼੍ਰੇਣੀ 'ਚ ਸਾਂਝੇ ਚਾਂਦੀ ਦੇ ਤਗਮੇ ਲਈ ਉਨ੍ਹਾਂ ਦੀ ਅਪੀਲ ਖਾਰਜ ਕਰ ਦਿੱਤੀ ਸੀ।

# ਪੰਜਾਬ ਨੂੰ ਮੌਤਾਂ ਵੰਡ ਰਿਹੈ ਬੁੱਢੇ ਦਰਿਆ ਦਾ ਪਾਣੀ

## ਕਿਤੇ ਖ਼ਤਮ ਨਾ ਹੋ ਜਾਵੇ ਪੰਜਾਬੀਆਂ ਦੀ 'ਜੀਵਨ ਕਹਾਣੀ'

## ਦੋਆਬੇ, ਮਾਝੇ, ਮਾਲਵੇ ਦੇ ਜਲ ਸਰੋਤ ਹੋਏ ਪਲੀਤ

## ਕਿਸਾਨ ਜਥੇਬੰਦੀਆਂ ਤੇ ਪੰਜਾਬੀਆਂ ਵੱਲੋਂ ਪੰਜਾਬ ਦੇ ਗੰਧਲੇ ਹੋ ਰਹੇ ਦਰਿਆਵਾਂ ਨੂੰ ਬਚਾਉਣ ਲਈ ਸੰਘਰਸ਼ ਵਿੱਢਿਆ

ਪੰਜਾਬ ਨੇ ਅੰਮ੍ਰਿਤ ਵਰਗੇ ਪਾਣੀ ਕਾਰਨ ਹੀ ਹਰੀ ਕ੍ਰਾਂਤੀ ਲਿਆ ਕੇ ਸਾਰੀ ਦੁਨੀਆਂ ਵਿੱਚ ਕਿਰਸਾਨੀ ਦੇ ਖੇਤਰ ਵਿੱਚ ਸ਼ਲਾਘਾਯੋਗ ਹੰਭਲਾ ਮਾਰਿਆ ਸੀ। ਸਮਾਂ ਬਦਲਿਆ ਤੇ ਖੇਤੀ ਪ੍ਰਧਾਨ ਸੂਬੇ ਦੇ ਪ੍ਰਮੁੱਖ ਸ਼ਹਿਰ ਲੁਧਿਆਣਾ ਨੇ ਸਨਅਤ ਦੇ ਰਾਹ 'ਤੇ ਲੰਮੀਆਂ ਪੁਲਾਂਘਾ ਭਰਨੀਆਂ ਸ਼ੁਰੂ ਕੀਤੀਆਂ। ਵੱਡੀਆਂ ਉਦਯੋਗਿਕ ਇਕਾਈਆਂ ਨੇ ਮਹਾਂਨਗਰ ਨੂੰ ਮਾਨਚੈਸਟਰ ਦਾ ਖਿਤਾਬ ਤਾਂ ਦਿਵਾ ਦਿੱਤਾ, ਪਰ ਬੁਲੰਦੀ ਦੇ ਇਸ ਸ਼ਿਖਰ ਨੂੰ ਸਰ ਕਰਨ ਬਦਲੇ ਮੌਜੂਦਾ ਸਮੇਂ ਵਿੱਚ ਮਹਾਂਨਗਰ ਵਾਸੀਆਂ ਨੂੰ ਹੀ ਨਹੀਂ ਸਗੋਂ ਸੂਬੇ ਦੇ ਹੋਰਨਾਂ ਜ਼ਿਲ੍ਹਿਆਂ ਦੇ ਰਹਿਣ ਵਾਲਿਆਂ ਨੂੰ ਪ੍ਰਦੂਸ਼ਿਤ ਜਲ ਸਰੋਤਾਂ ਕਾਰਨ ਵੱਡੀ ਕੀਮਤ ਅਦਾ ਕਰਨੀ ਪੈ ਰਹੀ ਹੈ।

ਸਰਕਾਰੀ ਵਿਭਾਗਾਂ ਅਤੇ ਕਾਰੋਬਾਰੀਆਂ ਦੇ ਅਵੇਸਲੇਪਣ ਤੇ ਭ੍ਰਿਸ਼ਟਾਚਾਰ ਕਾਰਨ ਖੁਸ਼ਹਾਲ ਸੂਬੇ ਦੀ ਉਪਜਾਊ ਮਿੱਟੀ ਬਿਮਾਰ ਹੋ ਚੁੱਕੀ ਹੈ, ਹਵਾ ਦੂਸ਼ਿਤ ਤੇ ਪਾਣੀ ਜ਼ਹਿਰ ਬਣਦਾ ਜਾ ਰਿਹਾ ਹੈ। ਮੁੱਠੀ ਵਿਚੋਂ ਰੇਤ ਦੀ ਤਰ੍ਹਾਂ ਸਮਾਂ ਨਿਕਲਦਾ ਜਾ ਰਿਹਾ ਹੈ ਤੇ ਜੇ ਅਜੇ ਵੀ ਹਾਲਾਤਾਂ ਦੀ ਗੰਭੀਰਤਾ ਨਾ ਸਮਝੀ ਗਈ ਤਾਂ ਪੰਜਾਬ ਦੇ ਹਾਲਾਤ ਵਿਸਫੋਟਕ ਹੋ ਗੁਜ਼ਰਨਗੇ। ਪੰਜਾਬ ਵਿੱਚ ਲਗਾਤਾਰ ਕੈਂਸਰ, ਕਾਲੇ ਪੀਲੀਏ, ਦਮੇ ਤੇ ਚਮੜੀ ਦੇ ਰੋਗੀਆਂ ਦੀ ਗਿਣਤੀ ਵਿੱਚ ਵਾਧਾ ਸਾਫ ਇਸ਼ਾਰਾ ਦੇ ਰਿਹਾ ਹੈ ਕਿ ਆਉਣ ਵਾਲਾ ਸਮਾਂ ਪੰਜਾਬੀਆਂ ਲਈ ਕਿੰਨਾ ਭਿਆਨਕ ਸਾਬਤ ਹੋਣ ਵਾਲਾ ਹੈ।

**ਖ਼ਤਰਨਾਕ ਪੱਧਰ ਤੱਕ ਦੂਸ਼ਿਤ ਹੋ ਚੁੱਕਾ ਹੈ ਬੁੱਢਾ ਦਰਿਆ**

ਮਹਾਂਨਗਰ ਦੇ ਪੂਰਬੀ ਖੇਤਰ ਤੋਂ ਸ਼ੁਰੂ ਹੋ ਕੇ ਪੂਰੇ ਸ਼ਹਿਰ ਵਿਚੋਂ ਲੰਘਣ ਵਾਲਾ ਬੁੱਢਾ ਦਰਿਆ ਖ਼ਤਰਨਾਕ ਤੋਂ ਵੀ ਵੱਧ ਪੱਧਰ 'ਤੇ ਦੂਸ਼ਿਤ ਹੋ ਚੁੱਕਾ ਹੈ। ਕੂਮ ਕਲਾਂ ਤੋਂ ਸ਼ੁਰੂ ਹੋ ਕੇ ਸਤਲੁਜ ਦਰਿਆ ਵਿੱਚ ਜਾ ਰਲਣ ਤੱਕ ਉਦਯੋਗਿਕ ਇਕਾਈਆਂ ਅਤੇ ਡੇਅਰੀਆਂ ਵਿਚੋਂ ਨਿਕਲਣ ਵਾਲੇ ਜ਼ਹਿਰੀਲੇ ਪਾਣੀ ਨੇ ਬੁੱਢੇ ਦਰਿਆ ਨੂੰ ਬਹੁਤ ਬੁਰੀ ਤਰ੍ਹਾਂ ਨਾਲ ਦੂਸ਼ਿਤ ਕਰ ਦਿੱਤਾ ਹੈ। ਪੁਰਾਣੇ ਸਮੇਂ ਸਾਫ ਪਾਣੀ ਦੇ ਇਸ ਸੋਮੇਂ ਵਿੱਚ ਚੋਰੀ-ਛੁੱਪੇ ਸੁੱਟੇ ਜਾਣ ਵਾਲੇ ਡਾਇੰਗਾਂ, ਇਲੈਕਟਰੋ



ਪਲੇਟਿੰਗ ਇਕਾਈਆਂ ਦੇ ਖ਼ਤਰਨਾਕ ਕੈਮੀਕਲਾਂ ਅਤੇ ਡੇਅਰੀਆਂ ਵਿਚੋਂ ਨਿਕਲਣ ਵਾਲੇ ਮਲਮੂਤਰ ਨੇ ਬੁੱਢੇ ਦਰਿਆ ਨੂੰ ਗੰਦਾ ਤੇ ਕਾਲਾ ਨਾਲਾ ਬਣਾ ਦਿੱਤਾ। ਜ਼ਹਿਰੀ ਪਾਣੀਆਂ ਰਾਹੀਂ ਸਿੰਚਾਈ ਵਾਲੀ ਕਣਕ, ਚੌਲ, ਸਬਜ਼ੀਆਂ ਅਸੀਂ ਖਾ ਰਹੇ ਹਾਂ। ਮਲੇਰਕੋਟਲਾ ਦੀ ਸਬਜ਼ੀ ਮੰਡੀ, ਜੋ ਪੰਜਾਬ ਦੀ ਸਭ ਤੋਂ ਵੱਡੀ ਮੰਡੀ ਹੈ ,ਉਹ ਇਸੇ ਬੁੱਢੇ ਨਾਲੇ ਦੇ ਪਾਣੀ ਦੀ ਉਪਜ ਹੈ।

ਇਨਸਾਨੀ ਸਵਾਰਥ ਦੀ ਭੇਟ ਚੜ੍ਹਿਆ ਬੁੱਢਾ ਨਾਲਾ ਅੱਜ ਏਨਾ ਦੂਸ਼ਿਤ ਹੋ ਚੁੱਕਾ ਹੈ ਕਿ ਆਪਣੇ ਰਾਹ ਵਿੱਚ ਆਉਂਦੇ ਪਿੰਡਾਂ ਦੇ ਲੋਕਾਂ ਨੂੰ ਹੀ ਨਹੀਂ ਸਗੋਂ ਹੋਰ ਜ਼ਿਲ੍ਹਿਆਂ ਦੇ ਵਸਨੀਕਾਂ ਨੂੰ ਵੀ ਜਾਨਲੇਵਾ ਬਿਮਾਰੀਆਂ ਵੰਡ ਰਿਹਾ ਹੈ। ਕੈਂਸਰ, ਕਾਲਾ ਪੀਲੀਆ, ਦਮਾ, ਕਿਡਨੀ, ਚਮੜੀ ਦੇ ਗੰਭੀਰ ਰੋਗ ਤੇਜ਼ੀ ਨਾਲ ਸੂਬੇ ਦੇ ਲੋਕਾਂ ਨੂੰ ਲਪੇਟ ਵਿਚ ਲੈ ਰਹੇ ਹਨ। ਕੁਝ ਕੁ ਧਨਾਢ ਲੋਕਾਂ ਦੀ ਪੈਸੇ ਦੀ ਭੁੱਖ ਸਮੁੱਚੇ ਪੰਜਾਬ ਵਾਸੀਆਂ ਨੂੰ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਬਣਾ ਰਹੀ ਹੈ।

**ਸਤਲੁਜ ਦਰਿਆ ਦਾ ਪਾਣੀ ਵੀ ਹੋਇਆ ਦੂਸ਼ਿਤ**

ਕੂਮਕਲਾਂ ਤੋਂ ਸ਼ੁਰੂ ਹੋ ਕੇ ਪਿੰਡ ਵਲੀਪੁਰ ਕਲਾਂ ਦੇ ਨਜ਼ਦੀਕ ਸਤਲੁਜ ਵਿੱਚ ਰਲਣ ਵਾਲੇ ਬੁੱਢੇ ਦਰਿਆ ਦਾ ਜ਼ਹਿਰੀਲਾ ਪਾਣੀ ਪੰਜਾਬ ਦੀ ਸ਼ਾਨ ਸਤਲੁਜ ਦਰਿਆ ਨੂੰ ਵੀ ਬੁਰੀ ਤਰ੍ਹਾਂ ਨਾਲ ਦੂਸ਼ਿਤ ਕਰ ਰਿਹਾ ਹੈ। ਇਹ ਕੈਮੀਕਲਾਂ ਵਾਲਾ ਦੂਸ਼ਿਤ ਪਾਣੀ ਦਰਿਆਈ ਜੀਵਾਂ ਲਈ ਤਾਂ ਜਾਨਲੇਵਾ ਹੈ ਹੀ, ਬਲਕਿ ਸਤਲੁਜ ਦੇ ਲਾਗਲੇ ਇਲਾਕਿਆਂ ਵਿੱਚ ਵਸਣ ਵਾਲੇ ਸੂਬਾ ਵਾਸੀਆਂ ਨੂੰ ਵੀ ਗੰਭੀਰ ਬਿਮਾਰੀਆਂ ਦੀ ਲਪੇਟ ਵਿੱਚ ਲੈ ਰਿਹਾ ਹੈ। ਦੱਸਣਯੋਗ ਹੈ ਕਿ ਬਠਿੰਡਾ ਬੈਲਟ ਪਹਿਲਾਂ ਹੀ ਕੈਂਸਰ ਰੋਗੀਆਂ ਦਾ ਗੜ੍ਹ ਬਣ ਚੁੱਕਾ ਹੈ ਤੇ ਹੁਣ ਇਹ ਨਾਮੁਰਾਦ ਬਿਮਾਰੀ ਸੂਬੇ ਦੇ ਹੋਰ ਇਲਾਕਿਆਂ ਵਿੱਚ ਵੀ ਤੇਜ਼ੀ ਨਾਲ ਜੜ੍ਹਾਂ ਫੈਲਾਅ ਰਹੀ ਹੈ। ਐਨੇ ਵੱਡੇ ਪੱਧਰ 'ਤੇ ਕੈਂਸਰ ਦੇ ਵਾਧੇ ਦੇ ਬਾਵਜੂਦ ਸਰਕਾਰਾਂ ਅਤੇ ਵਿਭਾਗ ਕੁੰਭਕਰਨੀ ਨੀਂਦ ਵਿੱਚ ਸੁੱਤਾ ਹੋਇਆ ਹੈ।

**ਲੀਡਰਾਂ ਦੇ ਵਾਅਦੇ ਵਫ਼ਾ ਨਾ ਹੋਏ**

ਬੁੱਢਾ ਦਰਿਆ ਕਾਫੀ ਸਮੇਂ ਤੋਂ ਰਾਜਨੀਤਿਕ ਅਤੇ ਵਿਭਾਗੀ ਅਵੇਸਲੇਪਨ ਦਾ ਸ਼ਿਕਾਰ ਹੁੰਦਾ ਆ ਰਿਹਾ ਹੈ। ਕੁਲ ਮਿਲਾ ਕੇ ਰਾਜਨੀਤਿਕ ਆਗੂ ਬੁੱਢੇ ਦਰਿਆ ਦੀ ਕਾਇਆਕਲਪ ਕਰਨ ਦੇ ਵੱਡੇ-ਵੱਡੇ ਵਾਅਦੇ ਕਰ ਕੇ ਵਾਹੋਵਾਹੀ ਖੱਟਦੇ ਰਹੇ ਤੇ ਸੰਬੰਧਿਤ ਵਿਭਾਗ ਵੀ ਦਰਿਆ ਦੀ ਸਫ਼ਾਈ ਦੇ ਨਾਮ 'ਤੇ ਕਰੋੜਾਂ ਰੁਪਏ ਦੇ ਪ੍ਰਾਜੈਕਟ ਬਣਾ ਕੇ ਕਾਗਜ਼ਾਂ ਵਿੱਚ ਤਾਂ ਕਈ ਵਾਰ ਬੁੱਢੇ ਨਾਲ ਨੂੰ ਮੁਕੰਮਲ ਤੌਰ 'ਤੇ ਸਾਫ ਕਰ ਚੁੱਕੇ ਹਨ, ਪਰ ਜੇ ਗੱਲ ਹਕੀਕਤ ਦੀ ਕੀਤੀ ਜਾਵੇ ਤਾਂ ਕੁਲ ਮਿਲਾ ਕੇ ਨਾ ਤਾਂ (ਬਾਕੀ ਸਫ਼ਾ 30 'ਤੇ)

## ਪਾਣੀ 'ਚ ਯੂਰੇਨੀਅਮ ਕਾਰਨ ਹਾਈਕੋਰਟ ਵੱਲੋਂ ਮਾਝੇ ਤੇ ਦੋਆਬੇ ਦੇ ਪਾਣੀਆਂ ਦੀ ਮੁੜ ਜਾਂਚ ਦੇ ਹੁਕਮ

ਪੰਜਾਬ ਦੇ ਮਾਝਾ ਤੇ ਦੋਆਬਾ ਖਿੱਤਿਆਂ ਦੇ ਪਾਣੀਆਂ ਵਿੱਚ ਯੂਰੇਨੀਅਮ ਜਿਹੇ ਤੱਤ ਮਿਲਣ ਮਗਰੋਂ ਪੰਜਾਬ ਦੇ ਹਰਿਆਣਾ ਹਾਈ ਕੋਰਟ ਨੇ ਇੱਥੋਂ ਦੇ ਪਾਣੀਆਂ ਦੇ ਨਮੂਨਿਆਂ ਦੀ ਮੁੜ ਤੋਂ ਵੱਡੇ ਪੱਧਰ 'ਤੇ ਜਾਂਚ ਕਰਾਏ ਜਾਣ ਦੇ ਹੁਕਮ ਦਿੱਤੇ ਹਨ ਕਿਉਂਕਿ ਪਹਿਲਾਂ ਕੀਤੀ ਗਈ ਜਾਂਚ ਵਿੱਚ ਕਮੀਆਂ ਸਾਹਮਣੇ ਆਈਆਂ ਸਨ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਪਾਣੀਆਂ ਦੀ ਜਾਂਚ ਵਿਸ਼ਵ ਸਿਹਤ ਸੰਸਥਾ (ਡਬਲਿਊ.ਐੱਚ.ਓ.) ਦੇ ਮੌਜੂਦਾ ਪੈਮਾਨਿਆਂ ਅਨੁਸਾਰ ਹੋਣੀ ਚਾਹੀਦੀ ਹੈ।

ਚੀਫ ਜਸਟਿਸ ਸ਼ੀਲ ਨਾਗੂ ਤੇ ਜਸਟਿਸ ਅਨਿਲ ਕਸ਼ੇਤਰਪਾਲ ਦੇ ਡਿਵੀਜ਼ਨ ਬੈਂਚ ਦਾ ਹੁਕਮ ਇਸ ਲਈ ਵੀ ਅਹਿਮ ਹੈ ਕਿਉਂਕਿ ਦੋਵਾਂ ਖਿੱਤਿਆਂ 'ਚੋਂ ਜਾਂਚ ਲਈ ਲਏ ਗਏ ਪਾਣੀਆਂ ਦੇ ਕੁਝ ਨਮੂਨਿਆਂ 'ਚ ਯੂਰੇਨੀਅਮ ਦੇ ਤੱਤ ਪਾਏ ਗਏ ਸਨ। ਬ੍ਰਿਜੇਂਦਰ ਸਿੰਘ ਲੂੰਬਾ ਵੱਲੋਂ ਸਾਲ 2010 ਵਿੱਚ ਯੂਨੀਅਨ ਆਫ ਇੰਡੀਆ ਤੇ ਹੋਰਾਂ ਖ਼ਿਲਾਫ਼ ਦਾਇਰ ਕੀਤੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਬੈਂਚ ਨੇ ਸੀਨੀਅਰ ਵਕੀਲ ਤੇ ਅਦਾਲਤੀ ਮਿੱਤਰ ਰੁਪਿੰਦਰ ਐੱਸ ਖੋਸਲਾ ਨੂੰ ਹਰਿਆਣਾ ਰਾਜ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਨੂੰ ਵੀ ਧਿਰ ਬਣਾਉਣ ਲਈ ਇੱਕ ਅਰਜ਼ੀ ਦਾਇਰ ਕਰਨ ਲਈ ਕਿਹਾ ਤਾਂ ਜੋ ਇਨ੍ਹਾਂ ਇਲਾਕਿਆਂ ਦੇ ਪਾਣੀਆਂ ਦੇ ਸੈਂਪਲਾਂ ਦੀ ਜਾਂਚ ਵੀ ਹੋ ਸਕੇ। ਪਟੀਸ਼ਨ 'ਤੇ ਸੁਣਵਾਈ ਦੌਰਾਨ ਬੈਂਚ ਨੇ ਗੁਰੂ ਹਰਿਗੋਬਿੰਦ ਥਰਮਲ ਪਲਾਂਟ ਦੇ ਮੁੱਖ ਇੰਜਨੀਅਰ ਵੱਲੋਂ ਦਾਇਰ ਕੀਤੇ ਹਲਫ਼ਨਾਮੇ ਦਾ ਨੋਟਿਸ ਲਿਆ ਜਿਸ ਅਨੁਸਾਰ ਦੋਆਬਾ ਤੇ ਮਾਝਾ ਖਿੱਤੇ ਦੇ ਹੁਸ਼ਿਆਰਪੁਰ, ਜਲੰਧਰ, ਅੰਮ੍ਰਿਤਸਰ ਤੇ ਤਰਨ ਤਾਰਨ ਜ਼ਿਲ੍ਹਿਆਂ 'ਚੋਂ ਭਰੇ ਗਏ ਪਾਣੀ ਦੇ 4406 ਨਮੂਨਿਆਂ ਦੀ ਜਾਂਚ ਦੌਰਾਨ 11 ਨਮੂਨੇ ਪ੍ਰਦੂਸ਼ਿਤ ਨਿਕਲੇ ਸਨ। (ਬਾਕੀ ਸਫ਼ਾ 30 'ਤੇ)

## ਲੋਕ ਤੇ ਕਿਸਾਨ ਜਥੇਬੰਦੀਆਂ ਸੰਘਰਸ਼ ਦੇ ਰਾਹ, ਸਰਕਾਰ ਨੂੰ ਤਾੜਨਾ



ਹੁਣ ਇਸ ਸੰਬੰਧੀ ਵੱਡੀ ਗਿਣਤੀ ਵਿੱਚ ਵਾਤਾਵਰਨ ਪ੍ਰੇਮੀ ਅਤੇ ਬਹੁਤ ਸਾਰੀਆਂ ਸੰਸਥਾਵਾਂ ਇਕੱਠੀਆਂ ਹੋ ਗਈਆਂ ਹਨ। ਉਨ੍ਹਾਂ ਨੇ ਸ਼ਹਿਰ ਵਿੱਚ ਇਸ ਸੰਬੰਧੀ ਵੱਡਾ ਪ੍ਰਦਰਸ਼ਨ ਵੀ ਕੀਤਾ ਹੈ ਅਤੇ ਇਹ ਦੋਸ਼ ਵੀ ਲਗਾਇਆ ਹੈ ਕਿ ਬੁੱਢੇ ਨਾਲੇ ਦੇ ਪ੍ਰਦੂਸ਼ਣ ਲਈ ਸਰਕਾਰ ਨਾਲ ਸੰਬੰਧਿਤ ਵਿਭਾਗ ਅਤੇ ਬਹੁਤ ਸਾਰੀਆਂ ਸਨਅਤਾਂ ਵੀ ਜ਼ਿੰਮੇਵਾਰ ਹਨ। ਇਸ ਸੰਬੰਧੀ ਹੁਣ ਵੱਖ-ਵੱਖ ਸੰਸਥਾਵਾਂ ਨੇ ਸ਼ਹਿਰ ਦੇ ਫਿਰੋਜ਼ਪੁਰ ਰੋਡ 'ਤੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਮੁਜ਼ਾਹਰਾ ਵੀ ਕੀਤਾ ਅਤੇ ਅੱਗੋਂ ਦੀ ਲਾਮਬੰਦੀ ਅਤੇ ਅੰਦੋਲਨ ਲਈ ਇਸ ਨੂੰ 'ਕਾਲੇ ਪਾਣੀ ਦਾ ਮੋਰਚਾ' ਨਾਂਅ ਦਿੱਤਾ ਗਿਆ ਹੈ ਅਤੇ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਸਰਕਾਰ ਵੱਲੋਂ ਪਹਿਲੀ ਸਤੰਬਰ ਤੱਕ ਇਸ ਸੰਬੰਧੀ ਯੋਜਨਾਬੰਦੀ ਦੀ ਸ਼ੁਰੂਆਤ ਨਾ ਕੀਤੀ ਗਈ ਅਤੇ ਜੇਕਰ ਸੰਬੰਧਿਤ ਫੈਕਟਰੀਆਂ ਨੇ ਇਸ ਵਿੱਚ ਰਸਾਇਣਾਂ ਯੁਕਤ ਪਾਣੀ ਪਾਉਣਾ ਜਾਰੀ ਰੱਖਿਆ, ਜਿਸ ਨਾਲ ਕਿ ਲੋਕ ਕੈਂਸਰ ਅਤੇ ਕਾਲਾ ਪੀਲੀਆ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਤਾਂ ਇਸ ਨਾਲੇ ਵਿੱਚ ਵੱਖ-ਵੱਖ ਥਾਵਾਂ 'ਤੇ ਬੰਨ੍ਹ ਲਗਾ ਦਿੱਤੇ ਜਾਣਗੇ।

ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਵੀ ਇਹ ਦੋਸ਼ ਲਗਾਇਆ ਕਿ ਵਿਰੋਧੀ ਧਿਰ ਵਿੱਚ ਹੁੰਦਿਆਂ ਉਹ ਕਹਿੰਦੇ ਰਹੇ ਹਨ ਕਿ ਗੰਦੇ ਨਾਲੇ ਵਿੱਚ ਫੈਕਟਰੀਆਂ ਜ਼ਹਿਰ ਪਾ ਰਹੀਆਂ ਹਨ। ਉਨ੍ਹਾਂ ਦੀ ਸਰਕਾਰ ਆਏਗੀ ਤਾਂ ਇਸ 'ਤੇ ਲਗਾਮ ਲਗਾਈ ਜਾਵੇਗੀ, ਪਰ ਅੱਜ ਉਹ ਇਸ ਮਸਲੇ 'ਤੇ ਚੁੱਪ ਧਾਰੀ ਬੈਠੇ ਹਨ। ਅੱਜ ਹਵਾ ਅਤੇ ਪਾਣੀ ਦਾ ਹਰ ਤਰ੍ਹਾਂ ਦਾ ਪ੍ਰਦੂਸ਼ਣ ਪੰਜਾਬ ਲਈ ਇੱਕ ਸਰਾਪ ਬਣਿਆ ਨਜ਼ਰ ਆਉਂਦਾ ਹੈ। ਜੇਕਰ ਇਸ ਸੰਬੰਧੀ ਫੈਲੀਆਂ ਗੰਭੀਰ ਸਮੱਸਿਆਵਾਂ ਨੂੰ ਹੱਲ ਨਾ ਕੀਤਾ ਜਾ ਸਕਿਆ ਤਾਂ ਸਮੁੱਚਾ ਰਾਜ ਇੱਕ ਹਸਪਤਾਲ ਦੇ ਰੂਪ ਵਿੱਚ ਬਦਲ ਜਾਏਗਾ। ਅਜਿਹੀ ਸਥਿਤੀ ਪੰਜਾਬ ਲਈ ਬਹੁਤ ਮੰਦਭਾਗੀ ਹੋਵੇਗੀ।

ਕਿਸਾਨ ਯੂਨੀਅਨ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਇਸ ਤੋਂ ਧਰਤੀ ਹੇਠਲੇ ਪਾਣੀ ਦੀ ਅਗਲੀ ਤਹਿ ਲੈੱਡ ਨਾਈਟਰੇਟਸ ਅਤੇ ਬਹੁਤ ਸਾਰੇ ਜ਼ਹਿਰੀਲੇ ਰਸਾਇਣ ਕਾਰਨ ਇੰਨੀ ਦੂਸ਼ਿਤ ਹੋ ਗਈ ਹੈ ਕਿ ਉਸ ਦਾ ਪਾਣੀ ਨਾ ਫ਼ਸਲਾਂ ਨੂੰ ਵਰਤਣ ਯੋਗ ਰਿਹਾ ਅਤੇ ਨਾ ਹੀ ਪੀਣ ਯੋਗ ਰਹੇਗਾ। ਇਸ ਲਈ ਪੰਜਾਬ ਵਾਸੀਆਂ ਨੂੰ ਆਪਣੇ ਭਵਿੱਖ ਨੂੰ ਸੁਰੱਖਿਅਤ ਰੱਖਣ ਲਈ ਪੰਜਾਬ ਦੇ ਹਰ ਘਰ ਅਤੇ ਖੇਤੀ ਲਈ ਨਹਿਰੀ ਪਾਣੀ ਲੈਣ ਲਈ ਸੰਘਰਸ਼ ਕਰਨਾ ਪਵੇਗਾ। ਇਸ ਮੌਕੇ ਕਿਸਾਨ ਆਗੂ ਦਰਸ਼ਨ ਪਾਲ, ਬਲਬੀਰ ਸਿੰਘ ਰਾਜੇਵਾਲ, ਬਿੰਦਰ ਸਿੰਘ, ਮਨਜੀਤ ਸਿੰਘ ਰਾਏ, ਬਲਦੇਵ ਸਿੰਘ ਜ਼ੀਰਾ, ਮਨਜੀਤ ਸਿੰਘ ਧਨੇਰ, ਦਿਲਬਾਗ ਸਿੰਘ, ਸਤਨਾਮ ਸਿੰਘ ਪੰਨੂ, ਕਾਲਾ ਪਾਣੀ ਮੋਰਚਾ ਦੇ ਕਮੇਟੀ ਮੈਂਬਰ ਲੱਖਾ ਸਿਧਾਣਾ, ਪੱਤਰਕਾਰ ਹਮੀਰ ਸਿੰਘ ਮੌਜੂਦ ਸਨ।

# ਪਲਾਸਟਿਕ ਕਚਰਾ ਸਮੁੰਦਰ, ਹਵਾ, ਪਾਣੀ ਤੇ ਮਨੁੱਖ ਲਈ ਬਣਿਆ ਖ਼ਤਰਨਾਕ

## ਨੈਸ਼ਨਲ ਇੰਸਟੀਚਿਊਟ ਆਫ਼ ਹੈੱਲਥ ਦੇ ਪਰਚੇ ਵਿੱਚ ਛਪੀ ਰਿਪੋਰਟ

## ਮਨੁੱਖੀ ਦਿਮਾਗ਼ ਵੀ ਬਣਿਆ ਇਸ ਦਾ ਸ਼ਿਕਾਰ

ਪਲਾਸਟਿਕ ਕਚਰਾ ਸਰਵ-ਵਿਆਪੀ ਸਮੱਸਿਆ ਹੈ ਜੋ ਕਿ ਹਿਮਾਲਿਆ ਦੀ ਚੋਟੀ ਤੋਂ ਲੈ ਕੇ ਸਮੁੰਦਰ ਦੇ ਗਰਭ ਤੱਕ ਫੈਲ ਚੁੱਕਾ ਹੈ। ਹਵਾ, ਪਾਣੀ, ਸਬਜ਼ੀਆਂ, ਅਨਾਜ, ਮਾਸ, ਫਲ ਤੇ ਜੰਗਲੀ ਜੀਵਾਂ ਤੱਕ ਕੋਈ ਵੀ ਇਸ ਦੀ ਮਾਰ ਤੋਂ ਬਚ ਨਹੀਂ ਸਕਿਆ। ਮਨੁੱਖੀ ਸਰੀਰ ਦਾ ਹਰ ਅੰਗ, ਮਾਸਪੇਸ਼ੀਆਂ, ਖ਼ੂਨ, ਦਿਲ, ਕਿਡਨੀ, ਫੇਫੜੇ, ਅੰਤੜੀਆਂ ਤੇ ਹੱਡੀਆਂ ਦੀ ਮਿੱਝ ਤੱਕ ਵਿੱਚ ਇਹ ਮੌਜੂਦ ਹੈ। ਹੁਣ ਇਸ ਨੇ ਸਾਡੇ ਸਰੀਰ ਦੇ ਸਭ ਤੋਂ ਸੁਰੱਖਿਅਤ ਹਿੱਸੇ ਦਿਮਾਗ਼ ਨੂੰ ਵੀ ਆਪਣਾ ਸ਼ਿਕਾਰ ਬਣਾਉਣਾ ਸ਼ੁਰੂ ਕਰ ਦਿੱਤਾ ਹੈ।

ਹੁਣ ਤੱਕ ਵਿਗਿਆਨੀ ਇਹ ਮੰਨਦੇ ਰਹੇ ਹਨ ਕਿ ਸਾਡੇ ਸਰੀਰ ਅੰਦਰ ਦਿਮਾਗ਼ ਅਜਿਹਾ ਅੰਗ ਹੈ, ਜਿਸ ਨੂੰ ਹਾਨੀਕਾਰਕ ਰਸਾਇਣ, ਵਾਇਰਸ, ਬੈਕਟੀਰੀਆ ਤੇ ਹੋਰ ਪਦਾਰਥ ਸੁਖਾਲਿਆਂ ਪ੍ਰਭਾਵਤ ਨਹੀਂ ਕਰ ਸਕਦੇ, ਪਰ ਪਲਾਸਟਿਕ ਦੀ ਮਾਰ ਤੋਂ ਇਹ ਵੀ ਨਹੀਂ ਬਚ ਸਕਿਆ।

ਯੂਨੀਵਰਸਿਟੀ ਆਫ ਨਿਊ ਮੈਕਸੀਕੋ ਦੇ ਵਿਗਿਆਨੀ ਮੈਥਿਊ ਕੈਂਪੇਨ ਦੀ ਅਗਵਾਈ ਵਿੱਚ ਵਿਗਿਆਨੀਆਂ ਦੀ ਇੱਕ ਟੀਮ ਨੇ ਨੈਸ਼ਨਲ ਇੰਸਟੀਚਿਊਟ ਆਫ਼ ਹੈੱਲਥ ਦੇ ਪਰਚੇ ਵਿੱਚ ਇੱਕ ਅਧਿਐਨ ਰਿਪੋਰਟ ਛਾਪੀ ਹੈ। ਵਿਗਿਆਨੀਆਂ ਦੀ ਇਸ ਟੀਮ



ਦਾ ਮਕਸਦ ਮਨੁੱਖੀ ਸਰੀਰ 'ਤੇ ਪਲਾਸਟਿਕ ਦੇ ਪ੍ਰਭਾਵਾਂ ਦਾ ਅਧਿਐਨ ਕਰਨਾ ਸੀ। ਇਸ ਟੀਮ ਨੇ ਵੱਖ-ਵੱਖ ਹਸਪਤਾਲਾਂ ਵਿੱਚ ਜਾ ਕੇ 91 ਮਨੁੱਖੀ ਲਾਸ਼ਾਂ ਦੀ ਪੜਤਾਲ ਕੀਤੀ ਸੀ। ਇਨ੍ਹਾਂ ਸਾਰੀਆਂ ਲਾਸ਼ਾਂ ਵਿੱਚ ਸਰੀਰ ਦੇ ਕਿਸੇ ਵੀ ਅੰਗ—ਜਿਵੇਂ ਮਿਹਦਾ, ਫੇਫੜੇ ਤੇ ਕਿਡਨੀ ਆਦਿ ਨਾਲੋਂ ਦਿਮਾਗ ਵਿੱਚ ਪਲਾਸਟਿਕ ਦੀ ਮਾਤਰਾ 10 ਤੋਂ 20 ਗੁਣਾ ਵੱਧ ਸੀ। ਸਾਲ 2024 ਵਿੱਚ ਮਰੇ 24 ਵਿਅਕਤੀਆਂ ਵਿੱਚ ਤਾਂ ਇਹ ਹੋਰ ਵੀ ਵੱਧ ਸੀ। ਇਸ ਦਾ ਮਤਲਬ ਹੈ ਕਿ ਸਾਲ-ਦਰ-ਸਾਲ ਇਹ ਸਮੱਸਿਆ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ। ਸਾਲ 2016 ਵਿੱਚ ਮਰੇ ਵਿਅਕਤੀ ਦੇ ਦਿਮਾਗ ਨਾਲੋਂ 2024 ਵਿੱਚ ਮਰੇ ਵਿਅਕਤੀ ਦੇ ਦਿਮਾਗ ਵਿੱਚ ਇਹ 50 ਫ਼ੀਸਦੀ ਵੱਧ ਸੀ। ਅਧਿਐਨ ਕਰਨ ਵਾਲੇ ਵਿਗਿਆਨੀਆਂ ਅਨੁਸਾਰ ਦਿਮਾਗ ਵਿੱਚ ਪਲਾਸਟਿਕ ਦੀ ਮਾਤਰਾ ਉਨ੍ਹਾਂ ਦੀ ਕਲਪਨਾ ਤੋਂ ਪਰ੍ਹੇ ਸੀ। ਇਸ ਤੋਂ ਸਪੱਸ਼ਟ ਹੈ ਕਿ ਮਨੁੱਖੀ ਸਰੀਰ ਵਿੱਚ ਦਿਮਾਗ ਸਭ ਤੋਂ ਵੱਧ ਪਲਾਸਟਿਕ ਪ੍ਰਦੂਸ਼ਣ ਤੋਂ ਪੀੜਤ ਹੈ। ਅਧਿਐਨ ਵਿੱਚ ਇਕ ਹੋਰ ਗੱਲ ਸਾਹਮਣੇ ਆਈ ਕਿ ਪਾਗਲ ਜਾਂ ਮਾਨਸਿਕ ਰੋਗੀ ਵਿਅਕਤੀਆਂ ਦੀਆਂ ਲਾਸ਼ਾਂ ਦੇ ਦਿਮਾਗਾਂ ਵਿੱਚ ਪਲਾਸਟਿਕ ਦੀ ਮਾਤਰਾ ਆਮ ਵਿਅਕਤੀਆਂ ਨਾਲੋਂ 10 ਗੁਣਾ ਵੱਧ ਸੀ। ਇਸ ਦਾ ਮਤਲਬ ਇਹ ਹੈ ਕਿ ਵਿਅਕਤੀ ਦੇ ਮਾਨਸਿਕ ਰੋਗੀ ਹੋ ਜਾਣ ਵਿੱਚ ਪਲਾਸਟਿਕ ਦੀ ਵੀ ਭੂਮਿਕਾ ਹੋ ਸਕਦੀ ਹੈ। (ਬਾਕੀ ਸਫ਼ਾ 30 'ਤੇ)

# ਐੱਸ.ਜੀ.ਪੀ.ਸੀ. ਨੇ ਜ਼ੀ ਸਟੂਡੀਓ ਨੂੰ ਭੇਜਿਆ ਕਾਨੂੰਨੀ ਨੋਟਿਸ

## ਕਿਹਾ-ਫ਼ਿਲਮ ਜਾਰੀ ਕਰਨ ਤੋਂ ਪਹਿਲਾਂ ਐਸ.ਜੀ.ਪੀ.ਸੀ. ਨੂੰ ਦਿਖਾਈ ਜਾਵੇ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫਿਲਮ ਅਦਾਕਾਰਾ ਤੇ ਸੰਸਦ ਮੈਂਬਰ ਕੰਗਨਾ ਰਣੌਤ ਦੀ ਅਦਾਕਾਰੀ ਵਾਲੀ ਵਿਵਾਦਮਈ ਫਿਲਮ 'ਐਮਰਜੈਂਸੀ' ਦਾ ਟ੍ਰੇਲਰ ਜਾਰੀ ਕਰਨ ਵਾਲੇ ਮੀਡੀਆ ਚੈਨਲ ਜ਼ੀ ਸਟੂਡੀਓ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ। ਇਹੀ ਨਹੀਂ, ਐੱਸ.ਜੀ.ਪੀ.ਸੀ. ਨੇ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਣਵ ਨੂੰ ਵੀ ਪੱਤਰ ਲਿਖ ਕੇ ਫਿਲਮ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ। ਕੇਂਦਰੀ ਸੈਂਸਰ ਬੋਰਡ ਨੂੰ ਫਿਲਮ ਰਿਲੀਜ਼ ਕਰਨ ਤੋਂ ਪਹਿਲਾਂ ਇਸ ਦੀ ਸਕ੍ਰਿਪਟ ਐੱਸ.ਜੀ.ਪੀ.ਸੀ. ਨੂੰ ਪੜ੍ਹਾਉਣ ਦੀ ਮੰਗ ਕੀਤੀ ਗਈ ਹੈ। ਜਾਣਕਾਰੀ ਮੁਤਾਬਕ, ਐੱਸ.ਜੀ.ਪੀ.ਸੀ. ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿੱਖਾਂ ਦੇ ਕਿਰਦਾਰ ਨੂੰ ਬਦਨਾਮ ਕਰਨ ਵਾਲੀ ਇਸ ਫਿਲਮ ਦਾ ਟ੍ਰੇਲਰ ਜਾਰੀ ਕਰਨ ਵਾਲੇ ਮੀਡੀਆ ਚੈਨਲ ਜ਼ੀ ਸਟੂਡੀਓ ਨੂੰ ਕਾਨੂੰਨੀ ਮਾਣਹਾਨੀ ਨੋਟਿਸ ਭੇਜ ਦਿੱਤਾ ਹੈ।

ਐੱਸ.ਜੀ.ਪੀ.ਸੀ. ਦੇ ਸਕੱਤਰ ਪ੍ਰਤਾਪ ਸਿੰਘ ਨੇ ਇਸ ਦੀ ਪੁਸ਼ਟੀ ਕਰਦਿਆਂ ਖ਼ੁਲਾਸਾ ਕੀਤਾ ਕਿ ਉਕਤ ਚੈਨਲ ਨੂੰ ਫਿਲਮ ਦੇ ਟ੍ਰੇਲਰ ਦਾ ਪ੍ਰਸਾਰਣ ਚੈਨਲਾਂ ਤੋਂ ਹਟਾਉਣ ਸੰਬਧੀ ਵੀ ਸਖ਼ਤ ਚਿਤਾਵਨੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਣਵ ਤੇ ਕੇਂਦਰੀ ਫਿਲਮ ਸੈਂਸਰ ਬੋਰਡ ਦੇ ਪ੍ਰਧਾਨ ਪਰਸੋਂ ਜੋਸ਼ੀ ਨੂੰ ਵੱਖ-ਵੱਖ ਪੱਤਰ ਲਿਖ ਕੇ ਫਿਲਮ 'ਤੇ ਸਖ਼ਤ ਇਤਰਾਜ਼



ਪ੍ਰਗਟਾਉਂਦਿਆਂ ਇਸ ਨੂੰ 6 ਸਤੰਬਰ ਨੂੰ ਰਿਲੀਜ਼ ਕਰਨ ਦੀ ਆਗਿਆ ਨਾ ਦੇਣ ਦੀ ਮੰਗ ਵੀ ਕੀਤੀ ਗਈ ਹੈ। ਇਸ ਤੋਂ ਇਲਾਵਾ ਫਿਲਮ ਦੀ ਸੰਭਾਵਿਤ ਰਿਲੀਜ਼ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੂੰ ਇਸ ਦੀ ਸਕ੍ਰਿਪਟ ਪੜ੍ਹਾਉਣ ਦੀ ਮੰਗ ਵੀ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਨੂੰ ਫਿਲਮ ਦੀ ਸਕ੍ਰਿਪਟ ਮੁਹੱਈਆ ਕਰਵਾਉਣ ਦੀ ਮੰਗ ਕੀਤੀ ਗਈ ਹੈ ਤਾਂਕਿ ਐੱਸ.ਜੀ.ਪੀ.ਸੀ. ਇਸ ਦੀ ਡੂੰਘਾਈ ਨਾਲ ਜਾਂਚ ਕਰ ਸਕੇ। ਉਨ੍ਹਾਂ ਕਿਹਾ ਕਿ ਸਿੱਖ ਸੰਗਠਨਾਂ ਵੱਲੋਂ ਪ੍ਰਗਟਾਏ ਗਏ ਇਤਰਾਜ਼ ਤਹਿਤ ਇਤਰਾਜ਼ਯੋਗ ਸੀਨ ਫਿਲਮ 'ਚੋਂ ਕੱਟਣ ਤੋਂ ਬਾਅਦ ਹੀ ਫਿਲਮ ਜਾਰੀ ਕਰਨ ਦੀ ਮਨਜ਼ੂਰੀ ਦਿੱਤੀ ਜਾਣੀ ਚਾਹੀਦੀ ਹੈ।

# ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸਰਕਾਰੀ ਕਰਮਚਾਰੀਆਂ ਨੂੰ 'ਵਿਦੇਸ਼ ਛੁੱਟੀ' ਤੋਂ ਛੋਟ ਦਿੱਤੀ ਜਾਵੇ: ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਕਮੇਟੀ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸਰਕਾਰੀ ਕਰਮਚਾਰੀਆਂ ਨੂੰ ਵਿਦੇਸ਼ ਛੁੱਟੀ ਤੋਂ ਛੋਟ ਦੀ ਮੰਗ ਕੀਤੀ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਸਕੱਤਰ ਪ੍ਰਸੋਨਲ ਵਿਭਾਗ ਨੂੰ ਲਿਖੇ ਪੱਤਰ ਵਿਚ ਕਿਹਾ ਗਿਆ ਹੈ ਕਿ ਪ੍ਰਸੋਨਲ ਵਿਭਾਗ ਦੇ ਪੱਤਰ ਨੰਬਰ 176 ਮਿਤੀ 8-11-2019 ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸ੍ਰੀ ਕਰਤਾਰਪੁਰ ਸਾਹਿਬ



(ਪਾਕਿਸਤਾਨ) ਜਾਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਨੂੰ ਵਿਦੇਸ਼ ਛੁੱਟੀ ਤੋਂ ਛੋਟ ਦਿੱਤੀ ਹੋਈ ਸੀ, ਜਿਸ ਨੂੰ ਹੁਣ ਪੰਜਾਬ ਸਰਕਾਰ ਨੇ ਅੱਗੇ ਨਹੀਂ ਵਧਾਇਆ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪ੍ਰਤੀ ਸਿੱਖ ਸੰਗਤਾਂ ਦੀ ਵੱਡੀ ਆਸਥਾ ਹੈ ਉਨ੍ਹਾਂ ਕਿਹਾ ਕਿ ਸਿੱਖ ਪੰਥ ਵਲੋਂ ਲੰਬੇ ਯਤਨਾਂ ਸਦਕਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਭਾਰਤ-ਪਾਕਿਸਤਾਨ ਸਰਕਾਰਾਂ ਦੁਆਰਾ ਸੰਗਤਾਂ ਲਈ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਖੋਲ੍ਹਿਆ ਗਿਆ ਸੀ, ਜਿਸ ਰਾਹੀਂ ਸੰਗਤਾਂ ਸਵੇਰੇ ਦਰਸ਼ਨਾਂ ਲਈ ਜਾਂਦੀਆਂ ਹਨ ਅਤੇ ਉਸੇ ਦਿਨ ਸ਼ਾਮ ਨੂੰ ਵਾਪਸ ਆ ਜਾਂਦੀਆਂ ਹਨ।

ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਵਲੋਂ ਸ਼੍ਰੋਮਣੀ ਕਮੇਟੀ ਨੂੰ ਪੱਤਰ ਭੇਜੇ ਗਏ ਹਨ ਕਿ ਉਨ੍ਹਾਂ ਨੂੰ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਸਮੇਂ ਵੱਡੀਆਂ ਮੁਸ਼ਕਿਲਾਂ ਆ ਰਹੀਆਂ ਹਨ। ਪੰਜਾਬ ਸਰਕਾਰ ਦੇ ਜੋ ਅਧਿਕਾਰੀ/ਕਰਮਚਾਰੀ ਦਰਸ਼ਨਾਂ ਲਈ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਵਿਦੇਸ਼ ਛੁੱਟੀ ਦੀ ਲੰਬੀ ਪ੍ਰਕਿਰਿਆ ਵਿਚੋਂ ਗੁਜ਼ਰਨਾ ਪੈਂਦਾ ਹੈ।ਸ. ਪ੍ਰਤਾਪ ਸਿੰਘ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਸਰਕਾਰ ਦੇ ਸਮੂਹ ਅਧਿਕਾਰੀ/ਕਰਮਚਾਰੀਆਂ ਨੂੰ ਵਿਦੇਸ਼ ਛੁੱਟੀ ਦੀ ਪ੍ਰਕਿਰਿਆ ਤੋਂ ਪੱਕੇ ਤੌਰ 'ਤੇ ਛੋਟ ਦਿੱਤੀ ਜਾਵੇ ਤਾਂ ਜੋ ਉਹ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰੇ ਕਰ ਸਕਣ।

# ਪੰਜ ਤਖ਼ਤ ਸਾਹਿਬਾਨ ਦੇ ਦਰਸ਼ਨਾਂ ਲਈ ਵਿਸ਼ੇਸ਼ ਰੇਲਗੱਡੀ ਸ਼ੁਰੂ

ਨਾਂਦੇੜ/ਏ.ਟੀ.ਨਿਊਜ਼ : ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ 'ਪੰਜ ਤਖ਼ਤ ਵਿਸ਼ੇਸ਼ ਤੀਰਥ ਯਾਤਰਾ' ਰੇਲ ਗੱਡੀ ਨੂੰ ਪਿਛਲੇ ਦਿਨੀਂ ਨਾਂਦੇੜ ਰੇਲਵੇ ਸਟੇਸ਼ਨ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਸਿੱਖ ਧਰਮ ਦੇ ਪੰਜ ਤਖ਼ਤ ਸਾਹਿਬਾਨ ਦੇ ਦਰਸ਼ਨਾਂ ਲਈ ਇਹ ਪਹਿਲੀ ਵਿਸ਼ੇਸ਼ ਰੇਲਗੱਡੀ ਭਾਰਤੀ ਰੇਲਵੇ ਦੁਆਰਾ ਲੋਕਾਂ ਨੂੰ ਜੋੜਨ, ਰੂਹਾਨੀਅਤ ਅਤੇ ਰਾਸ਼ਟਰਵਾਦ ਨੂੰ ਵਧਾਉਣ ਲਈ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਪੰਜ ਤਖ਼ਤ ਸਪੈਸ਼ਲ ਰੇਲ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੈ। ਇਹ ਰੇਲਗੱਡੀ ਹਜ਼ੂਰ ਸਾਹਿਬ ਰੇਲਵੇ ਸਟੇਸ਼ਨ ਤੋਂ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਆਨੰਦਪੁਰ ਸਾਹਿਬ, ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਅਤੇ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਸਾਹਿਬ ਲਈ ਚੱਲੇਗੀ। ਕੁੱਲ 12 ਦਿਨਾਂ ਵਿੱਚ ਇਹ ਆਪਣੀ ਯਾਤਰਾ ਮੁਕੰਮਲ ਕਰੇਗੀ ਅਤੇ ਰੇਲਗੱਡੀ ਵਿੱਚ ਕੁੱਲ 1300 ਸ਼ਰਧਾਲੂ ਸਫਰ ਕਰ ਸਕਣਗੇ। ਉਨ੍ਹਾਂ



ਦੱਸਿਆ ਕਿ ਰੇਲਗੱਡੀ ਦੇ ਪਹਿਲੇ ਕੋਚ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇਗਾ। ਇਹ ਵਿਸ਼ੇਸ਼ ਰੇਲਗੱਡੀ ਰਵਾਨਾ ਹੋ ਗਈ ਹੈ ਜੋ 6 ਸਤੰਬਰ ਨੂੰ ਵਾਪਸ ਨਾਂਦੇੜ ਪਹੁੰਚੇਗੀ। ਇਸ ਦੌਰਾਨ ਰਵਨੀਤ ਸਿੰਘ ਬਿੱਟੂ ਤਖ਼ਤ ਸ੍ਰੀ ਹਜ਼ੂਰ ਅਬਚਲ ਨਗਰ ਨਾਂਦੇੜ ਵਿਖੇ ਨਤਮਸਤਕ ਹੋਏ, ਜਿਥੇ ਕਿ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਵਿਸ਼ੇਸ਼ ਰੇਲਗੱਡੀ ਰਵਾਨਾ ਕਰਨ ਮੌਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਕੁਲਵੰਤ ਸਿੰਘ, ਮੀਤ ਜਥੇਦਾਰ ਬਾਬਾ ਜੋਤਇੰਦਰ ਸਿੰਘ ਅਤੇ ਡਿਵੀਜ਼ਨਲ ਰੇਲਵੇ ਮੈਨੇਜਰ, ਨਾਂਦੇੜ ਡਿਵੀਜ਼ਨ ਨੀਤੀ ਸਰਕਾਰ ਸਣੇ ਹੋਰ ਸੀਨੀਅਰ ਰੇਲਵੇ ਅਧਿਕਾਰੀ ਵੀ ਹਾਜ਼ਰ ਸਨ।

# ਸਿੱਖ ਜਥੇਬੰਦੀਆਂ ਦਾ ਐਲਾਨ : ਦਿੱਲੀ 'ਚ ਨਹੀਂ ਲੱਗਣ ਦਿਆਂਗੇ 'ਐਮਰਜੈਂਸੀ ਫ਼ਿਲਮ'



ਨਵੀਂ ਦਿੱਲੀ/ਏ.ਟੀ.ਨਿਊਜ਼: ਸਿੱਖ ਮਿਸ਼ਨ ਫ਼ਾਊਂਡੇਸ਼ਨ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਿੱਲੀ ਨੇ ਐਲਾਨ ਕੀਤਾ ਹੈ ਕਿ ਸਿੱਖ ਕੌਮ ਤੇ ਪੰਜਾਬ ਦੇ ਅਕਸ ਨੂੰ ਢਾਅ ਲਾਉਣ ਵਾਲੀ ਫ਼ਿਲਮ 'ਐਮਰਜੈਂਸੀ' ਨੂੰ ਦਿੱਲੀ ਵਿਚ ਨਹੀਂ ਚਲਣ ਦਿੱਤਾ ਜਾਵੇਗਾ। ਇਹ ਫ਼ਿਲਮ ਪੰਜਾਬ ਦੇ ਅਮਨ ਚੈੱਨ ਨੂੰ ਲਾਂਬੂ ਲਾਉਣ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਅਕਸ ਨੂੰ ਢਾਅ ਲਾਉਣ ਦੀ ਕੰਗਣਾ ਰਣੌਤ ਦੀ ਸਾਜ਼ਿਸ਼ ਹੈ।

ਇੱਕ ਮੀਟਿੰਗ, ਜਿਸ ਵਿੱਚ ਸਿੱਖ ਮਿਸ਼ਨ ਫ਼ਾਊਂਡੇਸ਼ਨ ਦੇ ਮੁਖੀ ਇੰਦਰਜੀਤ ਸਿੰਘ, ਫ਼ੈਡਰੇਸ਼ਨ ਦੇ ਨੁਮਾਇੰਦੇ ਅਵਤਾਰ ਸਿੰਘ ਮਾਕਨ, ਅਮਰਜੀਤ ਸਿੰਘ ਲਾਜਪਤ ਨਗਰ, ਅਮਰਜੀਤ ਸਿੰਘ ਬੱਬੀ, ਗੁਰਪ੍ਰੀਤ ਸਿੰਘ ਅਤੇ ਜਤਿੰਦਰ ਸਿੰਘ ਜੀਤੂ ਨੇ ਫ਼ਿਲਮ ਦੀ ਨਿਖੇਧੀ ਕਰਦੇ ਹੋਏ ਸਾਂਝੇ ਤੌਰ 'ਤੇ ਕੌਮੀ ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੂੰ ਅਪੀਲ ਕੀਤੀ ਕਿ ਉਹ ਫ਼ਿਲਮ 'ਤੇ ਪਾਬੰਦੀ ਲਗਵਾਉਣ, ਸਿੱਖਾਂ ਨੂੰ ਇਹ ਫ਼ਿਲਮ ਬਰਦਾਸ਼ਤ ਨਹੀਂ।

ਇੰਦਰਜੀਤ ਸਿੰਘ ਵਿਕਾਸਪੁਰੀ ਦੇ ਜਾਰੀ ਕੀਤੇ ਬਿਆਨ ਵਿਚ ਮੀਟਿੰਗ ਵਿੱਚ ਹਾਜ਼ਰ ਸਿੱਖਾਂ ਨੇ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਦਿੱਲੀ ਵਿੱਚ ਇਸ ਫ਼ਿਲਮ 'ਤੇ ਪਾਬੰਦੀ ਲਗਾਏ, ਨਹੀਂ ਤਾਂ ਇਹ ਸਾਰੇ ਸਿਨੇਮਾ ਘਰਾਂ ਵਿੱਚ ਜਾ ਕੇ ਵੀ ਫ਼ਿਲਮ ਦਾ ਵਿਰੋਧ ਕਰਨ ਤੋਂ ਪਿਛੇ ਨਹੀਂ ਹੱਟਣਗੇ।

# ਗੁਰਦੁਆਰਾ ਆਲਮਗੀਰ ਦੀ ਲੰਗਰ ਮਰਿਆਦਾ ਨੂੰ ਭੰਗ ਕਰਨ ਵਾਲਾ ਸ਼ਰਾਰਤੀ ਅਨਸਰ ਕਾਬੂ

ਆਲਮਗੀਰ/ਏ.ਟੀ.ਨਿਊਜ਼: ਪਿਛਲੇ ਦਿਨੀਂ ਸਥਾਨਕ ਇਤਿਹਾਸਿਕ ਗੁਰਦੁਆਰਾ ਮੰਜੀ ਸਾਹਿਬ ਆਲਮਗੀਰ ਦੇ ਗੁਰੂ ਕੇ ਲੰਗਰ ਵਿੱਚ ਇੱਕ ਸ਼ਰਾਰਤੀ ਅਨਸਰ ਵਲੋਂ ਘਿਨੌਣੀ ਹਰਕਤ ਕਰਦਿਆਂ ਦਾਲ ਵਾਲੀ ਬਾਲਟੀ ਵਿੱਚ ਮੀਟ ਪਾਏ ਜਾਣ 'ਤੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੇ ਉਸਨੂੰ ਤੁਰੰਤ ਕਾਬੂ ਕਰ ਲਿਆ। ਇਸ ਹਰਕਤ ਨਾਲ ਗੁਰੂ ਘਰ ਨਾਲ ਜੁੜੀਆਂ ਸੰਗਤਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਇਸ ਸਬੰਧੀ ਆਯੋਜਤ ਪ੍ਰੈੱਸ ਕਾਨਫ਼ਰੰਸ ਦੌਰਾਨ ਜਗਬੀਰ ਸਿੰਘ ਸੋਖੀ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਚਰਨ ਸਿੰਘ ਆਲਮਗੀਰ ਅਤੇ ਗੁਰਦੁਆਰਾ ਮੈਨੇਜਰ ਸਰਦਾਰ ਰਜਿੰਦਰ ਸਿੰਘ ਟੌਹੜਾ ਨੇ ਦਸਿਆ ਕਿ ਪਿੰਡ ਲਾਪਰਾਂ ਦੇ ਬਲਵੀਰ ਸਿੰਘ ਪੁੱਤਰ ਨਛੱਤਰ ਸਿੰਘ ਨੇ ਲੰਗਰ ਦੀ ਦਾਲ ਵਾਲੀ ਬਾਲਟੀ ਵਿੱਚ ਮੀਟ ਪਾਉਣ ਦੀ ਘਿਨੌਣੀ ਹਰਕਤ ਕੀਤੀ। ਇਸ ਦੇ ਪਿੱਛੇ ਗਹਿਰੀ ਸਾਜ਼ਸ਼ ਕਰਨ ਵਾਲਾ ਕੌਣ ਹੈ ? ਇਹ ਜਾਂਚ ਦਾ ਵਿਸ਼ਾ ਹੈ, ਜਿਸ ਨੂੰ ਪੁਲਿਸ ਪ੍ਰਸ਼ਾਸਨ ਜਲਦ ਸਾਹਮਣੇ ਲਿਆਵੇਗਾ।

ਉਨ੍ਹਾਂ ਕਿਹਾ ਕਿ ਬੇਅਦਬੀ ਜਿਹੀਆਂ ਹਰਕਤਾਂ ਰੋਕਣ ਲਈ ਕਾਨੂੰਨ ਦੀਆਂ ਜੋ ਧਰਾਵਾਂ ਬਣਾਈਆਂ ਹਨ, ਉਹ ਨਾਕਾਫ਼ੀ ਸਾਬਤ ਹੋ ਰਹੀਆਂ ਹਨ। ਇਸ ਉਪਰੰਤ ਥਾਣਾ ਡੇਹਲੋਂ ਦੇ ਜਾਂਚ ਅਧਿਕਾਰੀ ਸੁਲੱਖਣ ਸਿੰਘ ਨੇ ਸੀ.ਸੀ.ਟੀ.ਵੀ. ਕੈਮਰਿਆਂ ਰਾਹੀਂ ਉਸਦੀ ਇਸ ਹਰਕਤ ਨੂੰ ਦੇਖਣ ਤੇ ਜਾਂਚ-ਪੜਤਾਲ ਕਰਨ ਉਪਰੰਤ 298 ਬੀ ਤਹਿਤ ਮਾਮਲਾ ਦਰਜ ਕੀਤਾ।

ਇਸ ਮੌਕੇ ਜਗਬੀਰ ਸੋਖੀ ਨੇ ਕਿਹਾ ਕਿ ਬੇਅਦਬੀ ਵਰਗੀਆਂ ਘਿਨਾਉਣੀਆਂ ਹਰਕਤਾਂ ਪਿੱਛੇ ਲੁਕੇ ਸ਼ੈਤਾਨੀ ਦਿਮਾਗ ਵਾਲੇ ਕਿੰਨਾ ਚਿਰ ਧਰਮੀ ਲੋਕਾਂ ਦੀ ਸ਼ਰਧਾ ਨਾਲ ਖਿਲਵਾੜ ਕਰਦੇ ਰਹਿਣਗੇ ? ਅਤੇ ਕਾਨੂੰਨ ਦੀਆਂ ਧਰਾਵਾਂ ਨਾਲ ਖੇਡਦੇ ਰਹਿਣਗੇ ? ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਗੁਰੂ ਘਰ 'ਤੇ ਚੜ੍ਹ ਕੇ ਆਉਣ ਵਾਲਿਆਂ ਲਈ ਤੇਗ ਪੱਕੀ ਹੈ।

ਜਗਬੀਰ ਸੋਖੀ ਨੇ ਕਿਹਾ ਕਿ ਵਿਚਾਰਨ ਵਾਲੀ ਗੱਲ ਹੈ ਕਿ ਸ਼ਰਧਾਵਾਨ ਸ਼ਰਧਾਲੂ ਗੁਰੂ ਕੇ ਲੰਗਰਾਂ ਲਈ ਪ੍ਰਸ਼ਾਦੇ ਵੀ ਲੈ ਕੇ ਆਉਂਦੇ ਨੇ, ਦਾਲ ਸਬਜ਼ੀ ਵੀ ਲੈ ਕੇ ਆਉਂਦੇ ਨੇ, ਦੂਜੇ ਪਾਸੇ ਚਤਰ ਬੁੱਧੀ ਵਾਲੇ ਭੋਲੇ ਭਾਲੇ ਚਿਹਰੇ ਬਣਾ ਕੇ ਘਿਨੌਉਣੀਆਂ ਹਰਕਤਾਂ ਕਰਨ ਵਾਲੇ ਗੁਰੂ ਘਰ ਦੀ ਮਰਿਆਦਾ ਨਾਲ ਖਿਲਵਾੜ ਕਰਦੇ ਨੇ ਅਤੇ ਬੇਅਦਬੀ ਵਰਗੀਆਂ ਘਟੀਆ ਹਰਕਤਾਂ ਕਰ ਜਾਂਦੇ ਹਨ। ਇਸ ਮੌਕੇ ਹਰਦੀਪ ਸਿੰਘ ਮੀਤ ਮੈਨੇਜਰ, ਮਨਪ੍ਰੀਤ ਸਿੰਘ ਖਟੜਾ, ਗੁਰਪ੍ਰੀਤ ਸਿੰਘ ਪੀਤਾ, ਗੁਰਦੀਪ ਸਿੰਘ ਰਾਜੂ, ਤਜਿੰਦਰ ਸਿੰਘ ਆਦਿ ਹਾਜ਼ਰ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

# ਸ਼ਾਂਤੀ ਵੱਲ ਵਧਣ ਰੂਸ ਅਤੇ ਯੂਕ੍ਰੇਨ



ਰੂਸ-ਯੂਕ੍ਰੇਨ ਦੇ ਵਿੱਚ ਅੱਜ ਤੋਂ 29 ਮਹੀਨੇ ਪਹਿਲਾਂ ਭਾਵ ਲਗਭਗ ਢਾਈ ਸਾਲ ਪਹਿਲਾਂ ਜੰਗ ਸ਼ੁਰੂ ਹੋਈ ਸੀ, ਜੋ ਅੱਜ ਵੀ ਲਗਾਤਾਰ ਭਿਆਨਕ ਰੂਪ ਧਾਰਨ ਕਰ ਰਹੀ ਹੈ। ਭਾਵੇਂਕਿ ਕਈ ਵਾਰੀ ਸ਼ਾਂਤੀ ਬਣਾਉਣ ਦੇ ਲਈ ਗੱਲਾਂ ਬਾਤਾਂ ਹੋਈਆਂ ਪਰ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਤੇ ਯੂਕ੍ਰੇਨੀ ਰਾਸ਼ਟਰਪਤੀ ਜੇਲੈਂਸਕੀ ਦੇ ਵਿੱਚ ਅੱਜ ਤੱਕ ਇੱਕ ਵੀ ਬੈਠਕ ਨਹੀਂ ਹੋਈ ਹੈ। ਅਸਲ ਵਿੱਚ ਯੂਕ੍ਰੇਨ ਤੇ ਰੂਸ ਦੋਵਾਂ ਨੂੰ ਯੁੱਧ ਦੀ ਕੀਮਤ ਚੁਕਾਉਣੀ ਪਈ ਹੈ ਤੇ ਦੁਨੀਆਂ ਦੇ ਹੋਰ ਦੇਸ਼ ਵੀ ਚਾਹੁੰਦੇ ਨੇ ਕਿ ਇਸ ਜੰਗ ਦਾ ਅੰਤ ਹੋਵੇ।

ਮਨੀਪੁਰ ਹਿੰਸਾ ਦੇ ਉੱਤੇ ਭਾਵੇਂ ਨਰਿੰਦਰ ਮੋਦੀ ਆਪਣੀ ਜੁਬਾਨ ਨਹੀਂ ਖੋਲ੍ਹਦੇ ਪਰ ਲੰਘੇ ਦਿਨੀਂ ਨਰਿੰਦਰ ਮੋਦੀ ਨੇ ਯੂਕ੍ਰੇਨ ਦਾ ਦੌਰਾ ਕੀਤਾ। ਸ਼ਾਂਤੀ ਦੇ ਵਿਸ਼ੇ ’ਤੇ ਗੱਲਬਾਤ ਹੋਈ। ਚਾਰ ਦੇ ਕਰੀਬ ਸਮਝੌਤੇ ਵੀ ਹੋਏ, ਪਰ ਉਹਨਾਂ ਦੀ ਵਾਪਸੀ ਤੋਂ ਬਾਅਦ ਅਸ਼ਾਂਤੀ ਵਾਲਾ ਮਾਹੌਲ ਯੂਕ੍ਰੇਨ ਦੇ ਵਿੱਚ ਬਰਕਰਾਰ ਹੈ, ਭਾਵ ਰੂਸ ਅਤੇ ਯੂਕ੍ਰੇਨ ਦੀ ਜੰਗ ਤੇਜ਼ ਹੋ ਗਈ ਹੈ। ਅਸਲ ਵਿੱਚ ਜਿਸ ਦਿਨ ਨਰਿੰਦਰ ਮੋਦੀ ਰੂਸ ਪਹੁੰਚੇ ਸਨ, ਉਸੇ ਦਿਨ ਯੂਕ੍ਰੇਨ ਵਿੱਚ ਰੂਸ ਦੇ ਹਮਲੇ ਦੇ ਨਾਲ 37 ਲੋਕ ਮਾਰੇ ਗਏ ਸਨ, ਜਿਸ ਵਿੱਚ ਤਿੰਨ ਬੱਚੇ ਵੀ ਸ਼ਾਮਲ ਸਨ। ਸੁਣਨ ਵਿੱਚ ਤਾਂ ਇਹ ਵੀ ਆਇਆ ਹੈ ਕਿ ਜੇਲੈਂਸਕੀ ਨੇ ਭਾਰਤ ਦੀ ਵਿਚੋਲੇ ਵਾਲੀ ਭੂਮਿਕਾ ਨੂੰ ਨਿਕਾਰ ਦਿੱਤਾ ਹੈ ਤੇ ਕਿਹਾ ਹੈ ਕਿ ਜੇ ਭਾਰਤ ਅੱਜ ਰੂਸ ਨਾਲੋਂ ਤੇਲ ਦਾ ਵਪਾਰ ਬੰਦ ਕਰ ਦੇਵੇ ਤਾਂ ਇਹ ਯੁੱਧ ਰੁਕ ਸਕਦਾ ਹੈ। ਯੂਕ੍ਰੇਨ ਨੇ ਭਾਰਤ ਨੂੰ ਸਥਿਤੀ ਸਪਸ਼ਟ ਕਰਨ ਦੀ ਗੱਲ ਵੀ ਕਹੀ ਹੈ। ਪਰ ਸਾਡਾ ਮੀਡੀਆ ਇਹ ਗੱਲ ਨੂੰ ਪ੍ਰਮੁੱਖਤਾ ਨਹੀਂ ਦੇ ਰਿਹਾ ਸਿਰਫ਼ ਇਸ ਗੱਲ ’ਤੇ ਜੋਰ ਦਿੱਤਾ ਜਾ ਰਿਹਾ ਹੈ ਕਿ ਨਰਿੰਦਰ ਮੋਦੀ ਨੇ ਯੁੱਧ ਰੁਕਵਾ ਦਿੱਤਾ ਹੈ।

ਤੁਹਾਨੂੰ ਯਾਦ ਹੋਣੈ ਕਿ ਲੰਘੇ ਸਮੇਂ ਦੇ ਵਿੱਚ ਰੂਸ ਦੀ ਯਾਤਰਾ ਦੌਰਾਨ ਵਲਾਦੀਮੀਰ ਪੂਤਿਨ ਨੂੰ ਨਰਿੰਦਰ ਮੋਦੀ ਨੇ ਗਲੇ ਲਗਾਇਆ ਸੀ ਤਾਂ ਜੇਲੈਂਸਕੀ ਨੇ ਇਹ ਕਹਿ ਕੇ ਆਲੋਚਨਾ ਕੀਤੀ ਸੀ ਕਿ “ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਨੇਤਾ ਦਾ ਦੁਨੀਆਂ ਦੇ ਸਭ ਤੋਂ ਖੂਨੀ ਅਪਰਾਧੀ ਨੂੰ ਮਾਸਕੋ ਵਿੱਚ ਗਲੇ ਲਗਾਉਣਾ ਸ਼ਾਂਤੀ ਸਥਾਪਿਤ ਕਰਨ ਦੀਆਂ ਕੋਸ਼ਿਸ਼ਾਂ ਦੇ ਲਈ ਬੜੀ ਨਿਰਾਸ਼ਾਜਨਕ ਗੱਲ ਹੈ।” ਭਾਰਤ ਦੇ ਵਿਦੇਸ਼ ਮੰਤਰੀ ਐਸ.ਜੈਸ਼ੰਕਰ ਦਾ ਬਿਆਨ ਵੀ ਚਰਚਾ ਦੇ ਵਿੱਚ ਰਿਹਾ। ਜਿਸ ਵਿੱਚ ਉਸ ਨੇ ਕਿਹਾ ਕਿ 2024 ਦੇ ਅੰਤ ਵਿੱਚ ਹੋਣ ਵਾਲੇ ਗਲੋਬਲ ਪੀਸ ਸਮਿੱਟ ਦੇ ਲਈ ਯੂਕ੍ਰੇਨ ਤੈਅ ਕਰੇਗਾ ਕਿ ਰੂਸ ਨੂੰ ਬੁਲਾਉਣਾ ਹੈ ਜਾਂ ਨਹੀਂ ?

ਯੂਕ੍ਰੇਨ ਸਦਾ ਹੀ ਸਭ ਕੋਲੋਂ ਸੁਰੱਖਿਆ ਦੀ ਮੰਗ ਕਰਦਾ ਆਇਆ ਹੈ ਤਾਂ ਜੋ ਆਪਣੇ ਦੇਸ਼ ਵਾਸੀਆਂ ਦੀ ਰੱਖਿਆ ਕਰ ਸਕੇ। ਨਰਿੰਦਰ ਮੋਦੀ ਦੀ ਯਾਤਰਾ ਤੋਂ ਬਾਅਦ ਇਹ ਗੱਲਾਂ ਸਾਹਮਣੇ ਆ ਰਹੀਆਂ ਨੇ ਕਿ ਸ਼ਾਇਦ ਭਾਰਤ ਦੋਵਾਂ ਧਿਰਾਂ ਵਿੱਚ ਸਮਝੌਤਾ ਕਰਾਉਣ ਦੀ ਸਾਲਸੀ ਭਾਵ ਵਿਚੋਲੇ ਵਾਲੀ ਭੂਮਿਕਾ ਨਿਭਾਉਣਾ ਚਾਹੁੰਦਾ ਹੈ। ਜੇ ਸੱਚਮੁੱਚ ਹੈ ਤਾਂ ਸਲਾਉਣਯੋਗ ਗੱਲ ਹੈ। ਪਰ ਵਿਦੇਸ਼ੀ ਅਖਬਾਰਾਂ ਕੁਝ ਹੋਰ ਹੀ ਆਖਦੀਆਂ ਨੇ। ਤਾਜ਼ਾ ਜਾਣਕਾਰੀ ਮੁਤਾਬਿਕ ਯੂਕ੍ਰੇਨ ਦੇ ਰਾਸ਼ਟਰਪਤੀ ਜੇਲੈਂਸਕੀ ਨੇ ਕਿਹਾ ਹੈ ਕਿ ਉਹ ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਦੇ ਸਾਹਮਣੇ ਉਹ ਇੱਕ ਯੋਜਨਾ ਪੇਸ਼ ਕਰਨਗੇ ਜਿਸ ਦਾ ਉਦੇਸ਼ ਹੋਵੇਗਾ ਕਿ ਰੂਸ ਦੇ ਨਾਲ ਚੱਲ ਰਹੇ ਯੁੱਧ ਨੂੰ ਖਤਮ ਕੀਤਾ ਜਾਵੇ। ਇਹ ਯੋਜਨਾ ਸਤੰਬਰ ਦੇ ਵਿੱਚ ਨਿਊਯਾਰਕ ਵਿੱਚ ਹੋਣ ਵਾਲੀ ਸੰਯੁਕਤ ਰਾਸ਼ਟਰ ਮਹਾਸਭਾ ਦੇ ਦੌਰਾਨ ਪੇਸ਼ ਕੀਤੀ ਜਾਵੇਗੀ। ਕਿਹਾ ਜਾ ਰਿਹਾ ਹੈ ਕਿ ਅਮਰੀਕਾ ਇਸ ਵਿੱਚ ਵੱਡੀ ਭੂਮਿਕਾ ਨਿਭਾਅ ਸਕਦਾ ਹੈ। ਜੇਲੈਂਸਕੀ ਦੀ ਇਸ ਪਹਿਲ ਨੂੰ ਨਿਰਣਾਇਕ ਮੰਨਿਆ ਜਾ ਸਕਦਾ ਹੈ। ਉਸ ਦੀ ਯੋਜਨਾ ਮੁਤਾਬਿਕ ਰੂਸ ਤੇ ਰਾਜਨੀਤਿਕ ਦਬਾਓ ਪਾਉਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਕਿ ਉਹ ਯੁੱਧ ਖਤਮ ਕਰੇ। ਆਰਥਿਕ ਪਹਿਲ ਵੀ ਯੋਜਨਾ ਦਾ ਹਿੱਸਾ ਹੋਵੇਗੀ। ਬਾਈਡਨ ਤੋਂ ਇਲਾਵਾ ਉਹ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਕਮਲਾ ਹੈਰਿਸ ਤੇ ਟਰੰਪ ਨੂੰ ਵੀ ਆਪਣੀ ਇਸ ਯੋਜਨਾ ਬਾਰੇ ਜਾਣਕਾਰੀ ਦੇਣਗੇ। ਇਹ ਯੋਜਨਾ ਅਮਰੀਕਾ ਦੇ ਸਹਿਯੋਗ ’ਤੇ ਨਿਰਭਰ ਹੈ। ਉਮੀਦ ਹੈ ਕਿ ਅਮਰੀਕਾ ਯੂਕ੍ਰੇਨ ਦੀ ਸਥਿਤੀ ਨੂੰ ਸਮਝੇਗਾ ਵੀ ਤੇ ਸਮਰਥਨ ਵੀ ਦੇਵੇਗਾ। ਰੂਸ ਅਤੇ ਯੂਕ੍ਰੇਨ ਦੇ ਵਿੱਚ ਚੱਲ ਰਹੇ ਸੰਘਰਸ਼ ਦਾ ਅਸਰ ਪੂਰੀ ਦੁਨੀਆਂ ’ਤੇ ਪਿਆ ਹੈ। ਯੂਕ੍ਰੇਨ ਦੀ ਵੱਡੀ ਗਿਣਤੀ ਦੇ ਵਿੱਚ ਨਾਗਰਿਕ ਮਰੇ, ਉਨ੍ਹਾਂ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਿਆ, ਉਹਨਾਂ ਨੂੰ ਵਪਾਰਕ ਨੁਕਸਾਨ ਹੋਇਆ। ਯੂਕ੍ਰੇਨ ਚਾਹੁੰਦਾ ਹੈ ਕਿ ਯੁੱਧ ਨੂੰ ਵਿਰਾਮ ਲੱਗ ਜਾਵੇ ਪਰ ਉਹ ਰੂਸ ਦੀਆਂ ਸ਼ਰਤਾਂ ਮੰਨਣ ਦੇ ਲਈ ਤਿਆਰ ਨਹੀਂ ਹੈ। ਰੂਸ ਦੀ ਸ਼ਰਤ ਹੈ ਕਿ ਯੂਕ੍ਰੇਨ ਨਾਟੋ ਦੀ ਮੈਂਬਰਸ਼ਿਪ ਤਿਆਗ ਦੇਵੇ। ਪਰ ਦੋਵਾਂ ਵਿਚੋਂ ਕੋਈ ਵੀ ਝੁਕਣ ਦੇ ਲਈ ਤਿਆਰ ਨਹੀਂ ਹੈ ਤੇ ਇਸ ਤਰ੍ਹਾਂ ਦੇ ਮਾਹੌਲ ਦੇ ਵਿੱਚ ਗੱਲਬਾਤ ਦੇ ਲਈ ਇੱਕ ਮੇਜ਼ ’ਤੇ ਬੈਠਣਾ ਬੜਾ ਔਖਾ ਜਾਪਦਾ ਹੈ। ਦੁਆ ਕਰਦੇ ਹਾਂ ਕਿ ਦੋਵੇਂ ਦੇਸ਼ ਸ਼ਾਂਤੀ ਵੱਲ ਵਧਣ।

# ਕੋਲਕਾਤਾ ਬਲਾਤਕਾਰ ਕਾਂਡ :ਭਾਰਤ ਦੀ ਕਾਨੂੰਨ ਵਿਵਸਥਾ ’ਤੇ ਇੱਕ ਵੱਡਾ ਸਵਾਲੀਆ ਨਿਸ਼ਾਨ

ਸੰਦੀਪ ਕੁਮਾਰ



ਕੋਲਕਾਤਾ ਬਲਾਤਕਾਰ ਕੇਸ ਨੇ ਇੱਕ ਵਾਰ ਫਿਰ ਭਾਰਤ ਦੀ ਕਾਨੂੰਨ ਵਿਵਸਥਾ ’ਤੇ ਇੱਕ ਵੱਡਾ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਜੂਨੀਅਰ ਡਾਕਟਰ ਮੋਮਿਤਾ ਦੇਵਨਾਥ, ਜੋ ਕਿ ਇਸ ਕੇਸ ਵਿੱਚ ਪੀੜਤ ਸੀ, ਆਰੋਪੀ ਨੇ ਬਲਾਤਕਾਰ ਤਾਂ ਕੀਤਾ ਅਤੇ ਉਸਦੇ ਬਾਅਦ ਉਸ ਨੂੰ ਮੌਤ ਦੇ ਘਾਟ ਵੀ ਉਤਾਰ ਦਿੱਤਾ। ਇਹ ਮਨੁੱਖੀ ਹੈਵਾਨੀਅਤ ਦੀ ਸਭ ਤੋਂ ਵੱਡੀ ਮਿਸਾਲ ਮੰਨੀ ਜਾ ਸਕਦੀ ਹੈ। ਪੂਰੇ ਭਾਰਤ ਵਿੱਚ ਇਸ ਘਟੀਆ ਅਪਰਾਧ ਦੇ ਵਿਰੁੱਧ ਇਨਸਾਫ ਲਈ ਰੋਸ ਵਜੋਂ ਵੱਖ-ਵੱਖ ਥਾਵਾਂ ’ਤੇ ਰੋਸ ਪ੍ਰਦਰਸ਼ਨ ਅਤੇ ਧਰਨੇ ਕੀਤੇ ਜਾ ਰਹੇ ਹਨ। ਭਾਰਤ ਵਿੱਚ ਬਲਾਤਕਾਰ ਹੋਣ ਦੀ ਇਹ ਪਹਿਲੀ ਹੈਵਾਨੀਅਤ ਨਾਲ ਭਰੀ ਘਟਨਾ ਨਹੀਂ ਸੀ! ਮਾਰਚ 2024 ਵਿੱਚ ਬਰਾਜ਼ੀਲੀਅਨ-ਸਪੈਨਿਸ਼ ਬਾਈਕਰ ਜੋੜਾ, ਜੋ ਭਾਰਤ ਘੁਮੰਣ ਲਈ ਆਇਆ ਸੀ, ਉੱਥੋਂ ਦੇ ਲੋਕਲ ਪੁਰਸ਼ਾਂ ਨੇ ਉਸ ਜੋੜੇ ਨਾਲ ਮਾਰ-ਕੁੱਟ ਕੀਤੀ ਅਤੇ ਉਸ ਇਸਤਰੀ ਨਾਲ ਗੈਂਗ ਰੇਪ ਕੀਤਾ। ਸਾਲ 2012 ਵਿੱਚ ਦਿੱਲੀ ਵਿੱਚ ਵਾਪਰੀ ਨਿਰਭਇਆ ਗੈਂਗ ਰੇਪ ਅਤੇ ਇਸ ਵਰਗੀਆਂ ਅਨੇਕਾਂ ਹੋਰ ਬਹੁਤ ਸਾਰੀਆਂ ਘਟਨਾਵਾਂ ਭਾਰਤ ਵਿੱਚ ਵਾਪਰ ਰਹੀਆਂ ਹਨ। ਇਹਨਾਂ ਘਟਨਾਵਾਂ ਦਾ ਲਗਾਤਾਰ ਹੁੰਦੇ ਰਹਿਣਾ ਭਾਰਤੀ ਨਿਆਂ ਵਿਵਸਥਾ ਜਾਂ ਕਾਨੂੰਨ ਵਿਵਸਥਾ ’ਤੇ ਇੱਕ ਵੱਡਾ ਪ੍ਰਸ਼ਨ ਚਿੰਨ੍ਹ ਹੈ।

ਬਲਾਤਕਾਰੀ ਦੀ ਮਾਨਸਿਕਤਾ ਬਹੁਤ ਹੀ ਗੰਦੀ ਅਤੇ ਵਿਗੜੀ ਹੋਈ ਹੁੰਦੀ ਹੈ। ਉਹ ਲੋਕ ਜੋ ਬਲਾਤਕਾਰ ਕਰਦੇ ਹਨ, ਉਹ ਅਕਸਰ ਸ਼ਕਤੀ ਦਾ ਦੁਰਉਪਯੋਗ ਕਰਨ ਦੀ ਖਵਾਹਿਸ਼ ਰੱਖਦੇ ਹਨ। ਉਹ ਆਪਣੇ ਸ਼ਿਕਾਰ ਨੂੰ ਨੁਕਸਾਨ ਪਹੁੰਚਾ ਕੇ ਖੁਦ ਨੂੰ ਸ਼ਕਤੀਸ਼ਾਲੀ ਸਮਝਦੇ ਹਨ। ਇਹ ਲੋਕ ਜ਼ਿਆਦਾਤਰ ਹਿੰਸਕ ਅਤੇ ਅਣਕਾਬੂ ਹੋਣ ਦੇ ਨਾਲ-ਨਾਲ, ਜਜ਼ਬਾਤੀ ਅਤੇ ਮਾਨਸਿਕ ਤੌਰ ’ਤੇ ਵੀ ਬੇਹੱਦ ਕਮਜ਼ੋਰ ਹੁੰਦੇ ਹਨ। ਇਸਦੇ ਨਾਲ ਹੀ ਕਈ ਵਾਰ ਕੁਝ ਪੁਰਸ਼ਾਂ ਵੱਲੋਂ ਬਲਾਤਕਾਰ ਵਰਗਾ ਅਪਰਾਧ ਸੋਚ-ਸਮਝ ਕੇ ਵੀ ਕੀਤਾ ਜਾਂਦਾ ਹੈ ਕਿਉਂਕਿ ਜਾਂ ਤਾਂ ਇਹੋ ਜਿਹੇ ਇਨਸਾਨਾਂ ਨੂੰ ਸਮਾਜ ਅਤੇ ਕਾਨੂੰਨ ਦਾ ਡਰ ਨਹੀਂ ਹੁੰਦਾ ਜਾਂ ਪੈਸੇ ਦੀ ਪਹੁੰਚ ਕਾਰਨ ਇਹਨਾਂ ਦੀ ਰਾਜਨੀਤਿਕ ਪਹੁੰਚ ਇੰਨੀ ਜ਼ਿਆਦਾ ਹੁੰਦੀ ਹੈ ਕਿ ਉਹ ਇਹੋ ਜਿਹਾ ਘਟੀਆ ਅਪਰਾਧ ਕਰਕੇ ਵੀ ਬਚ ਜਾਂਦੇ ਹਨ, ਜਿਸ ਨਾਲ ਸਮਾਜ ਵਿੱਚ ਨਿਆਂ ਵਿਵਸਥਾ ਜਾਂ ਕਾਨੂੰਨ ਵਿਵਸਥਾ ਦਾ ਗਲਤ ਸੰਦੇਸ਼ ਜਾਂਦਾ ਹੈ। ਉਹਨਾਂ ਦੀ ਮਾਨਸਿਕਤਾ ਵਿੱਚ ਮਹਿਲਾਵਾਂ ਅਤੇ ਬੱਚਿਆਂ ਨੂੰ ਘਟੀਆ ਸਮਝਣ ਦੀ ਪ੍ਰਵਿਰਤੀ ਹੁੰਦੀ ਹੈ। ਇਹ ਬਹੁਤ ਜ਼ਰੂਰੀ ਹੈ ਕਿ ਸਮਾਜ ਵਿੱਚ ਵਿਆਪਕ ਤੌਰ ’ਤੇ ਮੰਨੇ ਜਾਣ ਵਾਲੇ ਕਈ ਗਲਤ ਤਰਕਾਂ ਨੂੰ ਸਹੀ ਢੰਗ ਨਾਲ ਸਮਝਿਆ ਜਾਵੇ।

ਬਲਾਤਕਾਰ ਦੇ ਤਰਕਾਂ ਵਿੱਚੋਂ ਇੱਕ ਇਹ ਹੈ ਕਿ ਮਹਿਲਾਵਾਂ ਦੀ ਪੋਸ਼ਾਕ ਇਸਦਾ ਮੁੱਖ ਕਾਰਨ ਹੁੰਦੀ ਹੈ। ਇਹ ਤਰਕ ਪੂਰੀ ਤਰ੍ਹਾਂ ਗਲਤ ਅਤੇ ਅਸੰਗਤ ਹੈ। ਇਹ ਤਰਕ ਇਹ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਇਸਤਰੀ ਦੀ ਪੋਸ਼ਾਕ ਅਤੇ ਉਸਦੇ ਪਹਿਨਣ ਦਾ ਤਰੀਕਾ, ਬਲਾਤਕਾਰੀ ਨੂੰ ਉਤੇਜਿਤ ਕਰਨ ਵਿੱਚ ਭੂਮਿਕਾ ਨਿਭਾਉਂਦਾਹੈ। ਪਰ ਇਹ ਤਰਕ ਵਾਰ-ਵਾਰ ਗਲਤ ਸਾਬਤ ਹੁੰਦਾ ਹੈ। ਜਦੋਂ ਅਸੀਂ ਤਿੰਨ-ਚਾਰ ਸਾਲ ਦੀਆਂ ਬੱਚੀਆਂ ਦੇ ਬਲਾਤਕਾਰ ਦੇ ਕੇਸਾਂ ਬਾਰੇ ਸੁਣਦੇ ਹਾਂ, ਤਾਂ ਇਹ ਸਾਫ ਹੈ ਕਿ ਪੋਸ਼ਾਕ ਦਾ ਇਸ ਵਿੱਚ ਕੋਈ ਲੈਣਾ ਦੇਣਾ ਨਹੀਂ। ਤਿੰਨ-ਚਾਰ ਸਾਲ ਦੀਆਂ ਬੱਚੀਆਂ ਦੀ ਪੋਸ਼ਾਕ ਬਿਲਕੁਲ ਸਾਦੀ ਹੁੰਦੀ ਹੈ, ਫਿਰ ਵੀ ਉਹਨਾਂ ਨਾਲ ਇਸ ਤਰ੍ਹਾਂ ਦੀ ਘਟੀਆ ਘਟਨਾ ਕਿਵੇਂ ਹੋ ਜਾਂਦੀ ਹੈ ? ਇਹ ਸਬੂਤ ਹੈ ਕਿ ਬਲਾਤਕਾਰ ਕਿਸੇ ਦੀ ਪੋਸ਼ਾਕ ਕਰਕੇ ਨਹੀਂ ਹੁੰਦਾ, ਬਲਕਿ ਬਲਾਤਕਾਰੀ ਦੀ ਘਟੀਆ ਮਾਨਸਿਕਤਾ ਦੇ ਕਾਰਨ ਹੁੰਦਾ ਹੈ। ਸਮਾਜ ਵਿੱਚ ਮਹਿਲਾਵਾਂ ਨੂੰ ਬਲਾਤਕਾਰ ਦਾ ਦੋਸ਼ੀ ਠਹਿਰਾਉਣ ਦੀ ਪੁਰਸ਼ ਪ੍ਰਧਾਨ ਸਮਾਜ ਨੂੰ ਆਦਤ ਪੈ ਗਈ ਹੈ। ਇਹ ਤਰਕ ਮਹਿਲਾਵਾਂ ਨੂੰ ਸ਼ਰਮਿੰਦਾ ਕਰਨ ਅਤੇ ਉਨ੍ਹਾਂ ਦੇ ਹੱਕਾਂ ਨੂੰ ਦਬਾਉਣ ਦਾ ਇੱਕ ਹਥਿਆਰ ਬਣ ਗਿਆ ਹੈ। ਇਸ ਤਰਕ ਨੂੰ ਮੰਨਣ ਨਾਲ ਸਿਰਫ ਬਲਾਤਕਾਰੀ ਨੂੰ ਹੀ ਹੌਸਲਾ ਮਿਲਦਾ ਹੈ ਅਤੇ ਉਹ ਆਪਣੇ ਬੁਰੇ ਕਰਮਾਂ ਲਈ ਜ਼ਿੰਮੇਵਾਰੀ ਤੋਂ ਬਚ ਜਾਂਦੇ ਹਨ। ਇਹ ਤਰਕ ਬਲਾਤਕਾਰੀ ਦੀ ਗੰਦੀ ਮਾਨਸਿਕਤਾ ਨੂੰ ਛੁਪਾਉਣ ਦਾ ਇੱਕ ਜ਼ਰੀਆ ਹੈ। ਬਲਾਤਕਾਰੀ ਦੀ ਮਾਨਸਿਕਤਾ ਵਿੱਚ ਹਿੰਸਾ, ਸ਼ਕਤੀ ਦੀ ਭਾਵਨਾ ਅਤੇ ਘਟੀਆ ਸੋਚ ਦੀ ਪ੍ਰਵਿਰਤੀ ਹੁੰਦੀ ਹੈ। ਇਹ ਲੋਕ ਅਕਸਰ ਆਪਣੇ ਜੀਵਨ ਵਿੱਚ ਕਮਜ਼ੋਰੀ ਅਤੇ ਅਸਫਲਤਾਂ ਦਾ ਸਾਹਮਣਾ ਕਰਦੇ ਹਨ ਅਤੇ ਆਪਣੀ ਕਮਜ਼ੋਰੀ ਨੂੰ ਦੂਜੇ ’ਤੇ ਜ਼ੋਰ ਅਜਮਾਇਸ਼ ਕਰਕੇ ਛੁਪਾਉਣ ਦੀ ਕੋਸ਼ਿਸ਼ ਕਰਦੇ ਹਨ। ਉਹ ਸਮਾਜ ਦੇ ਨਿਯਮਾਂ ਅਤੇ ਕਾਨੂੰਨਾਂ ਦੀ ਪਰਖ ਕਰਨ ਵਾਲੇ ਨਹੀਂ ਹੁੰਦੇ ਅਤੇ ਉਹਨਾਂ ਦੀ ਸੋਚ ਵਿੱਚ ਹਿੰਸਾ ਅਤੇ ਧੱਕੜਸ਼ਾਹੀ ਪ੍ਰਮੁੱਖ ਹੁੰਦੀ ਹੈ। ਇਸ ਲਈ ਇਸ ਤਰਕ ਨੂੰ ਪੂਰੀ ਤਰ੍ਹਾਂ ਰੱਦ ਕਰਨਾ ਜ਼ਰੂਰੀ ਹੈ ਕਿ ਪੋਸ਼ਾਕ ਬਲਾਤਕਾਰ ਦਾ ਕਾਰਨ ਹੁੰਦੀ ਹੈ। ਇਸ ਨੂੰ ਸਮਾਜ ਵਿੱਚ ਵਿਆਪਕ ਤੌਰ ’ਤੇ ਸਮਝਣਾ ਹੋਵੇਗਾ ਅਤੇ ਬਲਾਤਕਾਰ ਦੇ ਮੁਲਜ਼ਮਾਂ ਨੂੰ ਕਾਨੂੰਨੀ ਤੌਰ ’ਤੇ ਸਖਤ ਸਜ਼ਾ ਮਿਲਣੀ ਚਾਹੀਦੀ ਹੈ। ਨਾਲ ਹੀ ਮਹਿਲਾਵਾਂ ਨੂੰ ਆਪਣੇ ਹੱਕਾਂ ਅਤੇ ਸੁਰੱਖਿਆ ਬਾਰੇ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ।

ਬਲਾਤਕਾਰੀ ਦੀ ਮਾਨਸਿਕਤਾ ਦਾ ਅਧਿਐਨ ਕਰਨ ਨਾਲ ਸਮਾਜ ਅਤੇ ਕਾਨੂੰਨ ਬਣਾਉਣ ਵਾਲਿਆਂ ਨੂੰ ਇਹ ਸਮਝ ਆ ਸਕਦੀ ਹੈ ਕਿ ਇਸ ਤਰ੍ਹਾਂ ਦੀ ਘਟਨਾ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ। ਬਲਾਤਕਾਰੀ ਦੇ ਪਿੱਛੇ ਦੀ ਮਾਨਸਿਕਤਾ ਨੂੰ ਸਮਝਣਾ ਬਹੁਤ ਹੀ ਮਹੱਤਵਪੂਰਨ ਹੈ ਤਾਂ ਜੋ ਅਸਲ ਕਾਰਨ ਨੂੰ ਸਮਝ ਕੇ, ਸਮਾਜ ਨੂੰ ਸੁਰੱਖਿਅਤ ਅਤੇ ਸੰਵੇਦਨਸ਼ੀਲ ਬਣਾ ਸਕੀਏ। ਸਰਕਾਰਾਂ ਨੂੰ ਵੀ ਬਲਾਤਕਾਰੀਆਂ ਲਈ ਸਖਤ ਕਾਨੂੰਨੀ ਪ੍ਰਵਿਰਤੀ ਲਾਗੂ ਕਰਨੀ ਚਾਹੀਦੀ ਹੈ। ਸਿਖਲਾਈ ਪ੍ਰੋਗਰਾਮਾਂ, ਜਾਗਰੂਕਤਾ ਮੁਹਿੰਮਾਂ ਅਤੇ ਸਮਾਜਿਕ ਸੁਧਾਰਾਂ ਰਾਹੀਂ ਬਲਾਤਕਾਰ ਨੂੰ ਘਟਾਉਣ ਲਈ ਕਾਰਗਰ ਕਦਮ ਚੁੱਕੇ ਜਾਣ ਚਾਹੀਦੇ ਹਨ। ਸਮਾਜਕ ਆਗੂਆਂ ਅਤੇ ਧਾਰਮਿਕ ਨੇਤਾਵਾਂ ਦੀ ਭੂਮਿਕਾ ਵੀ ਇਸ ਵਿੱਚ ਬਹੁਤ ਮਹੱਤਵਪੂਰਨ ਹੈ। ਸਰਕਾਰਾਂ ਅਤੇ ਸਮਾਜ ਨੂੰ ਮਿਲ ਕੇ ਬਲਾਤਕਾਰ ਦੀਆਂ ਘਟਨਾਵਾਂ ਨੂੰ ਘਟਾਉਣ ਲਈ ਸਖਤ ਕਦਮ ਚੁੱਕਣ ਦੀ ਲੋੜ ਹੈ। ਸਿਖਲਾਈ ਪ੍ਰੋਗਰਾਮਾਂ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ ਜਾ ਸਕਦਾ ਹੈ ਅਤੇ ਬਲਾਤਕਾਰੀ ਨੂੰ ਸਖਤ ਸਜ਼ਾਵਾਂ ਦੇਣ ਨਾਲ ਇਸ ਤਰ੍ਹਾਂ ਦੀਆਂ ਘਟਨਾਵਾਂ ਵਿੱਚ ਘਾਟ ਆ ਸਕਦੀ ਹੈ। ਸਮਾਜਿਕ ਸੁਧਾਰਾਂ ਰਾਹੀਂ ਲੋਕਾਂ ਦੀ ਮਾਨਸਿਕਤਾ ਵਿੱਚ ਤਬਦੀਲੀ ਲਿਆਈ ਜਾ ਸਕਦੀ ਹੈ। ਬਲਾਤਕਾਰ ਵਰਗੇ ਘਿਨਾਉਣੇ ਜੁਰਮ ਨੂੰ ਘਟਾਉਣ ਲਈ ਸਮਾਜ ਅਤੇ ਸਰਕਾਰਾਂ ਵੱਲੋਂ ਬਹੁਤ ਸਾਰੇ ਢੁਕਵੇਂ ਕਦਮ ਚੁੱਕੇ ਜਾ ਸਕਦੇ ਹਨ। ਇਹ ਜੁਰਮ ਬਹੁਤ ਹੀ ਘਟੀਆ ਅਤੇ ਦਿਲ ਦਹਿਲਾਉਣ ਵਾਲਾ ਹੁੰਦਾ ਹੈ, ਅਤੇ ਇਸ ਨੂੰ ਰੋਕਣ ਲਈ ਬਹੁਤ ਸਖਤ ਪ੍ਰਵਿਰਤੀ ਦੀ ਲੋੜ ਹੈ। ਸਿੱਖਿਆ, ਕਾਨੂੰਨ, ਜਾਗਰੂਕਤਾ, ਅਤੇ ਮਾਨਸਿਕਤਾ ਵਿੱਚ ਤਬਦੀਲੀ ਜ਼ਰੂਰੀ ਹੈ।

ਇਨ੍ਹਾਂ ਤਬਦੀਲੀਆਂ ਨਾਲ ਇਹਨਾਂ ਘਟਨਾਵਾਂ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ:

ਪਹਿਲਾ, ਸਿੱਖਿਆ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਸਕੂਲਾਂ ਅਤੇ ਕਾਲਜਾਂ ਵਿੱਚ ਲਿੰਗ ਸਮਾਨਤਾ, ਸਿਹਤਮੰਦ ਸੰਬੰਧ, ਅਤੇ ਸਹਿਮਤੀ ਦੇ ਮਹੱਤਵ ਬਾਰੇ ਸਿੱਖਿਆ ਦਿੱਤੀ ਜਾ ਸਕਦੀ ਹੈ। ਇਹ ਸਿੱਖਿਆ ਛੋਟੇ ਬੱਚਿਆਂ ਤੋਂ ਹੀ ਸ਼ੁਰੂ ਕੀਤੀ ਜਾ ਸਕਦੀ ਹੈ ਤਾਂ ਜੋ ਉਹ ਬਾਲਗ ਹੋਣ ਤਕ ਸਹੀ ਅਤੇ ਗਲਤ ਵਿੱਚ ਅੰਤਰ ਸਮਝ ਸਕਣ।

ਦੂਜਾ, ਕਾਨੂੰਨੀ ਪ੍ਰਬੰਧਨਾਂ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ। ਬਲਾਤਕਾਰੀਆਂ ਲਈ ਸਖਤ ਸਜ਼ਾਵਾਂ ਦਾ ਪ੍ਰਾਵਧਾਨ ਹੋਣਾ ਚਾਹੀਦਾ ਹੈ। ਬਲਾਤਕਾਰ ਕਰਨ ਵਾਲਾ ਅਪਰਾਧੀ ਭਾਵੇਂ ਅਮੀਰ ਹੋਵੇ ਜਾਂ ਗਰੀਬ ਹੋਵੇ, ਉਹ ਦੋਸ਼ੀ ਹੈ। ਇਸ ਲਈ ਸਜ਼ਾ ਦੇ ਤੌਰ ’ਤੇ ਬਲਾਤਕਾਰੀ ਨੂੰ ਹੋਰ ਦੇਸ਼ਾਂ ਦੀ ਤਰਜ਼ ’ਤੇ ਫਾਂਸੀ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ਅਤੇ ਜ਼ਰੂਰੀ ਹੈ ਕਿ ਬਲਾਤਕਾਰ ਦੇ ਕੇਸਾਂ ਦੀ ਜਲਦ ਤੋਂ ਜਲਦ ਸੁਣਵਾਈ ਹੋਵੇ। ਇਸ ਲਈ ਵਿਸ਼ੇਸ਼ ਅਦਾਲਤਾਂ ਦੀ ਸਥਾਪਨਾ ਹੋ ਸਕਦੀ ਹੈ। ਤੁਰੰਤ ਅਤੇ ਸਖਤ ਕਾਰਵਾਈ ਤੋਂ ਇਲਾਵਾ ਬਲਾਤਕਾਰੀਆਂ ਦੇ ਨਾਮ ਅਤੇ ਤਸਵੀਰਾਂ ਨੂੰ ਸਰਵਜਨਿਕ ਕਰਨ ਦੀ ਵੀ ਨੀਤੀ ਬਣਾਈ ਜਾ ਸਕਦੀ ਹੈ ਤਾਂ ਜੋ ਲੋਕ ਸੁਰੱਖਿਅਤ ਰਹਿ ਸਕਣ।

ਤੀਜਾ, ਜਾਗਰੂਕਤਾ ਮੁਹਿੰਮਾਂ ਦਾ ਆਯੋਜਨ ਕੀਤਾ ਜਾ ਸਕਦਾ ਹੈ। ਟੀਵੀ, ਰੇਡੀਓ, ਸਮਾਜਿਕ ਮੀਡੀਆ, ਅਤੇ ਹੋਰ ਮਾਧਿਅਮਾਂ ਰਾਹੀਂ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾ ਸਕਦੀਆਂ ਹਨ। ਇਸਤਰੀਆਂ ਨੂੰ ਆਪਣੇ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਜਾ ਸਕਦਾ ਹੈ ਅਤੇ ਉਹਨਾਂ ਨੂੰ ਸਿਖਾਇਆ ਜਾ ਸਕਦਾ ਹੈ ਕਿ ਜੇਕਰ ਉਹ ਕਿਸੇ ਮੁਸ਼ਕਿਲ ਹਾਲਾਤ ਵਿੱਚ ਫਸ ਜਾਣ ਤਾਂ ਕਿਵੇਂ ਆਪਣੇ ਆਪ ਨੂੰ ਬਚਾ ਸਕਦੀਆਂ ਹਨ। ਇਸਦੇ ਨਾਲ-ਨਾਲ, ਮਰਦਾਂ ਨੂੰ ਵੀ ਸਿਖਾਉਣਾ ਜ਼ਰੂਰੀ ਹੈ ਕਿ ਉਹ ਮਹਿਲਾਵਾਂ ਦੀ ਇੱਜ਼ਤ ਕਿਵੇਂ ਕਰਨ।

ਚੌਥਾ, ਮਾਨਸਿਕਤਾ ਵਿੱਚ ਤਬਦੀਲੀ ਲਿਆਉਣ ਲਈ ਸਮਾਜਕ ਸੁਧਾਰ ਅਨੁਸ਼ਾਸਨ ਦੀ ਲੋੜ ਹੈ। ਇਸਤਰੀਆਂ ਦੇ ਸਵੈਮਾਣ,ਇੱਜ਼ਤ, ਅਤੇ ਹੱਕਾਂ ਨੂੰ ਮਾਣਤਾ ਦੇਣ ਦੀ ਲੋੜ ਹੈ। ਇਸਦੇ ਲਈ ਸਮਾਜਿਕ ਅਤੇ ਧਾਰਮਿਕ ਆਗੂਆਂ ਦੀ ਭੂਮਿਕਾ ਮਹੱਤਵਪੂਰਨ ਹੈ। ਉਹ ਲੋਕਾਂ ਵਿੱਚ ਸਹਿਮਤੀ ਅਤੇ ਸੁਰੱਖਿਆ ਦੇ ਮਹੱਤਵ ਨੂੰ ਬਹੁਤ ਹੀ ਅਸਾਨੀ ਨਾਲ ਪਹੁੰਚਾ ਸਕਦੇ ਹਨ।

ਸਰਕਾਰਾਂ ਨੂੰ ਵੀ ਇਸ ਮਾਮਲੇ ਵਿੱਚ ਪੂਰੀ ਸਹਾਇਤਾ ਦੇਣੀ ਚਾਹੀਦੀ ਹੈ। ਪੁਲਿਸ ਬਲਾਂ ਦੀ ਸਿਖਲਾਈ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ ਤਾਂ ਜੋ ਉਹ ਬਲਾਤਕਾਰ ਦੇ ਪੀੜਤਾਂ ਨਾਲ ਸੰਵੇਦਨਸ਼ੀਲਤਾ ਅਤੇ ਮਾਨਵਤਾ ਨਾਲ ਪੇਸ਼ ਆ ਸਕਣ। ਇਸ ਤਰ੍ਹਾਂ ਬਲਾਤਕਾਰ ਵਰਗੇ ਘਿਨਾਉਣੇ ਜੁਰਮ ਨੂੰ ਘਟਾਉਣ ਲਈ ਸਿੱਖਿਆ, ਸਖਤ ਕਾਨੂੰਨੀ ਪ੍ਰਵਿਰਤੀ, ਜਾਗਰੂਕਤਾ ਮੁਹਿੰਮਾਂ ਅਤੇ ਮਾਨਸਿਕਤਾ ਵਿੱਚ ਤਬਦੀਲੀ ਦੀ ਬਹੁਤ ਹੀ ਮਹੱਤਵਪੂਰਨ ਭੂਮਿਕਾ ਹੈ। ਇਹ ਸਾਰੇ ਕਦਮ ਮਿਲ ਕੇ ਸਮਾਜ ਨੂੰ ਵਧੀਆ ਅਤੇ ਸੁਰੱਖਿਅਤ ਬਣਾ ਸਕਦੇ ਹਨ।

ਅੰਤ ਵਿੱਚ ਇਹ ਦੱਸਣਾ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅਗਰ ਸਰਕਾਰਾਂ ਦੁਆਰਾ ਸਮਾਜ ਵਿੱਚ ਸਥਿਰਤਾ ਲਿਆਉਣ ਲਈ ਵਿਸ਼ੇਸ਼ ਉਪਰਾਲੇ ਨਾ ਕੀਤੇ ਗਏ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਆਮ ਜਨਤਾ ਦੇ ਹੱਥਾਂ ਵਿੱਚ ਫੜੀਆਂ ਮੋਮ ਬੱਤੀਆਂ ਮਸ਼ਾਲਾਂ ਦਾ ਰੂਪ ਧਾਰਨ ਕਰ ਲੈਣਗੀਆਂ।

# ਭਾਰਤ-ਪਾਕਿਸਤਾਨ ਆਪਸੀ ਖਿਚਾਅ ਖ਼ਤਮ ਕਰਕੇ ਵਪਾਰਕ ਰਿਸ਼ਤੇ ਕਰਨ ਬਹਾਲ



ਡਾ. ਸ. ਸ. ਛੀਨਾ

ਪੰਜਾਬ ਵਿੱਚ ਪਿਛਲੀਆਂ ਲੋਕ ਸਭਾ ਚੋਣਾਂ ਲੜ ਰਹੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਮੈਨੀਫੈਸਟੋ ਵਿੱਚ ਭਾਰਤ-ਪਾਕਿਸਤਾਨ ਵਪਾਰ ਵਧਾਉਣ ਦੀ ਗੱਲ ਕੀਤੀ ਗਈ ਸੀ। ਸਦੀਆਂ ਪੁਰਾਣੇ ਇਤਿਹਾਸਕ ਰਿਸ਼ਤਿਆਂ ਅਤੇ ਇੱਕੋ ਜਿਹੇ ਜਲਵਾਯੂ ਅਤੇ ਭੂਗੋਲਿਕ ਸਥਿਤੀ ਕਰਕੇ ਅੰਤਰਰਾਸ਼ਟਰੀ ਵਪਾਰ ਦੇ ਜਿੰਨੇ ਮੌਕੇ ਇਨ੍ਹਾਂ ਦੋਵਾਂ ਮੁਲਕਾਂ ਦੇ ਆਪਸੀ ਵਪਾਰ ਵਿੱਚ ਹਨ, ਉਹ ਹੋਰ ਕਿਸੇ ਦੇਸ਼ ਦੇ ਵਪਾਰ ਨਾਲ ਨਹੀਂ ਹੋ ਸਕਦੇ।

ਜਦੋਂ ਦੇਸ਼ ਦੀ ਵੰਡ ਹੋਈ ਤਾਂ ਲੰਬਾ ਸਮਾਂ ਪੁਰਾਤਨ ਵਪਾਰਕ ਕੰਪਨੀਆਂ ਰਾਹੀਂ ਅੰਤਰਰਾਸ਼ਟਰੀ ਵਪਾਰ ਹੁੰਦਾ ਰਿਹਾ। ਸੰਨ 1947-48 ਵਿੱਚ ਭਾਰਤ ਪਾਕਿਸਤਾਨ ਤੋਂ 70 ਫ਼ੀਸਦੀ ਵਸਤਾਂ ਮੰਗਵਾਉਂਦਾ ਸੀ ਜਦਕਿ ਉਹ 63 ਫ਼ੀਸਦੀ ਵਸਤਾਂ ਨਵੇਂ ਬਣੇ ਦੇਸ਼ ਪਾਕਿਸਤਾਨ ਨੂੰ ਭੇਜਦਾ ਸੀ।

ਪਰ ਸਿਰਫ਼ ਇੱਕ ਸਾਲ ਵਿੱਚ ਹੀ ਇਸ ਵਪਾਰ ਦੀ ਸਥਿਤੀ ਕੁਝ ਅਜੀਬ ਅਤੇ ਸੰਭਾਵਨਾਵਾਂ ਦੇ ਬਿਲਕੁਲ ਉਲਟ ਹੋ ਗਈ। ਵੰਡ ਦੇ ਪਹਿਲੇ ਵਰ੍ਹੇ ਦੋਵਾਂ ਦੇਸ਼ਾਂ ਵਿਚਾਲੇ ਜਿਹੜਾ ਵਪਾਰ 184 ਕਰੋੜ ਰੁਪਏ ਦਾ ਹੋਇਆ ਸੀ ਉਹ 1948-49 ਵਿੱਚ ਘਟ ਕੇ ਸਿਰਫ਼ 53 ਕਰੋੜ ਰਹਿ ਗਿਆ ਅਤੇ ਆਉਣ ਵਾਲੇ ਸਮੇਂ ਵਿੱਚ ਦੋਵਾਂ ਦੇਸ਼ਾਂ ਵਿਚ ਲਾਈਆਂ ਪਾਬੰਦੀਆਂ ਕਰਕੇ ਵਪਾਰ ਲਗਾਤਾਰ ਘਟਦਾ ਗਿਆ। ਸੰਨ 1965 ਦੀ ਜੰਗ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਵਪਾਰ ਠੱਪ ਹੋ ਗਿਆ ਸੀ। ਫਿਰ ਵਪਾਰ ਦੀ ਮਹੱਤਤਾ ਨੂੰ ਸਮਝਦਿਆਂ ਹੋਇਆਂ ਉਸ ਨੂੰ ਮੁੜ ਸ਼ੁਰੂ ਕਰਨ ਦੀਆਂ ਕੋਸ਼ਿਸ਼ਾਂ ਆਰੰਭ ਹੋਈਆਂ ਅਤੇ 1974 ਵਿੱਚ ਇਹ ਫਿਰ ਸ਼ੁਰੂ ਹੋ ਗਿਆ। ਸੰਨ 1985 ਵਿੱਚ ਦੱਖਣੀ ਏਸ਼ੀਆ ਦੇ ਸੱਤ ਦੇਸ਼ਾਂ ਜਿਨ੍ਹਾਂ ਵਿੱਚ ਭਾਰਤ ਅਤੇ ਪਾਕਿਸਤਾਨ ਦੋ ਮੁੱਖ ਦੇਸ਼ ਸਨ, ਉਨ੍ਹਾਂ ਨੇ ਵਪਾਰ ਵਧਾਉਣ ਦੇ ਉਦੇਸ਼ ਨਾਲ ਯੂਰਪੀ ਯੂਨੀਅਨ ਵਰਗਾ 'ਦੱਖਣੀ ਏਸ਼ੀਆ ਖੇਤਰੀ ਮਿਲਵਰਤਨ ਸੰਗਠਨ (ਸਾਰਕ) ਬਣਾ ਲਿਆ।

ਯੂਰਪੀ ਯੂਨੀਅਨ ਦੇ ਮੈਂਬਰ 28 ਦੇਸ਼ਾਂ ਵਿੱਚ ਵੱਡੀਆਂ ਵਪਾਰਕ ਖੁੱਲ੍ਹਾਂ ਹਨ। ਉਨ੍ਹਾਂ ਦੇਸ਼ਾਂ ਵਿੱਚੋਂ ਜੇ ਇੱਕ ਦੇਸ਼ ਦਾ ਵੀਜ਼ਾ ਲਿਆ ਜਾਂਦਾ ਹੈ ਤਾਂ ਇੰਗਲੈਂਡ ਨੂੰ ਛੱਡ ਕੇ ਉਸ ਹੀ ਵੀਜ਼ੇ 'ਤੇ ਬਾਕੀ ਦੇਸ਼ਾਂ ਵਿੱਚ ਵੀ ਜਾਇਆ ਜਾ ਸਕਦਾ ਹੈ। ਸਾਰੀ ਯੂਨੀਅਨ ਵਿਚਲੇ ਦੇਸ਼ਾਂ 'ਚ ਇੱਕ ਹੀ ਟੈਕਸ ਹੈ ਅਤੇ ਹਰ ਮੈਂਬਰ ਦੇਸ਼ ਦੂਜੇ ਦੇਸ਼ ਨੂੰ ਤਰਜੀਹੀ ਵਿਵਹਾਰ ਪ੍ਰਦਾਨ ਕਰਦਾ ਹੈ। ਸਾਰਕ ਸੰਸਥਾ ਦੇ ਉਦੇਸ਼ਾਂ ਵਿੱਚ ਇਹੋ ਜਿਹੇ ਪ੍ਰਬੰਧ ਪ੍ਰਾਪਤ ਕਰਨਾ ਸੀ ਪਰ ਇਸ ਤਰ੍ਹਾਂ ਨਾ ਹੋ ਸਕਿਆ। ਭਾਰਤ ਤੇ ਪਾਕਿਸਤਾਨ ਜਿਨ੍ਹਾਂ ਦਾ ਖੇਤਰ ਅਤੇ ਵਸੋਂ ਕੁੱਲ ਦੇਸ਼ਾਂ ਦਾ 92 ਫ਼ੀਸਦੀ ਹੈ, ਉਨ੍ਹਾਂ ਵਿੱਚ ਵਪਾਰ ਵਿੱਚ ਕੋਈ ਵਾਧਾ ਨਾ ਹੋ ਸਕਿਆ। ਸੰਨ 1989 ਵਿੱਚ ਪਾਕਿਸਤਾਨ ਨੇ ਆਪਣੇ ਦੇਸ਼ ਦੇ ਵਪਾਰੀਆਂ ਨੂੰ 322 ਵਸਤਾਂ ਦੇ ਆਯਾਤ ਕਰਨ ਦੀ ਇਜਾਜ਼ਤ ਦੇ ਦਿੱਤੀ ਜਿਸ ਨੂੰ ਬਾਅਦ ਵਿੱਚ ਵਧਾ ਕੇ 600 ਵਸਤਾਂ ਤੱਕ ਕਰ ਦਿੱਤਾ ਗਿਆ।

ਸੰਨ 1990-91 ਵਿੱਚ ਦੋਵਾਂ ਦੇਸ਼ਾਂ ਦਾ ਵਪਾਰ 118 ਕਰੋੜ ਰੁਪਏ ਸੀ ਜਿਹੜਾ ਇੱਕ ਸਾਲ ਵਿੱਚ ਹੀ 1991-92 ਵਿੱਚ ਵਧ ਕੇ 522 ਕਰੋੜ ਰੁਪਏ ਹੋ ਗਿਆ। ਸਾਰਕ ਦੇ ਬਾਕੀ ਮੈਂਬਰਾਂ ਵਿੱਚ ਵੀ ਵਪਾਰ ਸੁਸਤ ਹੀ ਰਿਹਾ। ਸੰਨ 1995 ਵਿੱਚ ਸਾਰਕ ਸੰਸਥਾ ਦੇ ਮੈਂਬਰ ਦੇਸ਼ਾਂ ਨੇ ਫ਼ੈਸਲਾ ਕੀਤਾ ਕਿ ਉਹ ਆਪਣੇ ਮੈਂਬਰ ਦੇਸ਼ਾਂ ਨੂੰ ਖ਼ਾਸ ਤਰਜੀਹ ਵਾਲਾ ਦਰਜਾ ਦੇਣ ਜਿਸ ਕਰਕੇ ਉਨ੍ਹਾਂ ਦਾ ਆਪਸੀ ਵਪਾਰ ਵਧੇ ਕਿਉਂ ਜੋ ਸਰਹੱਦ ਦੀ ਨੇੜਤਾ ਕਰਕੇ ਜਿੰਨਾ ਸਸਤਾ ਵਪਾਰ ਇਨ੍ਹਾਂ ਦੇਸ਼ਾਂ ਵਿੱਚ ਹੋ ਸਕਦਾ ਹੈ, ਉਹ ਹੋਰ ਕਿਸੇ ਦੇਸ਼ ਨਾਲ ਨਹੀਂ ਹੋ ਸਕਦਾ।

ਇਹ ਸਾਪਟਾ ਤਰਜੀਹ ਵਿਵਹਾਰ ਦਾ ਦਰਜਾ ਭਾਰਤ ਨੇ ਤਾਂ ਪਾਕਿਸਤਾਨ ਨੂੰ 1996 ਵਿੱਚ ਹੀ ਦੇ ਦਿੱਤਾ ਸੀ। ਇਸ ਦੇ ਉਲਟ ਪਾਕਿਸਤਾਨ ਨੇ ਉਹ ਦਰਜਾ 2013 ਵਿੱਚ ਦਿੱਤਾ। ਸੰਨ 2019 ਵਿੱਚ ਕਸ਼ਮੀਰ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਉਹ ਦਰਜਾ ਵਾਪਸ ਲੈ ਲਿਆ ਜਿਸ ਮਗਰੋਂ ਪਾਕਿਸਤਾਨ ਨੇ ਭਾਰਤ ਨਾਲ ਵਪਾਰ ਬੰਦ ਕਰ ਦਿੱਤਾ ਜਿਹੜਾ ਹੁਣ ਤੱਕ ਠੱਪ ਪਿਆ ਹੋਇਆ ਹੈ। ਦੋਵਾਂ ਦੇਸ਼ਾਂ ਵਿਚਕਾਰ ਵਪਾਰ ਦੀ ਸੁਸਤੀ ਦੋਵਾਂ ਨੂੰ ਪ੍ਰਭਾਵਿਤ ਕਰ ਰਹੀ ਹੈ ਕਿਉਂ ਜੋ ਜੇ ਇਹ ਵਪਾਰ ਆਮ ਦੀ ਤਰ੍ਹਾਂ ਹੋਵੇ ਤਾਂ ਇੱਕ ਦੇਸ਼ ਜਿਵੇਂ ਪਾਕਿਸਤਾਨ ਭਾਰਤ ਤੋਂ ਕਪਾਹ ਲੈ ਕੇ ਆਪਣੇ ਦੇਸ਼ ਦੇ ਕੱਪੜਾ ਉਦਯੋਗ ਵਿੱਚ ਵੱਡਾ ਵਾਧਾ ਕਰ ਸਕਦਾ ਹੈ ਜਿਸ ਨਾਲ ਉਸ ਦੇਸ਼ ਦੇ ਰੁਜ਼ਗਾਰ ਵਿੱਚ ਵੱਡਾ ਵਾਧਾ ਹੋ ਸਕਦਾ ਹੈ। ਪਾਕਿਸਤਾਨ ਦੇ ਨਾਗਰਿਕਾਂ ਨੂੰ 100 ਰੁਪਏ ਤੋਂ ਵੱਧ ਦਾ ਭੁਗਤਾਨ ਕਰ ਕੇ ਕਿੱਲੋ ਖੰਡ ਖ਼ਰੀਦਣੀ ਪੈਂਦੀ ਹੈ ਜੋ ਹਰ ਘਰ ਦੀ ਜ਼ਰੂਰਤ ਹੈ।

ਜੇ ਇਹੀ ਖੰਡ ਭਾਰਤ ਤੋਂ ਮੰਗਵਾ ਕੇ ਖ਼ਰੀਦੀ ਜਾਵੇ ਤਾਂ ਉਹ ਉਸ ਨੂੰ ਅੱਧੀ ਕੀਮਤ 'ਤੇ ਮਿਲ ਸਕਦੀ ਹੈ। ਭਾਰਤ ਪਾਕਿਸਤਾਨ ਤੋਂ ਸੀਮੈਂਟ, ਕੱਪੜਾ ਅਤੇ ਸਬਜ਼ੀਆਂ ਆਦਿ ਖ਼ਰੀਦ ਸਕਦਾ ਹੈ। ਪਿਛਲੇ ਸਮਿਆਂ ਵਿੱਚ ਭਾਰਤ ਨੇ ਬਹੁਤ ਵਾਰ ਗੰਢੇ ਦਾ ਨਿਰਯਾਤ ਕੀਤਾ ਹੈ ਅਤੇ ਫਿਰ ਕਦੇ ਆਯਾਤ ਕਰਦਾ ਰਿਹਾ ਹੈ।

ਇਸ ਤਰ੍ਹਾਂ ਹੀ ਪਾਕਿਸਤਾਨ ਅਦਰਕ ਦਾ ਕਦੀ ਆਯਾਤ ਤੇ ਕਦੇ ਨਿਰਯਾਤ ਕਰਦਾ ਰਿਹਾ ਹੈ। ਇਵੇਂ ਹੀ ਭਾਰਤ ਅਦਰਕ ਦਾ ਕਦੇ ਨਿਰਯਾਤ ਤੇ ਕਦੇ ਆਯਾਤ ਕਰਦਾ ਰਿਹਾ ਹੈ। ਜਿੰਨੀ ਆਸਾਨੀ ਨਾਲ ਅਤੇ ਘੱਟ ਲਾਗਤ 'ਤੇ ਭਾਰਤ ਅਤੇ ਪਾਕਿਸਤਾਨ ਵਪਾਰ ਕਰ ਸਕਦੇ ਹਨ, ਉਸ ਦੇ ਮੁਕਾਬਲੇ ਕਈ ਵਾਰ ਉਨ੍ਹਾਂ ਨੂੰ ਆਪਣੇ ਦੇਸ਼ ਵਿੱਚ ਹੀ ਜ਼ਿਆਦਾ ਸਫ਼ਰ ਤਹਿ ਕਰਨਾ ਪੈਂਦਾ ਹੈ। ਸੰਨ 2008 ਵਿੱਚ ਅਫ਼ਗਾਨਿਸਤਾਨ ਸਾਰਕ ਸੰਸਥਾ ਦਾ ਅੱਠਵਾਂ ਮੈਂਬਰ ਦੇਸ਼ ਬਣ ਗਿਆ। ਉਹ ਭਾਰਤ ਨਾਲ ਵਪਾਰ ਵਧਾਉਣ ਦਾ ਇੱਛੁਕ ਸੀ ਕਿਉਂ ਜੋ ਹਰ ਤਰਫ਼ ਜ਼ਮੀਨ ਨਾਲ ਘਿਰੇ ਹੋਣ ਕਰਕੇ ਉਸ ਨੂੰ ਵਪਾਰ ਲਈ ਇਰਾਨ ਜਾਂ ਪਾਕਿਸਤਾਨ 'ਤੇ ਨਿਰਭਰ ਕਰਨਾ ਪੈਂਦਾ ਹੈ।

ਵਿਡੰਬਣਾ ਇਹ ਹੈ ਕਿ ਪਾਕਿਸਤਾਨ ਨੇ ਅਫ਼ਗਾਨਿਸਤਾਨ ਨੂੰ ਵਪਾਰ ਵਧਾਉਣ ਵਿੱਚ ਮਦਦ ਕਰਨ ਦੀ ਬਜਾਏ ਨਿਰ-ਉਤਸ਼ਾਹਤ ਕੀਤਾ। ਕਿਸੇ ਵਕਤ ਭਾਰਤ ਅਤੇ ਅਫ਼ਗਾਨਿਸਤਾਨ ਵਿਚਾਲੇ ਵੱਡਾ ਵਪਾਰ ਸੀ ਅਤੇ ਅਫ਼ਗਾਨਿਸਤਾਨ ਨੇ ਅੰਮ੍ਰਿਤਸਰ ਵਿੱਚ ਆਪਣਾ ਵਪਾਰਕ ਦੂਤ ਦਫ਼ਤਰ ਖੋਲ੍ਹਿਆ ਹੋਇਆ ਸੀ ਜਿਹੜਾ ਬਾਅਦ ਵਿੱਚ ਵਪਾਰ ਬਹੁਤ ਘਟ ਜਾਣ ਕਾਰਨ ਬੰਦ ਕਰ ਦਿੱਤਾ ਗਿਆ।

ਹੁਣ ਵੀ ਪਾਕਿਸਤਾਨ ਅਫ਼ਗਾਨਿਸਤਾਨ ਨੂੰ ਵਸਤਾਂ ਭੇਜਣ ਦੀ ਇਜਾਜ਼ਤ ਤਾਂ ਦਿੰਦਾ ਹੈ ਪਰ ਭਾਰਤ ਤੋਂ ਉਸ ਨੂੰ ਵਸਤਾਂ ਮੰਗਵਾਉਣ ਦੀ ਆਗਿਆ ਨਹੀਂ ਦਿੰਦਾ। ਇਸ ਤਰ੍ਹਾਂ ਦੇ ਮਾਹੌਲ ਵਿੱਚ ਭਾਰਤ-ਪਾਕਿਸਤਾਨ ਜਿਨ੍ਹਾਂ ਵਿੱਚ ਵੱਡੀਆਂ ਵਪਾਰਕ ਸੰਭਾਵਨਾਵਾਂ ਹਨ, ਉਹ ਉਨ੍ਹਾਂ ਦਾ ਲਾਭ ਨਹੀਂ ਲੈ ਰਹੇ ਜਿਹੜੇ ਦੋਵਾਂ ਦੇ ਹਿੱਤ ਵਿਚ ਨਹੀਂ। ਵੱਡੀਆਂ ਵਪਾਰਕ ਸੰਭਾਵਨਾਵਾਂ ਦੇ ਹੋਣ ਦਾ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਪਿੱਛੇ ਜਿਹੇ ਵਿਸ਼ਵ ਬੈਂਕ ਦੀ ਇੱਕ ਰਿਪੋਰਟ ਆਈ ਸੀ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ 3700 ਕਰੋੜ ਡਾਲਰ ਦਾ ਵਪਾਰ ਹੋ ਸਕਦਾ ਹੈ ਜਿਹੜਾ ਹੁਣ ਸਿਰਫ਼ 200 ਕਰੋੜ ਡਾਲਰ ਤੱਕ ਹੀ ਸੀਮਤ ਹੈ। ਗ਼ੈਰ-ਰਸਮੀ ਤੌਰ 'ਤੇ ਯੂਏਈ, ਥਾਈਲੈਂਡ ਅਤੇ ਸਿੰਗਾਪੁਰ ਆਦਿ ਦੇਸ਼ਾਂ ਤੋਂ ਜਿਹੜੀਆਂ ਵਸਤਾਂ ਇਨ੍ਹਾਂ ਦੋਵਾਂ ਦੇਸ਼ਾਂ ਵਿੱਚ ਮੰਗਵਾਈਆਂ ਜਾਂਦੀਆਂ ਹਨ, ਉਹ ਵਪਾਰ ਰਸਮੀ ਵਪਾਰ ਤੋਂ ਤਕਰੀਬਨ ਦੁੱਗਣਾ 390 ਕਰੋੜ ਡਾਲਰ ਦਾ ਹੁੰਦਾ ਹੈ ਜਿਸ ਲਈ ਦੋਵਾਂ ਹੀ ਦੇਸ਼ਾਂ ਦੇ ਖ਼ਰੀਦਦਾਰਾਂ ਨੂੰ ਬਹੁਤ ਉੱਚੀਆਂ ਕੀਮਤਾਂ ਦੇਣੀਆਂ ਪੈਂਦੀਆਂ ਹਨ।

ਜੇ ਇਹੋ ਵਸਤਾਂ ਦਾ ਆਪਸੀ ਵਪਾਰ ਰਾਹੀਂ ਵਟਾਂਦਰਾ ਹੋਵੇ ਤਾਂ ਦੋਵਾਂ ਦੇਸ਼ਾਂ ਦੇ ਖ਼ਰੀਦਦਾਰਾਂ ਨੂੰ ਉਹ ਬਹੁਤ ਜ਼ਿਆਦਾ ਸਸਤੀਆਂ ਮਿਲ ਸਕਦੀਆਂ ਹਨ ਕਿਉਂ ਜੋ ਜਿਹੜੀਆਂ ਵਸਤਾਂ ਪਹਿਲਾਂ ਭਾਰਤ ਜਾਂ ਪਾਕਿਸਤਾਨ ਤੋਂ ਥਾਈਲੈਂਡ ਗਈਆਂ ਅਤੇ ਫਿਰ ਉੱਥੋਂ ਦੇ ਨਿਰਯਾਤਕਾਰਾਂ ਰਾਹੀਂ ਪਾਕਿਸਤਾਨ ਆ ਕੇ ਵਿਕੀਆਂ, ਉਨ੍ਹਾਂ ਲਈ ਸਾਧਾਰਨ ਤੋਂ ਕਿਤੇ ਵੱਧ ਕੀਮਤ ਦੇਣੀ ਪੈਂਦੀ ਹੈ ਭਾਰਤ ਤੇ ਪਾਕਿਸਤਾਨ, ਦੋਵੇਂ ਹੀ ਖੇਤੀ ਪ੍ਰਧਾਨ ਦੇਸ਼ ਹਨ ਜਿਨ੍ਹਾਂ ਦੀ ਜ਼ਿਆਦਾ ਵਸੋਂ ਖੇਤੀ 'ਤੇ ਨਿਰਭਰ ਕਰਦੀ ਹੈ ਪਰ ਦੋਵੇਂ ਹੀ ਉਦਯੋਗੀਕਰਨ ਵੱਲ ਵਧ ਰਹੇ ਹਨ। ਦੋਵਾਂ ਵਿਚ ਬਹੁਤ ਸਾਰੀਆਂ ਉਦਯੋਗਿਕ ਵਸਤਾਂ ਆਸਾਨੀ

(ਬਾਕੀ ਸਫ਼ਾ 31 'ਤੇ)




# ਸਿੱਖਿਆ ਦਾ ਕਾਰੋਬਾਰ ਬਣੇ ਕੋਚਿੰਗ ਸੈਂਟਰ

ਡਾ. ਵਰਿੰਦਰ ਭਾਟੀਆ

ਦੇਸ਼ ਭਰ ਤੋਂ ਵਿਦਿਆਰਥੀ ਆਪਣਾ ਭਵਿੱਖ ਬਣਾਉਣ ਦੀ ਲਾਲਸਾ ਨਾਲ ਕੋਚਿੰਗ ਸੈਂਟਰਾਂ 'ਚ ਆਉਂਦੇ ਹਨ, ਮੋਟੀਆਂ ਫੀਸਾਂ ਭਰਦੇ ਹਨ ਪਰ ਸਹੂਲਤਾਂ ਦੇ ਨਾਂ 'ਤੇ ਉਨ੍ਹਾਂ ਨੂੰ ਸਿਰਫ ਹਾਦਸਿਆਂ ਅਤੇ ਮੌਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਦਿੱਲੀ ਨੂੰ ਸਿਵਿਲ ਸੇਵਾਵਾਂ ਦੀ ਤਿਆਰੀ ਦਾ ਕੇਂਦਰ ਮੰਨਿਆ ਜਾਂਦਾ ਹੈ। ਜਿਆਦਾਤਰ ਕੋਚਿੰਗ ਸੈਂਟਰ ਕਿਰਾਏ ਦੇ ਮਕਾਨਾਂ ਵਿੱਚ ਚੱਲ ਰਹੇ ਹਨ ਜਿਨ੍ਹਾਂ ਵਿੱਚ ਕੋਈ ਵੀ ਲੋੜੀਂਦੀ ਸਹੂਲਤ ਨਹੀਂ ਹੈ।

ਦਿੱਲੀ ਵਿੱਚ ਹੀ ਨਹੀਂ, ਦੇਸ਼ ਭਰ ਦੇ ਛੋਟੇ-ਛੋਟੇ ਕਸਬਿਆਂ ਵਿੱਚ ਅਣਗਿਣਤ ਕੋਚਿੰਗ ਸੈਂਟਰ ਹਨ ਪਰ ਕੋਚਿੰਗ ਲੈਣ ਵਾਲਿਆਂ ਨੂੰ ਉਹ ਸਹੂਲਤਾਂ ਨਹੀਂ ਮਿਲਦੀਆਂ ਜਿਹੜੀਆਂ ਬੱਚਿਆਂ ਨੂੰ ਸਿੱਖਿਆ ਅਤੇ ਸੁਰੱਖਿਆ ਤੋਂ ਇਲਾਵਾ ਦੇਣੀਆਂ ਚਾਹੀਦੀਆਂ ਹਨ। ਕੁਝ ਕੋਚਿੰਗ ਸੈਂਟਰਾਂ ਦੇ ਮਾਲਕ ਸਿੱਖਿਆ ਦੇ ਨਾਂ 'ਤੇ ਕਾਰੋਬਾਰ ਕਰਦੇ ਹਨ। ਇਨ੍ਹਾਂ ਦੇ ਤਾਕਤਵਰ ਲੋਕਾਂ ਨਾਲ ਸਬੰਧ ਹਨ। ਕੋਚਿੰਗ ਸੈਂਟਰਾਂ ਵਿੱਚ ਹਾਦਸਿਆਂ ਦੀ ਸੱਚਾਈ ਇਹ ਹੈ ਕਿ ਜਿਆਦਾਤਰ ਸੈਂਟਰ ਬੇਸਮੈਂਟਾਂ ਵਿੱਚ ਹਨ ਅਤੇ ਲਾਇਬ੍ਰੇਰੀਆਂ ਵੀ ਇਨ੍ਹਾਂ ਵਿੱਚ ਹਨ। ਇਹ ਸਿਆਸੀ ਨੇਤਾਵਾਂ, ਐੱਮਸੀਡੀ ਅਧਿਕਾਰੀਆਂ ਅਤੇ ਜ਼ਮੀਨ ਮਾਲਕਾਂ ਦੇ ਗਠਜੋੜ ਕਾਰਨ ਸੰਭਵ ਹੋਇਆ ਹੈ।

ਦਿੱਲੀ ਦੇ ਲਗਭਗ 90 ਫੀਸਦੀ ਕੋਚਿੰਗ ਸੈਂਟਰਾਂ ਦੀਆਂ ਲਾਇਬ੍ਰੇਰੀਆਂ ਬੇਸਮੈਂਟ ਵਿੱਚ ਹਨ। ਇਸ ਤੋਂ ਇਲਾਵਾ ਇਨ੍ਹਾਂ ਕੋਚਿੰਗ ਸੈਂਟਰਾਂ ਵਿੱਚ ਪੜ੍ਹਦੇ ਵਿਦਿਆਰਥੀ ਛੋਟੇ-ਛੋਟੇ ਕਮਰਿਆਂ ਵਿੱਚ ਰਹਿੰਦੇ ਹਨ ਜਿਨ੍ਹਾਂ ਵਿੱਚ ਨਾ ਤਾਂ ਖਿੜਕੀਆਂ ਹਨ ਅਤੇ ਨਾ ਹੀ ਕਿਸੇ ਵੀ ਘਟਨਾ ਦੀ ਹਾਲਤ ਵਿੱਚ ਬਚਣ ਲਈ ਕੋਈ ਐਮਰਜੈਂਸੀ ਸਹੂਲਤ ਹੈ। ਦਿੱਲੀ ਦੇ ਕੋਚਿੰਗ ਸੈਂਟਰਾਂ ਕੋਲ ਢੁਕਵਾਂ ਬੁਨਿਆਦੀ ਢਾਂਚਾ ਹੀ ਨਹੀਂ ਹੈ, ਸੜਕਾਂ 'ਤੇ ਕਬਜ਼ੇ ਹੋ ਗਏ ਹਨ। ਕੰਧਾਂ ਹੋਰਡਿੰਗਾਂ ਨਾਲ ਢੱਕੀਆਂ ਪਈਆਂ ਹਨ। ਕੀ ਇਹ ਸਭ ਅਧਿਕਾਰੀਆਂ ਨੂੰ ਨਜ਼ਰ ਨਹੀਂ ਆ ਰਿਹਾ? ਕੁੱਲ ਮਿਲਾ ਕੇ ਅਜਿਹੇ ਹਾਦਸੇ ਸਿਆਸੀ ਪਹੁੰਚ, ਐੱਮਸੀਡੀ ਅਤੇ ਕੋਚਿੰਗ ਸੰਸਥਾਵਾਂ ਦੇ ਮਾਲਕਾਂ ਵਿਚਾਲੇ ਗਠਜੋੜ ਦਾ ਨਤੀਜਾ ਹਨ। ਘਟਨਾ ਤੋਂ ਬਾਅਦ ਕਈ ਕੋਚਿੰਗ ਸੈਂਟਰਾਂ ਨੂੰ ਸੀਲ ਕਰ ਦਿੱਤਾ ਗਿਆ ਅਤੇ ਜਾਂਚ ਦੇ ਨਾਂ 'ਤੇ ਸਿਕੰਜਾ ਕੱਸ ਦਿੱਤਾ ਗਿਆ ਪਰ ਇਹ ਉਦੋਂ ਤੱਕ ਹੈ ਜਦੋਂ ਤੱਕ ਘਟਨਾ ਦਾ ਰੌਲਾ ਰਹੇਗਾ। ਜਿਵੇਂ ਹੀ ਇਹ ਰੌਲਾ ਸ਼ਾਂਤ ਹੋਵੇਗਾ, ਕੋਚਿੰਗ ਵਾਲੇ ਫਿਰ ਤੋਂ ਸਰਗਰਮ ਹੋ ਜਾਣਗੇ।

ਕੋਚਿੰਗ ਸੰਸਥਾਵਾਂ ਦਾ ਵਧ ਰਿਹਾ ਜਾਲ ਸਿੱਖਿਆ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਹ ਕੋਚਿੰਗ ਸੰਸਥਾਵਾਂ ਬੱਚਿਆਂ ਨੂੰ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਨ ਵਿੱਚ ਕਾਮਯਾਬ ਤਾਂ ਹੋ ਰਹੀਆਂ ਹਨ ਪਰ ਇਸ ਦਾ ਦੂਰਗਾਮੀ ਪ੍ਰਭਾਵ ਇਹ ਹੈ ਕਿ ਬੱਚਿਆਂ ਨੂੰ ਇਸ ਵਿਸ਼ੇ ਦਾ ਪੂਰਾ ਗਿਆਨ ਨਹੀਂ ਮਿਲ ਰਿਹਾ ਜਿਸ ਕਾਰਨ ਬੱਚਿਆਂ ਨੂੰ ਸਹੀ ਗਿਆਨ ਹਾਸਲ ਨਹੀਂ ਹੁੰਦਾ। ਕੋਚਿੰਗ ਦੇ ਰੂਪ ਵਿੱਚ ਸਮਾਨਾਂਤਰ ਸਿੱਖਿਆ ਪ੍ਰਣਾਲੀ ਦੇਸ਼ ਵਿੱਚ ਉੱਚ ਸੈਕੰਡਰੀ ਸਿੱਖਿਆ ਪੱਧਰ ਤੱਕ ਤਕੜੀ ਹੋ ਗਈ ਹੈ। ਸਮਾਜ ਦੇ ਜਿਆਦਾਤਰ ਲੋਕਾਂ ਨੇ ਇਹ ਕਿਉਂ ਸਵੀਕਾਰ ਕਰ ਲਿਆ ਹੈ ਕਿ ਕਿਸੇ ਵੀ ਬੱਚੇ ਨੂੰ ਮਿਆਰੀ ਸਿੱਖਿਆ ਦੇਣ ਲਈ ਕੋਚਿੰਗ ਸੈਂਟਰਾਂ ਰਾਹੀਂ ਪੜ੍ਹਾਉਣਾ ਜ਼ਰੂਰੀ ਹੈ।

ਵਿਦਿਆਰਥੀਆਂ ਦੀਆਂ ਸਾਰੀਆਂ ਵਿਦਿਅਕ ਲੋੜਾਂ ਉਨ੍ਹਾਂ ਸੰਸਥਾਵਾਂ ਰਾਹੀਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ ਜਿੱਥੇ ਉਹ ਪੜ੍ਹਦੇ ਹਨ। ਅਜਿਹੀ ਹਾਲਤ ਵਿੱਚ ਕੋਚਿੰਗ ਰਾਹੀਂ ਵਿਦਿਅਕ ਲੋੜਾਂ ਪੂਰੀਆਂ ਕਰਨ ਦੇ ਅਮਲ ਨੂੰ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ। ਵਰਤਮਾਨ ਵਿੱਚ ਕੋਚਿੰਗ ਦੇ ਰੂਪ ਵਿੱਚ ਬਦਲਾਓ ਆਇਆ ਹੈ ਅਤੇ ਇਸ ਦੇ ਪੁਰਾਣੇ ਅਸੰਗਠਿਤ ਰੂਪ ਨਾਲ ਹੁਣ ਸੰਗਠਿਤ ਖੇਤਰ ਵਿੱਚ ਵੱਡੇ ਕੋਚਿੰਗ ਸੈਂਟਰਾਂ ਅਤੇ ਆਨਲਾਈਨ ਕੋਚਿੰਗ ਦਾ ਰੁਝਾਨ ਹੈ। ਇਉਂ ਕੋਚਿੰਗ ਪ੍ਰਬੰਧ ਹੁਣ ਵਿਦਿਅਕ ਸੰਸਥਾਵਾਂ ਦੇ ਸਮਾਨਾਂਤਰ ਰਸਮੀ ਸਿੱਖਿਆ ਦੇ ਲਗਭਗ ਹਰ ਪੱਧਰ ਲਈ ਉਪਲਬਧ ਹਨ। ਅਜਿਹੀਆਂ ਸਮਾਨਾਂਤਰ ਸਿੱਖਿਆ ਪ੍ਰਣਾਲੀਆਂ ਨੇ ਬੇਸ਼ੱਕ ਹਰ ਪੱਧਰ 'ਤੇ ਵਿੱਦਿਅਕ ਅਦਾਰਿਆਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਆ ਰਹੀਆਂ ਮੁਸ਼ਕਿਲਾਂ ਦੂਰ ਕਰ ਕੇ ਚੰਗੀ ਸਿੱਖਿਆ ਪ੍ਰਾਪਤ ਕਰਨ ਦੇ ਮੌਕੇ ਦਿੱਤੇ ਹਨ ਪਰ ਤਕੜੀ ਹੋ ਰਹੀ ਇਸ ਨਵੀਂ ਪ੍ਰਣਾਲੀ ਦੇ ਵੱਖ-ਵੱਖ ਪਹਿਲੂਆਂ ਦਾ ਮੁਲਾਂਕਣ ਕਰਨ ਦੀ ਲੋੜ ਹੈ।

ਦੇਸ਼ ਦੀ ਸਿੱਖਿਆ ਪ੍ਰਣਾਲੀ ਵਿੱਚ ਕਿਹੜੀ ਕਮੀ ਹੈ ਕਿ ਵਿਦਿਆਰਥੀਆਂ ਨੂੰ ਵਾਧੂ ਕੋਚਿੰਗ ਲੈਣੀ ਪੈਂਦੀ ਹੈ? ਸਕੂਲ ਅਤੇ ਕਾਲਜ ਦਾ ਪਾਠਕ੍ਰਮ ਅਜਿਹਾ ਕਿਉਂ ਨਹੀਂ ਬਣਾਇਆ ਗਿਆ ਕਿ ਕੋਈ ਵੀ ਵਿਦਿਆਰਥੀ ਜੋ ਸਿਵਿਲ ਸੇਵਾਵਾਂ ਜਾਂ ਕਿਸੇ ਹੋਰ ਵਿਸ਼ੇਸ਼ ਸੇਵਾ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ, ਉਹ ਸਿੱਖਿਆ ਆਪਣੇ ਹੀ ਕਾਲਜ ਵਿੱਚ ਪ੍ਰਾਪਤ ਕਰੇ? ਜੇ ਵਾਧੂ ਕੋਚਿੰਗ ਜ਼ਰੂਰੀ ਹੈ ਤਾਂ ਵੀ ਮੌਜੂਦਾ ਸਕੂਲਾਂ ਅਤੇ ਕਾਲਜਾਂ ਵਿੱਚ ਸਾਰੇ ਕੋਚਿੰਗ ਸੈਂਟਰ ਕਿਉਂ ਨਹੀਂ ਚਲਾਏ ਜਾ ਰਹੇ? ਜੇ ਅਜਿਹਾ ਕੀਤਾ ਜਾਂਦਾ ਹੈ ਤਾਂ ਕੋਚਿੰਗ ਸੈਂਟਰ ਚਲਾਉਣ ਵਾਲਿਆਂ ਨੂੰ ਵੀ ਸੰਗਠਿਤ ਜਗ੍ਹਾ ਮਿਲੇਗੀ ਅਤੇ ਵਿਦਿਆਰਥੀਆਂ ਨੂੰ ਖੁੱਲ੍ਹੇ ਮਾਹੌਲ ਵਿੱਚ ਪੜ੍ਹਾਈ ਕਰਨ ਦਾ ਮੌਕਾ ਵੀ ਮਿਲੇਗਾ।

ਜੇ ਅਜਿਹੇ ਹਾਦਸੇ ਰੋਕਣੇ ਹਨ ਤਾਂ ਦੇਸ਼ ਵਿੱਚ ਅਜਿਹੇ ਨਿਯਮ ਬਣਾਉਣ ਦੀ ਲੋੜ ਹੈ ਜਿੱਥੇ ਕੋਚਿੰਗ ਸੈਂਟਰ ਨਿਯਮਾਂ ਅਨੁਸਾਰ ਹੀ ਚਲਾਏ ਜਾ ਸਕਦੇ ਹਨ, ਆਪਣੀ ਮਰਜ਼ੀ ਅਨੁਸਾਰ ਨਹੀਂ। ਜਿਸ ਤਰ੍ਹਾਂ ਜਦੋਂ ਕੋਈ ਵੱਡਾ ਹਸਪਤਾਲ, ਹੋਟਲ ਜਾਂ ਮਾਲ ਖੁੱਲ੍ਹਦਾ ਹੈ ਤਾਂ ਸਾਰੇ ਵਿਭਾਗਾਂ ਤੋਂ ਇਜਾਜ਼ਤ ਲੈਣੀ ਲਾਜ਼ਮੀ ਹੁੰਦੀ ਹੈ, ਇਸੇ ਤਰ੍ਹਾਂ ਜੇ ਸਰਕਾਰ ਚਾਹੇ ਤਾਂ ਕੋਚਿੰਗ ਸੈਂਟਰਾਂ ਦੀ ਪ੍ਰਣਾਲੀ ਨੂੰ ਕੰਟਰੋਲ ਕਰ ਸਕਦੀ ਹੈ। ਅਜਿਹੇ ਹਾਲਾਤ ਵਿੱਚ ਜੇਕਰ ਕੋਚਿੰਗ ਸੈਂਟਰ ਅਤੇ ਸਬੰਧਿਤ ਏਜੰਸੀਆਂ ਆਪਣੀ ਡਿਊਟੀ ਪਾਰਦਰਸ਼ੀ ਢੰਗ ਨਾਲ ਨਿਭਾਉਣ ਤਾਂ ਅਜਿਹੇ ਹਾਦਸਿਆਂ ਨੂੰ ਕਾਫੀ ਹੱਦ ਤੱਕ ਰੋਕਿਆ ਜਾ ਸਕਦਾ ਹੈ।

ਜੋ ਵੀ ਤੁਸੀਂ ਦੇਖਦੇ ਹੋ, ਉਹ ਕੋਚਿੰਗ ਸੈਂਟਰ ਦੇ ਸੰਚਾਲਕਾਂ ਵੱਲ ਉਂਗਲ ਉਠਾ ਰਿਹਾ ਹੈ। ਅਜਿਹੇ ਹਾਦਸਿਆਂ ਵਿੱਚ ਸਿਰਫ਼ ਉਨ੍ਹਾਂ ਦਾ ਹੀ ਕਸੂਰ ਨਹੀਂ। ਸਭ ਜਾਣਦੇ ਹਨ ਕਿ ਹਰ ਕੋਚਿੰਗ ਸੈਂਟਰ ਨਾਲ ਸੰਗਠਿਤ ਖੇਤਰ ਜੁੜਿਆ ਹੋਇਆ ਹੈ; ਚਾਹੇ ਉਹ ਹੋਸਟਲ ਦਾ ਪ੍ਰਬੰਧ ਹੋਵੇ, ਖਾਣ-ਪੀਣ ਦਾ ਪ੍ਰਬੰਧ ਹੋਵੇ, ਕਿਤਾਬਾਂ ਦੀ ਦੁਕਾਨ ਹੋਵੇ ਜਾਂ ਉਥੇ ਪੜ੍ਹਦੇ ਵਿਦਿਆਰਥੀਆਂ ਲਈ ਹੋਰ ਸਬੰਧਿਤ ਪ੍ਰਬੰਧ ਹੋਵੇ ਪਰ ਜਦੋਂ ਵੀ ਕੋਈ ਹਾਦਸਾ ਵਾਪਰਦਾ ਹੈ ਤਾਂ ਸਿਰਫ਼ ਕੋਚਿੰਗ ਸੈਂਟਰ ਨੂੰ ਹੀ ਕਟਹਿਰੇ ਵਿੱਚ ਕਿਉਂ ਲਿਆਂਦਾ ਜਾਂਦਾ ਹੈ? ਕੀ ਕੋਚਿੰਗ ਸੈਂਟਰ ਚਲਾਉਣ ਦੀ ਇਜਾਜ਼ਤ ਦੇਣ ਵਾਲੀਆਂ ਏਜੰਸੀਆਂ ਇਸ ਲਈ ਜ਼ਿੰਮੇਵਾਰ ਨਹੀਂ? ਇਹ ਸਾਡੇ ਆਲੇ-ਦੁਆਲੇ ਚੱਲ ਰਹੇ ਕੋਚਿੰਗ ਸੈਂਟਰਾਂ ਦਾ ਸੱਚ ਹੈ।



# ਕੂਟਨੀਤਕ ਨਾਕਾਮੀ ਅਤੇ ਪਰਮਾਣੂ ਜੰਗ ਦੇ ਖ਼ਤਰੇ



ਡਾ. ਅਰੁਣ ਮਿਤਰਾ
94170-00360



ਰੂਸੀ ਫੌਜਾਂ ਦੁਆਰਾ 8 ਜੁਲਾਈ 2024 ਨੂੰ ਯੂਕਰੇਨ ਦੀ ਰਾਜਧਾਨੀ ਕੀਵ ਵਿੱਚ ਓਖਮਤਦਿਤ ਬੱਚਿਆਂ ਦੇ ਹਸਪਤਾਲ 'ਤੇ ਮਿਜ਼ਾਈਲ ਹਮਲਾ ਬਹੁਤ ਪ੍ਰੇਸ਼ਾਨ ਕਰਨ ਵਾਲੀ ਗੱਲ ਹੈ। ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਦਫਤਰ ਅਨੁਸਾਰ ਗਾਜ਼ਾ ਵਿੱਚ ਸੰਘਰਸ਼ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤਕ 36 ਵਿੱਚੋਂ 31 ਹਸਪਤਾਲਾਂ ਨੂੰ ਨੁਕਸਾਨ ਪੁੱਜਾ ਹੈ ਜਾਂ ਤਬਾਹ ਕਰ ਦਿੱਤਾ ਗਿਆ ਹੈ। 500 ਤੋਂ ਵੱਧ ਸਿਹਤ ਸੰਭਾਲ ਕਰਮਚਾਰੀ ਮਾਰੇ ਗਏ ਹਨ। ਜਨੇਵਾ ਕਨਵੈਨਸ਼ਨ ਦੀ ਧਾਰਾ 18 ਵਿਚ ਕਿਹਾ ਗਿਆ ਹੈ ਕਿ ਨਾਗਰਿਕ ਹਸਪਤਾਲ ਵਜੋਂ ਮਨੋਨੀਤ ਇਮਾਰਤ ਹਮਲੇ ਦਾ ਨਿਸ਼ਾਨਾ ਨਹੀਂ ਹੋ ਸਕਦੀ ਪਰ ਯੂ.ਐਨ.ਓ. ਸਮੇਤ ਕਈ ਅਪੀਲਾਂ ਦੇ ਬਾਵਜੂਦ ਇਸ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।

ਜੰਗ ਦੌਰਾਨ ਸਮਾਜ ਦੇ ਕਮਜ਼ੋਰ ਵਰਗਾਂ, ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਨੂੰ ਸਭ ਤੋਂ ਵੱਧ ਨੁਕਸਾਨ ਹੁੰਦਾ ਹੈ। ਪਿਛਲੇ ਸਮੇਂ ਦੌਰਾਨ ਹੋਣ ਵਾਲੀਆਂ ਜੰਗਾਂ ਵਿੱਚ ਬੱਚਿਆਂ ਨੂੰ ਵਧੇਰੇ ਨਿਸ਼ਾਨਾ ਬਣਾਏ ਜਾਣ ਦੀਆਂ ਖਬਰਾਂ ਬੜੀਆਂ ਦਰਦਨਾਕ ਹਨ। ਬੱਚਿਆਂ ਨੂੰ ਮਦਦ ਲਈ ਰੋਂਦੇ ਵਿਲਕਦੇ, ਆਪਣੇ ਰਿਸ਼ਤੇਦਾਰਾਂ ਦੀਆਂ ਲਾਸ਼ਾਂ ਕੋਲ ਬੈਠੇ ਦੇਖ ਕੇ ਦਿਲ ਪਸੀਜਦਾ ਹੈ। ਉਹ ਤਾਂ ਇਹ ਵੀ ਨਹੀਂ ਸਮਝਦੇ ਕਿ ਅਸਲ ਵਿੱਚ ਹੋ ਕੀ ਰਿਹਾ ਹੈ ਅਤੇ ਭਵਿੱਖ ਵਿੱਚ ਉਨ੍ਹਾਂ ਲਈ ਕੀ ਰੱਖਿਆ ਹੋਇਆ ਹੈ। ਇਜ਼ਰਾਇਲੀ ਹਮਲੇ ਦੇ ਨਤੀਜੇ ਵਜੋਂ ਗਾਜ਼ਾ ਵਿੱਚ ਲਗਭਗ 15000 ਬੱਚਿਆਂ ਦਾ ਕਤਲੇਆਮ ਮੌਜੂਦਾ ਸਮੇਂ ਦਾ ਸਭ ਤੋਂ ਘਿਨਾਉਣਾ ਅਪਰਾਧ ਹੈ।

ਆਧੁਨਿਕ ਯੁੱਧ ਦੌਰਾਨ ਮਾਰੇ ਗਏ ਗੈਰ-ਲੜਾਕੂਆਂ ਦੀ ਗਿਣਤੀ ਲੜਾਕਿਆਂ ਨਾਲੋਂ ਕਿਤੇ ਵੱਧ ਹੁੰਦੀ ਹੈ। 1990 ਦੇ ਦਹਾਕੇ ਦੌਰਾਨ ਜੰਗਾਂ ਵਿੱਚ ਮਾਰੇ ਗਿਆਂ ਵਿੱਚ 90% ਤੋਂ ਵੱਧ ਆਮ ਨਾਗਰਿਕ ਸਨ, ਸੈਨਿਕਾਂ ਨਾਲੋਂ ਵੱਧ ਬੱਚੇ ਮਰੇ। ਪਿਛਲੇ ਦਹਾਕਿਆਂ ਦੌਰਾਨ ਯੁੱਧ ਦੀਆਂ ਰਣਨੀਤੀਆਂ ਵਿੱਚ ਆਈਆਂ ਤਬਦੀਲੀਆਂ ਦੇ ਨਤੀਜੇ ਵਜੋਂ ਨਾਗਰਿਕਾਂ ਦੀਆਂ ਮੌਤਾਂ ਦੀ ਗਿਣਤੀ ਵਿੱਚ ਬਹੁਤ ਵਾਧਾ ਹੋਇਆ ਹੈ।

ਯੁੱਧ ਅਤਿਅੰਤ ਦੁੱਖ ਦਾ ਕਾਰਨ ਬਣਦਾ ਹੈ। ਸਮੇਂ ਦੇ ਕਿਸੇ ਵੀ ਪਲ ਜੀਵਨ ਦੀ ਅਨਿਸ਼ਚਿਤਤਾ ਹੁੰਦੀ ਹੈ। ਉਜਾੜੇ, ਸੱਟ ਅਤੇ ਮੌਤ ਦਾ ਡਰ ਹਮੇਸ਼ਾ ਲੱਗਿਆ ਰਹਿੰਦਾ ਹੈ। ਆਮ ਜੀਵਨ ਰੁਕ ਜਾਂਦਾ ਹੈ. ਸਕੂਲ ਬੰਦ ਹੋ ਜਾਂਦੇ ਹਨ। ਸੈਰ ਸਪਾਟਾ ਖਤਮ। ਅਰਥਵਿਵਸਥਾ ਸੁਸਤ ਹੋ ਜਾਂਦੀ ਹੈ। ਹਥਿਆਰਾਂ 'ਤੇ ਫਜ਼ੂਲ ਖਰਚੀ ਵਿਚ ਕਈ ਗੁਣਾ ਵਾਧਾ ਹੁੰਦਾ ਹੈ। ਇਸ ਨਾਲ ਜੰਗ ਦੇ ਖੇਤਰ ਵਿੱਚ ਹਰ ਪਾਸੇ ਭੁੱਖ, ਆਮ ਲੋੜਾਂ ਦੀਆਂ ਵਸਤਾਂ ਦੀ ਗੰਭੀਰ ਕਮੀ, ਤਬਾਹੀ ਅਤੇ ਰੋਣਾ ਵਿਲਕਣਾ ਵਧ ਜਾਂਦਾ ਹੈ। ਕਈ ਵਾਰ ਜੰਗਾਂ ਸੱਭਿਆਚਾਰਾਂ ਇੱਥੋਂ ਤੱਕ ਕਿ ਸਭਿਅਤਾਵਾਂ ਦੀ ਤਬਾਹੀ ਦਾ ਕਰਨ ਬਣ ਜਾਂਦੀਆਂ ਹਨ। ਜੰਗ ਵਾਤਾਵਰਨ ਵਿਚ ਨਿਘਾਰ ਦਾ ਵੱਡਾ ਕਾਰਨ ਹੈ। ਸੰਸਾਰ ਭਰ ਦੀਆਂ ਫੌਜੀ ਕਾਰਵਾਈਆਂ ਦੀ ਵਾਤਾਵਰਨ ਵਿੱਚ ਆ ਰਹੇ ਨਿਘਾਰ ਵਿੱਚ 6% ਹਿੱਸੇਦਾਰੀ ਹੈ। ਅਜੋਕੇ ਸਮੇਂ ਯੁੱਧ ਦੇ ਪ੍ਰਭਾਵ ਕੇਵਲ ਖੇਤਰੀ ਨਹੀਂ ਰਹਿੰਦੇ ਬਲਕਿ ਇਸ ਦੇ ਆਲਮੀ ਅਸਰ ਪੈਂਦੇ ਹਨ। ਹਮਦਰਦੀ, ਪਿਆਰ ਤੇ ਸਨੇਹ ਜੋ ਬੰਦੇ ਦਾ ਸੁਭਾਵਿਕ ਵਿਹਾਰ ਹੈ, ਵਿਗੜ ਜਾਂਦਾ ਹੈ। ਬੱਚਿਆਂ ਅਤੇ ਔਰਤਾਂ ਲਈ ਵੀ ਕੋਈ ਹਮਦਰਦੀ ਨਹੀਂ ਰਹਿ ਜਾਂਦੀ। ਅਸਲ ਵਿੱਚ ਬਹੁਤ ਸਾਰੀਆਂ ਜੰਗੀ ਹਾਲਤਾਂ ਵਿੱਚ ਬੱਚਿਆਂ ਅਤੇ ਔਰਤਾਂ ਨਾਲ ਦੁਰਵਿਹਾਰ ਕੀਤਾ ਜਾਂਦਾ ਹੈ; ਇੱਥੋਂ ਤੱਕ ਕਿ ਉਨ੍ਹਾਂ ਨੂੰ ਯੁੱਧ ਦੇ ਹਥਿਆਰ ਵਜੋਂ ਵਰਤਿਆ ਜਾਂਦਾ ਹੈ।

ਇਹ ਬਹੁਤ ਮੰਦਭਾਗੀ ਗੱਲ ਹੈ ਕਿ ਜਿੱਥੇ ਅੱਜ ਜੰਗ ਦੀ ਹਰ ਘਟਨਾ ਸਾਡੇ ਘਰਾਂ ਦੀਆਂ ਸਕ੍ਰੀਨਾਂ 'ਤੇ ਆਸਾਨੀ ਨਾਲ ਦਿਖਾਈ ਦਿੰਦੀ ਹੈ, ਅਸੀਂ ਉਨ੍ਹਾਂ ਨੂੰ ਰੋਕਣ ਵਿੱਚ ਅਸਫਲ ਰਹੇ ਹਾਂ। ਸੰਵਾਦ ਰਾਹੀਂ ਜੰਗਾਂ ਨੂੰ ਰੋਕਣ ਲਈ ਕੋਈ ਗੰਭੀਰ ਸਮੂਹਿਕ ਯਤਨ ਨਹੀਂ ਹੋ ਰਿਹਾ ਸਗੋਂ ਪਿਛਲੇ ਕੁਝ ਦਹਾਕਿਆਂ ਵਿੱਚ ਲੋਕਤੰਤਰ ਦੀ ਸਥਾਪਨਾ ਜਾਂ ਅਤਿਵਾਦ ਨਾਲ ਲੜਨ ਦੇ ਬਹਾਨੇ ਵੱਡੀਆਂ ਸ਼ਕਤੀਆਂ ਦੂਜੇ ਦੇਸ਼ਾਂ ਵਿੱਚ ਦਖਲਅੰਦਾਜ਼ੀ ਵਧਾ ਰਹੀਅਘ ਹਨ। ਅਮਰੀਕਾ ਅਤੇ ਇਸ ਦੇ ਸਹਿਯੋਗੀਆਂ ਦਾ ਇਰਾਕ 'ਤੇ ਹਮਲਾ, ਅਤਿਵਾਦ ਨਾਲ ਨਜਿੱਠਣ ਦੇ ਨਾਂ 'ਤੇ ਅਫਗਾਨਿਸਤਾਨ ਵਿੱਚ ਹਥਿਆਰਬੰਦ ਦਖ਼ਲ ਅਤੇ ਲੀਬੀਆ 'ਤੇ ਹਮਲਾ ਇਨ੍ਹਾਂ ਦੀਆਂ ਉਦਾਹਰਨਾਂ ਹਨ। ਸੀਰੀਆ ਅਤੇ ਕੁਝ ਅਫਰੀਕੀ ਦੇਸ਼ਾਂ ਵਿੱਚ ਹਥਿਆਰਬੰਦ ਸੰਘਰਸ਼ ਵਿੱਚ ਇਨ੍ਹਾਂ ਦੀ ਭੂਮਿਕਾ ਚੰਗੀ ਤਰ੍ਹਾਂ ਜਾਣੀ ਜਾਂਦੀ ਹੈ। ਅਜਿਹੀਆਂ ਕਾਰਵਾਈਆਂ ਨਾਲ ਹਥਿਆਰਾਂ 'ਤੇ ਖਰਚੇ ਨੂੰ ਘਟਾਉਣ ਦੀ ਬਜਾਇ ਸੰਸਾਰ ਫੌਜੀ ਖਰਚਿਆਂ ਵਿੱਚ ਵਾਧਾ ਹੋਇਆ ਹੈ ਜੋ 2022 ਵਿੱਚ 2240 ਬਿਲੀਅਨ ਡਾਲਰ ਹੋ ਗਿਆ। ਸਿਰਫ ਪਰਮਾਣੂ ਹਥਿਆਰਾਂ 'ਤੇ 82.9 ਬਿਲੀਅਨ ਡਾਲਰ ਖਰਚ ਕੀਤੇ ਗਏ। ਪਰਮਾਣੂ ਹਥਿਆਰਾਂ ਦੇ ਖਾਤਮੇ ਲਈ ਕੌਮਾਂਤਰੀ ਮੁਹਿੰਮ (931©) ਦੇ ਅਨੁਸਾਰ, 2023 ਵਿੱਚ ਪਰਮਾਣੂ ਹਥਿਆਰ ਵਾਲੇ 9 ਦੇਸ਼ਾਂ ਨੇ ਪਿਛਲੇ ਸਾਲ ਦੇ ਮੁਕਾਬਲੇ ਆਪਣੇ ਪਰਮਾਣੂ ਹਥਿਆਰਾਂ 'ਤੇ 10.8 ਬਿਲੀਅਨ ਡਾਲਰ (13.4%) ਵੱਧ ਖਰਚ ਕੀਤੇ ਜੋ ਕੁੱਲ 91.4 ਬਿਲੀਅਨ ਡਾਲਰ ਜਾਂ 2898 ਡਾਲਰ ਪ੍ਰਤੀ ਸਕਿੰਟ ਬਣਦੇ ਹਨ। ਪਰਮਾਣੂ ਹਥਿਆਰ ਵਾਲੇ ਹਰ ਦੇਸ਼ ਨੇ ਪਰਮਾਣੂ ਹਥਿਆਰਾਂ 'ਤੇ ਖਰਚੀ ਰਕਮ ਵਧਾ ਦਿੱਤੀ ਹੈ। ਅਮਰੀਕਾ ਵਿੱਚ ਸਭ ਤੋਂ ਵੱਧ ਵਾਧਾ ਹੋਇਆ, ਲਗਭਗ 18%। ਅਮਰੀਕਾ ਨੇ 51.5 ਬਿਲੀਅਨ ਡਾਲਰ, ਭਾਵ, ਪਰਮਾਣੂ ਹਥਿਆਰਬੰਦ ਦੇਸ਼ਾਂ ਵੱਲੋਂ ਸੰਯੁਕਤ ਰੂਪ ਵਿੱਚ ਕੀਤੇ ਖਰਚੇ ਨਾਲੋਂ ਵੀ ਵੱਧ ਖਰਚ ਕੀਤੇ। ਚੀਨ ਨੇ 11.9 ਬਿਲੀਅਨ ਡਾਲਰ ਖਰਚ ਕਰ ਕੇ ਰੂਸ ਨੂੰ ਪਿੱਛੇ ਛੱਡ ਦਿੱਤਾ ਅਤੇ ਰੂਸ 8.3 ਬਿਲੀਅਨ ਡਾਲਰ ਖਰਚ ਕਰ ਕੇ ਤੀਜੇ ਨੰਬਰ 'ਤੇ ਆਇਆ।ਅੱਜ ਹਥਿਆਰਾਂ ਦੀ ਦੌੜ ਘਟਾਉਣ ਅਤੇ ਸੰਸਾਰ ਭਾਈਚਾਰੇ ਨੂੰ ਪ੍ਰਭਾਵਿਤ ਕਰਨ ਲਈ ਤੀਬਰ ਕੂਟਨੀਤੀ ਦਾ ਸਮਾਂ ਹੈ ਕਿਉਂਕਿ ਹਥਿਆਰਾਂ 'ਤੇ ਖਰਚਾ ਸਾਡੇ ਸਰੋਤਾਂ ਨੂੰ ਸਮਾਜਿਕ ਲੋੜਾਂ ਤੋਂ ਵਾਂਝੇ ਕਰ ਰਿਹਾ ਹੈ। ਵੱਡੀਆਂ ਤਾਕਤਾਂ, ਖਾਸ ਤੌਰ 'ਤੇ 7 ਨੂੰ ਇਸ ਨੂੰ ਸਮਝਣ ਦੀ ਲੋੜ ਹੈ। ਇਹ ਬਹੁਤ ਦੁਖਦਾਈ ਹੈ ਕਿ ਕੂਟਨੀਤਕ ਸਾਧਨਾਂ ਅਤੇ ਗੱਲਬਾਤ ਦੀ ਸ਼ੁਰੂਆਤ ਦੀ ਬਜਾਇ ਨਾਟੋ ਨੇ ਵਾਸਿ?ਗਟਨ ਵਿੱਚ ਆਪਣੀ ਮੀਟਿੰਗ ਵਿੱਚ ਯੂਕਰੇਨ ਨੂੰ ਰੂਸ ਨਾਲ ਲੜਦੇ ਰਹਿਣ ਅਤੇ ਹਰਾਉਣ ਲਈ 43 ਬਿਲੀਅਨ ਡਾਲਰ ਦੇਣ ਦਾ ਵਾਅਦਾ ਕੀਤਾ ਹੈ।

ਇਜ਼ਰਾਈਲ ਨੂੰ ਇੱਕ ਪਾਸੇ ਆਪਣੇ ਹਮਲੇ ਵਿੱਚ ਸੰਜਮ ਰੱਖਣ ਲਈ ਕਹਿਣ, ਦੂਜੇ ਪਾਸੇ ਸਵੈ-ਰੱਖਿਆ ਦੇ ਨਾਮ ਉੱਤੇ ਉਨ੍ਹਾਂ ਨੂੰ ਹਥਿਆਰਾਂ ਦੇ ਵੱਡੇ ਭੰਡਾਰਾਂ ਦੀ ਸਪਲਾਈ ਕਰਨ ਦੇ ਅਮਰੀਕੀ ਸਰਕਾਰ ਦੇ ਦੋਹਰੇ ਮਾਪਦੰਡ ਨਿਖੇਧੀ ਯੋਗ ਹਨ। ਨਿਊਜ਼ ਏਜੰਸੀ ਰਾਇਟਰਜ਼ ਦੀ ਰਿਪੋਰਟ ਮੁਤਾਬਿਕ, ਅਕਤੂਬਰ 2023 ਵਿੱਚ ਗਾਜ਼ਾ ਉੱਤੇ ਇਜ਼ਰਾਈਲ ਦੀ ਜੰਗ ਦੀ ਸ਼ੁਰੂਆਤ ਤੋਂ ਲੈ ਕੇ ਜੂਨ ਦੇ ਅੰਤ ਤੱਕ ਅਮਰੀਕਾ ਨੇ ਘੱਟੋ-ਘੱਟ 14000 ਐਮਕੇ-84 2000-ਪਾਊਂਡ ਬੰਬ, 6500 500-ਪਾਊਂਡ ਬੰਬ, 1000 ਬੰਕਰ-ਬਸਟਰ ਬੰਬ, 2600 ਹਵਾ ਤੋਂ ਸੁੱਟੇ ਜਾਣ ਵਾਲੇ ਛੋਟੇ ਵਿਆਸ ਵਾਲੇ ਬੰਬ ਅਤੇ ਹੋਰ ਹਥਿਆਰ ਦਿੱਤੇ।ਜੰਗ ਖਤਮ ਕਰਨ ਦੇ ਮਾੜੇ ਕੂਟਨੀਤਕ ਯਤਨਾਂ ਕਾਰਨ ਮਿਲਟਰੀ ਇੰਡਸਟਰੀਅਲ ਕੰਪਲੈਕਸ (ਹਥਿਆਰ ਬਣਾਉਣ ਵਾਲਾ ਉਦਯੋਗ) ਹਥਿਆਰ ਵੇਚ ਕੇ ਭਾਰੀ ਮੁਨਾਫ਼ਾ ਕਮਾ ਰਿਹਾ ਹੈ ਪਰ ਦੁਨੀਆ ਦੇ ਦੱਖਣੀ ਹਿੱਸੇ ਦੇ ਦੇਸ਼ ਆਰਥਿਕ ਵਿਕਾਸ ਅਤੇ ਵਾਤਾਵਰਨ ਸੰਭਾਲ ਦੀਆਂ ਆਪਣੀਆਂ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਸ਼ਾਂਤੀ ਲਈ ਤਰਸ ਰਹੇ ਹਨ। ਇਹ ਸਿਰਫ਼ ਸੰਸਾਰ ਸ਼ਾਂਤੀ ਦੇ ਹਾਲਾਤ ਵਿੱਚ ਹੈ ਕਿ ਗਰੀਬ ਵਿਕਾਸਸ਼ੀਲ ਦੇਸ਼ਾਂ ਵਿੱਚ ਨਿਵੇਸ਼ ਵਧਦਾ ਹੈ। ਸਾਂਝੇ ਭਲੇ ਲਈ ਜੰਗੀ ਉਦਯੋਗ ਤੋਂ ਲੋਕ ਲੋੜਾਂ ਦੀਆਂ ਵਸਤਾਂ ਦੇ ਉਦਯੋਗ ਵਿੱਚ ਤਬਦੀਲੀ ਲਿਆਉਣ ਨਾਲ ਬਿਹਤਰ ਹਾਲਾਤ ਬਣਨਗੇ।

ਇਸ ਲਈ ਇਹ ਲਾਜ਼ਮੀ ਹੈ ਕਿ ਰੂਸ ਯੂਕਰੇਨ ਤੇ ਖਾਸ ਤੌਰ 'ਤੇ ਗਾਜ਼ਾ ਵਿੱਚ ਜੰਗ ਸਮੇਤ ਚੱਲ ਰਹੇ ਹੋਰ ਯੁੱਧ ਖਤਮ ਕਰਨ ਲਈ ਕੂਟਨੀਤਕ ਯਤਨ ਵਧਾਏ ਜਾਣ। ਕੁਝ ਅਫਰੀਕੀ ਦੇਸ਼ਾਂ ਵਿੱਚ ਝਗੜੇ ਸੁਲਝਾਉਣ ਅਤੇ ਦੱਖਣੀ ਏਸ਼ੀਆ ਵਿੱਚ ਗੱਲਬਾਤ ਦੀ ਲੋੜ ਹੈ। ਗੁਟ ਨਿਰਲੇਪ ਲਹਿਰ ਦੀ ਅਣਹੋਂਦ ਵਿੱਚ ਬ੍ਰਿਕਸ ਕੁਝ ਭੂਮਿਕਾ ਨਿਭਾ ਸਕਦਾ ਹੈ, ਭਾਵੇਂ ਇਹ ਨਾਟੋ ਦੀ ਪਸੰਦ ਨਾ ਹੋਵੇ।ਹੁਣ ਸਮਾਂ ਆ ਗਿਆ ਹੈ ਕਿ ਪਰਮਾਣੂ ਹਥਿਆਰ ਰੱਖਣ ਵਾਲੇ ਦੇਸ਼ਾਂ ਨੂੰ ਪਰਮਾਣੂ ਹਥਿਆਰਾਂ ਦੀ ਮਨਾਹੀ ਦੀ ਸੰਧੀ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਨ ਲਈ ਕੌਮਾਂਤਰੀ ਪੱਧਰ 'ਤੇ ਪਹਿਲਕਦਮੀ ਕੀਤੀ ਜਾਵੇ। ਉਨ੍ਹਾਂ ਨੂੰ ਸਾਰੀ ਪਰਮਾਣੂ ਸੰਚਾਲਿਤ ਹਥਿਆਰ ਪ੍ਰਣਾਲੀ ਨੂੰ ਹਾਈ ਅਲਰਟ ਤੋਂ ਦੂਰ ਰੱਖਣ ਲਈ ਸਹਿਮਤ ਕਰਨਾ ਪਏਗਾ। ਪਰਮਾਣੂ ਹਥਿਆਰ ਰੱਖਣ ਵਾਲਿਆਂ ਨੂੰ ਪਰਮਾਣੂ ਹਥਿਆਰਾਂ ਦੀ ਪਹਿਲਾਂ ਵਰਤੋਂ ਨਾ ਕਰਨ ਦਾ ਐਲਾਨ ਕਰਨਾ ਚਾਹੀਦਾ ਹੈ ਅਤੇ ਕਦੇ ਵੀ ਕਿਸੇ ਗੈਰ-ਪਰਮਾਣੂ ਰਾਜ 'ਤੇ ਇਨ੍ਹਾਂ ਹਥਿਆਰਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਯੂਕਰੇਨ ਅਤੇ ਗਾਜ਼ਾ ਵਿੱਚ ਜੰਗ ਦਾ ਕੋਈ ਵੀ ਵਾਧਾ ਪਰਮਾਣੂ ਹਥਿਆਰਾਂ ਦੀ ਵਰਤੋਂ ਦਾ ਖ਼ਤਰਾ ਵਧਾਏਗਾ। ਪਰਮਾਣੂ ਹਥਿਆਰਾਂ ਦੀ ਵਰਤੋਂ ਦਾ ਖ਼ਤਰਾ ਰੋਕਣ ਲਈ ਇਸ ਮਾਮਲੇ ਵਿੱਚ ਕੋਈ ਵੀ ਢਿੱਲ ਜਾਂ ਕੂਟਨੀਤਕ ਪਹਿਲਕਦਮੀਆਂ ਦੀ ਘਾਟ ਘਾਤਕ ਹੋ ਸਕਦੀ ਹੈ ਤੇ ਹਜ਼ਾਰਾਂ ਸਾਲ ਦੀ ਮਿਹਨਤ ਨਾਲ ਉਸਾਰੀ ਆਧੁਨਿਕ ਮਨੁੱਖੀ ਸਭਿਅਤਾ ਦੀ ਤਬਾਹੀ ਦਾ ਕਾਰਨ ਬਣ ਸਕਦੀ ਹੈ।

# ਨਿਆਂ-ਪ੍ਰਣਾਲੀ ਨਾਲ ਕੌਣ ਕਰੇਗਾ ਨਿਆਂ ?



ਡਾ. ਧਰਮਪਾਲ ਸਾਹਿਲ

ਭਾਰਤ ਦੇ ਮੁੱਖ ਜੱਜ ਡੀ.ਵਾਈ. ਚੰਦਰਚੂੜ ਨੇ ਪਿੱਛੇ ਜਿਹੇ ਸੁਪਰੀਮ ਕੋਰਟ ਦੀ 75ਵੀਂ ਵਰ੍ਹੇਗੰਢ ਮੌਕੇ ਇਸ ਹਕੀਕਤ ਨੂੰ ਕਬੂਲਿਆ ਕਿ ਲੋਕ ਅਦਾਲਤੀ ਪ੍ਰਕਿਰਿਆ ਤੋਂ ਐਨੇ ਅੱਕ-ਥੱਕ ਗਏ ਹਨ ਕਿ ਉਹ ਕਿਸੇ ਵੀ ਤਰ੍ਹਾਂ ਸਮਝੌਤਾ ਕਰਨਾ ਚਾਹੁੰਦੇ ਹਨ ਤਾਂ ਜੋ ਉਨ੍ਹਾਂ ਨੂੰ ਅਦਾਲਤ ਨਾ ਆਉਣਾ ਪਵੇ। ਅਦਾਲਤੀ ਪ੍ਰਕਿਰਿਆ ਉਨ੍ਹਾਂ ਲਈ ਸਜ਼ਾ ਬਣ ਜਾਣ ਕਾਰਨ ਪਟੀਸ਼ਨਰ ਘੱਟ ਰਾਸ਼ੀ 'ਤੇ ਵੀ ਸਮਝੌਤਾ ਕਰਨ ਲਈ ਤਿਆਰ ਹੋ ਜਾਂਦੇ ਹਨ। ਹਾਲਾਂਕਿ ਉਹ ਜ਼ਿਆਦਾ ਰਕਮ ਦੇ ਹੱਕਦਾਰ ਹੁੰਦੇ ਹਨ। ਉਨ੍ਹਾਂ ਨੇ ਇਸ ਨੂੰ ਭਿਆਨਕ ਸਥਿਤੀ ਦੱਸਦਿਆਂ ਇਸ 'ਤੇ ਚਿੰਤਾ ਪ੍ਰਗਟ ਕੀਤੀ। ਇਸੇ ਸੰਦਰਭ ਵਿੱਚ ਹੀ ਲੋਕ ਸਭਾ ਇਜਲਾਸ ਵਿੱਚ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਦੇਸ਼ ਭਰ ਵਿੱਚ ਵੱਖੋ-ਵੱਖਰੀਆਂ ਅਦਾਲਤਾਂ ਵਿੱਚ ਲਟਕੇ ਪਏ ਅਦਾਲਤੀ ਮਾਮਲਿਆਂ ਦੀ ਜਾਣਕਾਰੀ ਦਿੰਦਿਆਂ ਜਿਹੜੀ ਅਸਲ ਤਸਵੀਰ ਪੇਸ਼ ਕੀਤੀ, ਉਹ ਸੁਣ ਕੇ ਸਾਡੀ ਨਿਆਂ ਪ੍ਰਣਾਲੀ ਦੀ ਕਾਰਗੁਜ਼ਾਰੀ ਦਾ ਭਿਆਨਕ ਮੰਜ਼ਰ ਸਾਹਮਣੇ ਆਇਆ।

ਮੰਤਰੀ ਵੱਲੋਂ ਲੋਕ ਸਭਾ ਵਿੱਚ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਪੰਜ ਕਰੋੜ ਤੋਂ ਵੱਧ ਅਦਾਲਤੀ ਕੇਸ ਨਿਆਂ ਦੇ ਇੰਤਜ਼ਾਰ ਵਿਚ ਰੁਕੇ ਹੋਏ ਹਨ। ਇਨ੍ਹਾਂ ਵਿੱਚੋਂ 84045 ਕੇਸ ਸੁਪਰੀਮ ਕੋਰਟ ਵਿੱਚ, 6011678 ਮਾਮਲੇ ਹਾਈ ਕੋਰਟਾਂ ਵਿੱਚ ਅਤੇ 45351913 (ਸਾਡੇ ਚਾਰ ਕਰੋੜ ਤੋਂ ਵੱਧ) ਹੇਠਲੀਆਂ ਅਦਾਲਤਾਂ ਵਿੱਚ ਲਟਕੇ ਹੋਏ ਹਨ। ਇਨ੍ਹਾਂ ਦਾ ਕੁੱਲ ਅੰਕੜਾ 51447636 ਬਣਦਾ ਹੈ ਅਤੇ ਇਨ੍ਹਾਂ 'ਚੋਂ ਸਭ ਤੋਂ ਵੱਧ 1.18 ਕਰੋੜ ਕੇਸ ਇਕੱਲੇ ਉੱਤਰ ਪ੍ਰਦੇਸ਼ ਵਿੱਚ ਹੀ ਲਟਕੇ ਹੋਏ ਹਨ। ਮੇਘਵਾਲ ਨੇ ਸੂਬਿਆਂ ਮੁਤਾਬਕ ਵੀ ਅਜਿਹੇ ਰੁਕੇ ਹੋਏ ਕੇਸਾਂ ਦੇ ਵੇਰਵੇ ਪੇਸ਼ ਕੀਤੇ ਸਨ। ਕਾਨੂੰਨ ਮੰਤਰੀ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਕੇਵਲ ਕੇਂਦਰ ਸਰਕਾਰ ਨਾਲ ਸਬੰਧਿਤ 698904 ਕੇਸ ਦਰਜ ਹਨ।

ਇਨ੍ਹਾਂ 'ਚੋਂ ਵਿੱਤ ਅਤੇ ਰੱਖਿਆ ਮੰਤਰਾਲੇ ਨਾਲ ਜੁੜੇ ਕੇਸ ਸਭ ਤੋਂ ਵੱਧ ਹਨ। ਉਨ੍ਹਾਂ ਨੇ ਇਹ ਵੀ ਮੰਨਿਆ ਕਿ ਇੰਨੇ ਵੱਧ ਕੇਸ ਕਰਮਚਾਰੀਆਂ-ਜੱਜਾਂ ਦੀ ਘਾਟ, ਪੜਤਾਲ ਏਜੰਸੀਆਂ, ਗਵਾਹਾਂ ਅਤੇ ਵਾਦੀਆਂ ਵੱਲੋਂ ਲੋੜੀਂਦੇ ਸਹਿਯੋਗ ਦੀ ਘਾਟ ਕਾਰਨ ਹਨ। ਅਦਾਲਤਾਂ 'ਤੇ ਕੇਸਾਂ ਦੇ ਨਿਪਟਾਰੇ ਲਈ ਕੋਈ ਸਮਾਂ ਸੀਮਾ ਲਾਗੂ ਨਹੀਂ ਹੈ। ਇਸ ਕਾਰਨ ਵੀ ਸਥਿਤੀ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ। ਮੇਘਵਾਲ ਨੇ ਕਾਨੂੰਨ ਸੁਧਾਰ ਪ੍ਰੋਗਰਾਮ ਦੀ ਮਦਦ ਲੈਣ ਦਾ ਵਾਅਦਾ ਕੀਤਾ। ਹਾਲਾਂਕਿ ਅੱਜ ਤੋਂ ਲਗਭਗ 40 ਸਾਲ ਪਹਿਲਾਂ ਹੀ ਸਾਬਕਾ ਚੀਫ਼ ਜਸਟਿਸ ਭਗਵਤੀ ਨੇ ਇਹ ਗੱਲ ਭਰੇ ਮਨ ਨਾਲ ਆਖ ਦਿੱਤੀ ਸੀ,"ਮੈਨੂੰ ਇਹ ਗੱਲ ਬਹੁਤ ਹੀ ਦੁਖੀ ਹਿਰਦੇ ਨਾਲ ਕਹਿਣੀ ਪੈ ਰਹੀ ਹੈ ਕਿ ਸਾਡਾ ਨਿਆਂ-ਤੰਤਰ ਗ਼ਰਕ ਹੋਣ ਦੇ ਕੰਢੇ 'ਤੇ ਪੁੱਜ ਚੁੱਕਾ ਹੈ। ਇਹ ਲਮਕਦੇ ਕੇਸਾਂ ਦੇ ਬੋਝ ਹੇਠ ਦੱਬਦਾ ਜਾ ਰਿਹਾ ਹੈ।" ਦੁੱਖ ਇਸ ਗੱਲ ਦਾ ਹੈ ਕਿ ਚਾਲੀ ਸਾਲ ਬਾਅਦ ਵੀ ਪਰਨਾਲਾ ਓਥੇ ਦਾ ਓਥੇ ਹੀ ਹੈ। ਸਗੋਂ ਪਰਨਾਲਾ ਹੁਣ ਵੱਡੇ ਨਾਲੇ ਵਿੱਚ ਬਦਲ ਚੁੱਕਾ ਹੈ। ਇਸ ਦੌਰਾਨ ਕਈ ਕਾਨੂੰਨ ਮੰਤਰੀ ਅਤੇ ਚੀਫ਼ ਜਸਟਿਸ ਆਏ ਤੇ ਚਲੇ ਗਏ, ਪਰ ਇਸ ਪੱਖੋਂ ਠੋਸ ਸੁਧਾਰ ਕਰਨ ਲਈ ਕਿਸੇ ਨੇ ਕਦਮ ਨਹੀਂ ਪੁੱਟੇ। ਤਰੀਕ 'ਤੇ ਤਰੀਕ ਪਾਉਣ ਅਤੇ ਪਵਾਉਣ ਲਈ ਕੌਣ ਲੋਕ ਜ਼ਿੰਮੇਵਾਰ ਹਨ ? ਅਦਾਲਤਾਂ ਵਿਚ ਕਰਮਚਾਰੀਆਂ ਅਤੇ ਜੱਜਾਂ ਦੀ ਨਿਯੁਕਤੀਆਂ ਕਿਸ ਨੇ ਕਰਨੀਆਂ ਹਨ ? ਜੱਜਾਂ ਨੂੰ ਕੇਸ ਸਮਾਂ ਹੱਦ ਵਿੱਚ ਨਿਪਟਾਉਣ ਦਾ ਹੁਕਮ ਕਿਸ ਨੇ ਦੇਣਾ ਹੈ ? ਬੇਲੋੜੇ ਕੇਸਾਂ 'ਤੇ ਰੋਕ ਕਿਸ ਨੇ ਲਾਉਣੀ ਹੈ ?ਪੁਲਿਸ ਨੂੰ ਝੂਠੇ ਕੇਸ ਰਜਿਸਟਰ ਕਰਨ ਤੋਂ ਕਿਸ ਨੇ ਰੋਕਣਾ ਹੈ ? ਵਕੀਲਾਂ, ਮੁਨਸ਼ੀਆਂ, ਝੂਠੇ ਗਵਾਹਾਂ, ਵਿਚੋਲਿਆਂ, ਜਾਂਚ ਏਜੰਸੀਆਂ, ਰੀਡਰਾਂ, ਰਜਿਸਟਰਾਰਾਂ, ਜੱਜਾਂ ਆਦਿ ਦੇ ਆਪਸੀ ਤਾਲਮੇਲ ਦੀ ਕੜੀ ਨੂੰ ਕਿਸ ਨੇ ਤੋੜਨਾ ਹੈ ? ਵਧੀਕੀ ਦਾ ਸ਼ਿਕਾਰ ਹੋਇਆ ਅਭਿਮੰਨਿਊ ਰੂਪੀ ਪਟੀਸ਼ਨਰ ਇੱਕ ਵਾਰ ਇਨ੍ਹਾਂ ਦੇ ਚੱਕਰਵਿਊ ਵਿੱਚ ਫਸ ਜਾਂਦਾ ਹੈ, ਫਿਰ ਕੋਈ ਵਿਰਲਾ-ਟਾਵਾਂ ਹੀ ਸਬੂਤਾ ਬਾਹਰ ਆਉਂਦਾ ਹੈ। ਅਦਾਲਤਾਂ ਵਿੱਚ ਵਕੀਲਾਂ ਦੀਆਂ ਦਲੀਲਾਂ, ਗਵਾਹਾਂ ਅਤੇ ਸਬੂਤਾਂ ਦੇ ਆਧਾਰ 'ਤੇ ਸਿਰਫ਼ ਫ਼ੈਸਲੇ ਹੁੰਦੇ ਹਨ, ਨਿਆਂ ਨਹੀਂ ਮਿਲਦਾ। ਜੇਤੂ ਪਟੀਸ਼ਨਰ ਵੀ ਇੰਨਾ ਸਮਾਂ, ਪੈਸਾ, ਊਰਜਾ ਤੇ ਉਮਰ ਦੇ ਅਨੇਕ ਸਾਲ ਗੁਆ ਚੁੱਕਾ ਹੁੰਦਾ ਹੈ ਕਿ ਉਸ ਦੀ ਜਿੱਤ ਵੀ ਬਹੁਤ ਜ਼ਿਆਦਾ ਮਹਿੰਗੀ ਪਈ ਹੁੰਦੀ ਹੈ। ਅਪਰਾਧੀ ਨੂੰ ਸਜ਼ਾ ਦਿਵਾਉਂਦਾ ਉਹ ਆਪ ਵੀ ਬਹੁਤ ਜ਼ਿਆਦਾ ਤੰਗ-ਪਰੇਸ਼ਾਨ ਹੁੰਦਾ ਹੈ। ਇਹ ਗੱਲ ਐਵੇਂ ਹੀ ਤਾਂ ਨਹੀਂ ਆਖੀ ਗਈ ਹੈ ਕਿ ਅਦਾਲਤਾਂ ਵਿੱਚ ਬੰਦਾ ਕਾਲੇ ਵਾਲ ਲੈ ਕੇ ਵੜਦਾ ਹੈ ਤੇ ਧੌਲੇ ਕਰਾ ਕੇ ਮੁੜਦਾ ਹੈ ਜਾਂ ਮੁਕੱਦਮਾ ਪਿਉ ਦਰਜ ਕਰਵਾਉਂਦਾ ਹੈ, ਫ਼ੈਸਲਾ ਪੋਤਰੇ ਸੁਣਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਅਦਾਲਤਾਂ ਦੀਆਂ ਕੰਧਾਂ ਵੀ ਪੈਸੇ ਭਾਲਦੀਆਂ ਹਨ ਅਤੇ ਰੱਬ ਵਿਅਕਤੀ ਨੂੰ ਬਿਮਾਰੀ ਅਤੇ ਮੁਕੱਦਮੇਬਾਜ਼ੀ ਤੋਂ ਬਚਾਵੇ। ਕਾਨੂੰਨ ਅੰਨ੍ਹਾ ਹੁੰਦਾ ਹੈ।ਇਸੇ ਲਈ ਨਿਆਂ ਦੀ ਦੇਵੀ ਦੀਆਂ ਅੱਖਾਂ 'ਤੇ ਪੱਟੀ ਬੱਝੀ ਹੁੰਦੀ ਹੈ। 'ਜਸਟਿਸ ਡਿਲੇਡ, ਜਸਟਿਸ ਡਿਨਾਈਡ' ਯਾਨੀ ਨਿਆਂ ਵਿੱਚ ਦੇਰੀ ਮਤਲਬ ਨਿਆਂ ਤੋਂ ਵਾਂਝੇ ਕਰਨਾ ਹੁੰਦਾ ਹੈ। ਪੰਜਾਬੀ ਦਾ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਐਵੇਂ ਹੀ ਤਾਂ ਨਹੀਂ ਕੁਰਲਾਉਂਦਾ ਇਸ ਦੁਨੀਆਂ ਤੋਂ ਚਲਿਆ ਗਿਆ, "ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ/ ਫ਼ੈਸਲੇ ਸੁਣਦਿਆਂ-ਸੁਣਦਿਆਂ ਸੁੱਕ ਗਏ/ਆਖੋ ਇਨ੍ਹਾਂ ਨੂੰ ਉੱਜੜੇ ਘਰੀਂ ਜਾਣ ਹੁਣ/ਇਹ ਕਦੋਂ ਤੀਕ ਇੱਥੇ ਖੜ੍ਹੇ ਰਹਿਣਗੇ। ਇਸ ਗ਼ਰਕ ਤੇ ਦਰਕ ਚੁੱਕੀ ਭਾਰਤੀ ਨਿਆਂ-ਵਿਵਸਥਾ ਵਿੱਚ ਆਮ ਬੰਦੇ ਦੀ ਇਸ ਤੋਂ ਵੱਧ ਭਿਆਨਕ ਤ੍ਰਾਸਦੀ ਹੋਰ ਕੀ ਹੋ ਸਕਦੀ ਹੈ ?ਜਿਸ ਸੱਚਾਈ ਨੂੰ ਮੁਲਕ ਦੇ ਚੀਫ਼ ਜਸਟਿਸ ਨੇ ਖ਼ੁਦ ਮੰਨਿਆ ਹੈ, ਉਹ ਇਹ ਹੈ ਕਿ ਵਿਅਕਤੀ ਇਸ ਨਿਆਂ ਵਿਵਸਥਾ ਤੋਂ ਇੰਨੇ ਕੁ ਨਿਰਾਸ਼, ਹਤਾਸ਼, ਲਾਚਾਰ, ਬੇਵੱਸ ਤੇ ਮਜਬੂਰ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਸਮਝੌਤੇ ਕਰਨੇ ਪੈਂਦੇ ਹਨ। ਵੱਡਾ ਸਿਤਮ ਇਹ ਹੁੰਦਾ ਹੈ ਕਿ ਦੋਸ਼ੀ ਵਕੀਲਾਂ ਦੇ ਹੱਥਕੰਡਿਆਂ, ਪੈਸੇ ਅਤੇ ਝੂਠੇ ਗਵਾਹਾਂ ਦੇ ਜ਼ੋਰ 'ਤੇ ਜ਼ਮਾਨਤ, ਸਟੇਅ ਜਾਂ ਅੰਤਰਿਮ ਰਾਹਤ ਦਾ ਲਾਭ ਉਠਾਉਂਦਾ ਰਹਿੰਦਾ ਹੈ ਤੇ ਮੁਵੱਕਲ ਲੋਅਰ ਤੋਂ ਸੈਸ਼ਨ, ਹਾਈ ਕੋਰਟ ਤੋਂ ਸੁਪਰੀਮ ਕੋਰਟ ਤੱਕ ਦੀਆਂ ਘੁੰਮਣਘੇਰੀਆਂ ਵਿੱਚ ਫਸਿਆ ਰਹਿੰਦਾ ਹੈ। ਪੈਸੇ ਵਾਲਾ ਮਹਿੰਗਾ ਵਕੀਲ ਕਰ ਕੇ, ਉੱਪਰਲੀਆਂ ਅਦਾਲਤਾਂ ਦਾ ਪੂਰਾ ਲਾਭ ਉਠਾਉਂਦਾ ਹੈ ਤੇ ਗ਼ਰੀਬ ਲਈ ਨਿਆਂ ਦੀ ਮੂਰਤੀ ਦੀਆਂ ਅੱਖਾਂ 'ਤੇ ਪੱਟੀ ਹਮੇਸ਼ਾ ਬੱਝੀ ਰਹਿੰਦੀ ਹੈ। ਚੀਫ਼ ਜਸਟਿਸ ਚੰਦਰਚੂੜ ਅਤੇ ਕਾਨੂੰਨ ਮੰਤਰੀ ਨੇ ਕੇਸਾਂ ਦੇ ਅੰਕੜੇ ਦੇ ਕੇ ਲਟਕੇ ਹੋਏ ਕੇਸਾਂ ਅਤੇ ਉਨ੍ਹਾਂ ਦੇ ਕਾਰਨਾਂ 'ਤੇ ਚਿੰਤਾ ਪ੍ਰਗਟ ਕਰ ਕੇ ਗੋਂਗਲੂਆਂ ਤੋਂ ਮਿੱਟੀ ਝਾੜਨ ਦਾ ਕੰਮ ਕੀਤਾ ਹੈ। ਜ਼ਰਾ ਸੋਚੋ, ਜੇ ਇਕ ਵਰ੍ਹੇ ਵਿੱਚ ਇੱਕ ਲੱਖ ਕੇਸਾਂ ਦਾ ਵੀ ਨਿਪਟਾਰਾ ਹੋ ਜਾਵੇ ਤਾਂ ਵੀ ਪੰਜ ਕਰੋੜ ਤੋਂ ਵੱਧ ਕੇਸਾਂ ਨੂੰ ਨਿਪਟਾਉਣ ਵਿੱਚ ਕਿੰਨੇ ਦਹਾਕੇ ਲੱਗਣਗੇ ? ਕੀ ਸਿਰਫ਼ ਚੀਫ਼ ਜਸਟਿਸ ਅਤੇ ਕਾਨੂੰਨ ਮੰਤਰੀ ਦੀ ਚਿੰਤਾ ਨਾਲ ਮਸਲਾ ਹੱਲ ਹੋ ਸਕੇਗਾ ?

# ਪੰਜਾਬ ਵਿੱਚ ਬੌਧਿਕ ਕੰਗਾਲੀ



ਕੁੱਕੀ ਗਿੱਲ

ਸਮਾਜ ਦੇ ਵਿੱਚ ਪੜ੍ਹੇ ਲਿਖਿਆਂ ਨੂੰ ਵਿਦਵਾਨ ਆਖਿਆ ਜਾਂਦਾ ਹੈ। ਉਹ ਆਪਣੀ ਵਿਦਵਤਾ ਦੇ ਰਾਹੀਂ ਸਮਾਜ ਨੂੰ ਚੰਗੇ ਸਾਹਿਤ ਦੇ ਨਾਲ ਜੋੜਦੇ ਹਨ। ਲੇਖਕ ਵੀ ਸਮਾਜ ਦੀ ਗ਼ਲਤ ਕਦਰਾਂ ਕੀਮਤਾਂ ਨੂੰ ਨਿਕਾਰ ਕੇ ਨਵੇਂ ਸਾਹਿਤ ਦੀ ਸਿਰਜਣਾ ਕਰਦਾ ਹੈ। ਸਾਹਿਤ ਸਮਾਜ ਬਗ਼ਾਵਤ ਨਹੀਂ ਕਰਦਾ ਸਗੋਂ ਬਗ਼ਾਵਤ ਕਰਨ ਵਾਲੇ ਯੋਧਿਆਂ ਨੂੰ ਸਿਰਜਦਾ ਹੈ।

ਸੋਵੀਅਤ ਯੂਨੀਅਨ ਦੀ ਕ੍ਰਾਂਤੀ ਦੇ ਵਿੱਚ ਮੈਕਸਿਮ ਗੋਰਕੀ ਦੇ ਨਾਵਲ ਮਾਂ ਦੀ ਵੱਡੀ ਭੂਮਿਕਾ ਮੰਨੀ ਜਾਂਦੀ ਹੈ। ਉਸ ਨਾਵਲ ਨੇ ਨੌਜਵਾਨਾਂ ਦੇ ਅੰਦਰ ਗੁਲਾਮੀਂ ਤੋਂ ਛੁਟਕਾਰਾ ਪਾਉਣ ਲਈ ਨਵੀਂ ਚੇਤਨਾ ਪੈਦਾ ਕੀਤੀ। ਪੰਜਾਬੀ ਸਾਹਿਤ ਦੇ ਅੰਦਰ ਸੱਤਰਵਿਆਂ ਦੇ ਦਹਾਕੇ ਵਿੱਚ ਨਕਸਲੀ ਲਹਿਰ ਦੇ ਬਹੁਤੇ ਕ੍ਰਾਂਤੀਕਾਰੀ ਨੌਜਵਾਨ ਸਾਹਿਤ ਦੇ ਆਸ਼ਕ ਸਨ। ਉਹਨਾਂ ਨੇ ਪੰਜਾਬ ਦੇ ਅੰਦਰ ਨਵੀਂ ਸੋਚ ਤੇ ਚੇਤਨਾ ਜਗਾਉਣ ਲਈ ਲਹਿਰ ਸ਼ੁਰੂ ਕੀਤੀ। ਇਸ ਲਹਿਰ ਦੇ ਸਮੇਂ ਹੀ ਪ੍ਰਗਤੀਵਾਦੀ ਵਿਚਾਰਧਾਰਾ ਸਾਹਿਤ ਲਿਖਿਆ ਗਿਆ। ਜਿਹੜਾ ਅੱਜ ਵੀ ਓਨੀ ਸ਼ਿੱਦਤ ਨਾਲ ਪੜ੍ਹਿਆ ਜਾ ਰਿਹਾ ਹੈ। ਇਹ ਲਹਿਰ ਦੇ ਫੇਲ੍ਹ ਹੋਣ ਦੇ ਅਨੇਕ ਕਾਰਨ ਹੋ ਸਕਦੇ ਹਨ। ਇਸੇ ਲਹਿਰ ਨੂੰ ਦਬਾਉਣ ਲਈ ਸਿੱਖ ਪੰਥ ਦੇ ਆਪੇ ਬਣੇ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਦੇ ਵਿੱਚ ਝੂਠੇ ਪੁਲਿਸ ਮੁਕਾਬਲਿਆਂ ਦੀ ਸ਼ੁਰੂਆਤ ਕੀਤੀ। ਉਂਝ ਪ੍ਰਕਾਸ਼ ਸਿੰਘ ਬਾਦਲ ਦੇ ਨਾਮ ਬਹੁਤ ਸਾਰੇ ਰਿਕਾਰਡ ਹਨ, ਜਿਹੜੇ ਉਹਨਾਂ ਸੱਤਾਧਾਰੀ ਹੁੰਦਿਆਂ ਬਣਾਏ। ਜਿਹਨਾਂ ਦੀ ਅੱਜਕਲ੍ਹ ਬੜੀ ਚਰਚਾ ਹੋ ਰਹੀ ਹੈ। ਹਰ ਦਿਨ ਨਵੀਆਂ ਪਰਤਾਂ ਤੇ ਗੱਲਾਂ ਸਾਹਮਣੇ ਆ ਰਹੀਆਂ ਹਨ। ਪੰਜਾਬ ਦੇ ਲੋਕ ਮਾਨਸਿਕ ਤੌਰ ਤੇ ਸਿਆਸੀ ਪਾਰਟੀਆਂ ਦੇ ਗੁਲਾਮ ਬਣ ਕੇ ਰਹਿ ਗਏ ਹਨ। ਇਹਨਾਂ ਨੂੰ ਮਾਨਸਿਕ ਤੌਰ ਉੱਤੇ ਚੇਤਨ ਕਰਨ ਲਈ ਸਾਹਿਤ ਨਾਲ ਜੋੜਨ ਦੀ ਲੋੜ ਹੈ। ਉਂਝ ਪੰਜਾਬ ਦੇ ਲੋਕਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਜੋ ਮਨੁੱਖ ਨੂੰ ਜੀਵਨ ਜਿਉਣ ਦੀ ਤਹਿਜ਼ੀਬ ਸਿਖਾਉਂਦਾ ਹੈ। ਦੁੱਖ ਇਸ ਗੱਲ ਦਾ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪੜ੍ਹਿਆ ਨਹੀਂ ਤੇ ਸਮਝਿਆ ਨਹੀਂ। ਇਸੇ ਕਰਕੇ ਮਨੁੱਖ ਮਾਨਸਿਕ ਤੌਰ ਉੱਤੇ ਬਿਮਾਰ ਹੋ ਗਿਆ ਹੈ। ਅਸੀਂ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੁੜਨ ਦੀ ਵਜਾਏ ਬਾਹਰੀ ਦਿੱਖ ਸਜਾਉਣ ਦੇ ਮੁਕਾਬਲੇ ਵਿੱਚ ਉਲਝ ਗਏ ਹਾਂ। ਅਸੀਂ ਵੱਡੇ ਵੱਡੇ ਗੁਰਦੁਆਰਾ ਸਾਹਿਬ ਤਾਂ ਉਸਾਰ ਲਏ ਹਨ ਪਰ ਸ਼ਬਦ ਗੁਰੂ ਦੀ ਵਿਚਾਰਧਾਰਾ ਨੂੰ ਪੜ੍ਹਨ ਦੀ ਵਜਾਏ ਸਿਰਫ ਉਸਨੂੰ ਮਨੋਕਾਮਨਾਵਾਂ ਪੂਰੀਆਂ ਕਰਨ ਵਾਲਾ ਰੱਬ ਬਣਾ ਲਿਆ। ਜਦਕਿ ਉਹਦੇ ਅੰਦਰ ਸ਼ਬਦ ਹੈ। ਸ਼ਬਦ ਹੀ ਸਾਡਾ ਮਾਰਗ ਦਰਸ਼ਨ ਕਰਦਾ ਹੈ। ਅਸੀਂ ਧਾਰਮਿਕ ਪਾਖੰਡ ਕਰਨ ਵਾਲੇ ਦੁਨੀਆਂ ਦੇ ਵੱਡੇ ਬਣ ਗਏ ਹਾਂ। ਗੁਰੂ ਸ਼ਬਦ ਪਾਖੰਡ ਤੇ ਕਰਾਮਾਤਾਂ ਦੇ ਖਿਲਾਫ ਹੈ। ਪਰ ਸਾਡੇ ਪੁਜਾਰੀਆਂ ਨੇ ਉਸਨੂੰ ਕਰਾਮਾਤੀ ਬਣਾ ਦਿੱਤਾ ਹੈ। ਅਸੀਂ ਆਪੇ ਰਹਿਤ ਮਰਿਆਦਾ ਬਣਾ ਕੇ ਉਸਨੂੰ ਆਪਣੇ ਤਰੀਕੇ ਨਾਲ ਵਰਤਿਆ ਹੈ। ਇਤਿਹਾਸਕ ਦਸਤਾਵੇਜ਼ਾਂ ਨੂੰ ਸਮਝਣ ਦੀ ਵਜਾਏ ਕੁੱਝ ਮਨੋਕਲਪਿਤ ਕਹਾਣੀਆਂ ਦੇ ਮਗਰ ਲੱਗ ਗਏ ਹਾਂ। ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਭੁੱਲ ਗਏ ਹਾਂ। ਜਾਂ ਸਾਨੂੰ ਉਸਦੇ ਨਾਲੋਂ ਦੂਰ ਕਰ ਦਿੱਤਾ ਹੈ। ਇਹ ਸਵਾਲ ਇਸ ਸਮੇਂ ਜਵਾਬ ਦੀ ਉਡੀਕ ਵਿੱਚ ਹੈ। ਮਨੁੱਖ ਨੂੰ ਮਾਨਸਿਕ ਤੌਰ ਕਾਬੂ ਕਰਨ ਦੇ ਲਈ ਹਰ ਸਮੇਂ ਕੋਈ ਨਾ ਕੋਈ ਵਿਚਾਰਧਾਰਾ ਪਣਪ ਦੀ ਰਹੀ ਹੈ।

ਜਿਸ ਵਿਚਾਰਧਾਰਾ ਨੇ ਆਮ ਮਨੁੱਖ ਦੇ ਵਿਕਾਸ ਦੇ ਲਈ ਹੰਭਲਾ ਮਾਰਿਆ ਉਹ ਹੀ ਜਿਉਂਦੀ ਰਹੀ ਹੈ। ਨਹੀਂ ਸਮੇਂ ਦੇ ਨਾਲ ਨਾਲ ਸਮਾਜ ਦੀ ਵਿਚਾਰਧਾਰਾ ਵੀ ਬਦਲਦੀ ਰਹੀ।




ਹਰ ਵਿਚਾਰਧਾਰਾ ਆਮ ਮਨੁੱਖ ਦੀ ਹੋਣੀ ਬਦਲਣ ਦਾ ਉਦੇਸ਼ ਲੈ ਕੇ ਤੁਰਦੀ ਰਹੀ ਪਰ ਜਿਉਂ ਹੀ ਉਹ ਵਿਕਾਸ ਕਰਦੀ ਗਈ ਤਾਂ ਉਸਦੇ ਵਰਕਰਾਂ ਨੂੰ ਅੱਗੇ ਲਾ ਕੇ ਆਗੂਆਂ ਨੇ ਉਸਨੂੰ ਵਪਾਰ ਬਣਾ ਲਿਆ । ਹੁਣ ਤੁਸੀਂ ਆਪਣੇ ਅੱਖੀਂ ਵੇਖਦੇ ਹੋ ਕਿ ਸਮਾਜ ਦੇ ਹਰ ਖੇਤਰ ਦੇ ਵਿੱਚ ਸਮਾਜ ਨੂੰ ਬਦਲਣ ਦੇ ਨਾਮ ਹੇਠ ਵਪਾਰ ਹੀ ਤਾਂ ਹੋ ਰਿਹਾ ਹੈ। ਧਰਮ ਤੇ ਧਰਮ ਅਸਥਾਨ ਵਪਾਰ ਦੇ ਅੱਡੇ ਬਣਕੇ ਰਹਿ ਗਏ ਹਨ. ਜਿਥੇ ਅਰਬਾਂ ਤੇ ਖਰਬਾਂ ਦਾ ਕਾਰੋਬਾਰ ਹੁੰਦਾ ਹੈ। ਨਤੀਜਾ ਕੀ ਨਿਕਲਿਆ ਹੈ, ਜ਼ੀਰੋ ! ਅਸੀਂ ਤਾਂ ਪਹਿਲਾਂ ਨਾਲੋਂ ਜ਼ਿਆਦਾ ਬੀਮਾਰ ਹੋ ਗਏ ਹਾਂ। ਇਸ ਬਿਮਾਰੀ ਨੂੰ ਦੂਰ ਕਰਨ ਵਾਲਿਆਂ ਬਾਬਿਆਂ ਤੇ ਪੁਜਾਰੀਆਂ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ।

ਖ਼ੈਰ ਧਰਮ ਦੀ ਵਿਚਾਰਧਾਰਾ ਮਾੜੀ ਨਹੀਂ ਸੀ ਪਰ ਆਧੁਨਿਕ ਦੌਰ ਦੇ ਵਪਾਰੀਏ ਨੇ ਇਸਨੂੰ ਧੰਦਾ ਬਣਾ ਲਿਆ।

ਜਦੋਂ ਲੋਕ ਸਾਖਰਤਾ ਤੋਂ ਕੋਰੇ ਸੀ ਉਸ ਵੇਲੇ ਲੋਕਾਂ ਦੇ ਅੰਦਰ ਚੇਤਨਾ ਸੀ ਪਰ ਜਿਉਂ ਜਿਉਂ ਮਨੁੱਖ ਸਾਖਰ ਹੁੰਦਾ ਗਿਆ ਉਹ ਚੇਤਨਾ ਤੋਂ ਵਿਰਵਾ ਹੁੰਦਾ ਗਿਆ। ਅੱਜ ਸਥਿਤੀ ਤੁਹਾਡੇ ਸਾਹਮਣੇ ਹੈ। ਸਾਹਿਤ ਦੇ ਵਿੱਚ ਬਹੁਤ ਕੁੱਝ ਪੜ੍ਹਨ ਲਈ ਹੈ ਪਰ ਪੜ੍ਹੇ ਕੌਣ ? ਹਰ ਨਵੀਂ ਕਿਤਾਬ ਨਵਾਂ ਸੰਸਾਰ ਵਿਖਾਉਂਦੀ ਹੈ। ਜੇਕਰ ਉਹ ਸਾਹਿਤ ਹੋਵੇ। ਸਾਹਿਤ ਹੀ ਸਾਨੂੰ ਨਵੇਂ ਰਸਤੇ ਲੱਭਣ ਲਈ ਸਹਾਈ ਹੁੰਦਾ ਹੈ। ਸਾਹਿਤ ਪੜ੍ਹਨ ਦੀ ਆਦਤ ਨਹੀਂ।

ਡਾ.ਮਨਮੋਹਨ ਦਾ ਨਾਵਲ 'ਨਿਰਵਾਣ' ਸਾਨੂੰ ਪੜ੍ਹਨ ਤੇ ਸਮਝਣ ਦੀ ਲੋੜ ਹੈ। ਨਾਵਲ ਦੇ ਵਿੱਚ ਦੋ ਵਿਚਾਰਧਾਰਾਵਾਂ ਹਨ। ਇਕ ਪੁਰਾਤਨ ਸਮਿਆਂ ਦਾ ਬੁੱਧਇਜ਼ਮ ਤੇ ਆਧੁਨਿਕ ਦੌਰ ਦਾ ਮਾਓਵਾਦ ਹੈ। ਦੋਹਾਂ ਦੀ ਉਤਪਤੀ ਤੋਂ ਵਿਕਾਸ ਤੇ ਵਿਨਾਸ਼ ਤੱਕ ਦਾ ਉਹ ਸੱਚ ਹੈ ਜਿਸਨੂੰ ਰੱਦ ਨਹੀਂ ਕੀਤਾ ਜਾ ਸਕਦਾ। ਕਿਸੇ ਵੀ ਵਿਚਾਰਧਾਰਾ ਦਾ ਪਤਨ ਉਸ ਵੇਲੇ ਹੁੰਦਾ ਹੈ ਜਦੋਂ ਉਹ ਮਨੁੱਖਤਾ ਦੇ ਭਲੇ ਦੀ ਵਜਾਏ ਵਪਾਰ ਦਾ ਸਾਧਨ ਬਣਦੀ ਹੈ। ਹੁਣ ਇਹੋ ਵਪਾਰ ਦੀ ਲਹਿਰ ਚੱਲ ਰਹੀ ਹੈ। ਅਸੀਂ ਇਸ ਲਹਿਰ ਦਾ ਨਿਸ਼ਾਨਾ ਬਣ ਗਏ ਹਾਂ। ਬੌਧਿਕਤਾ ਦੇ ਉਪਰ ਬਹੁਤ ਚਿਰ ਤੋਂ ਖੱਬੂਆਂ ਦਾ ਕਬਜ਼ਾ ਹੈ। ਉਹ ਹਰ ਮਸਲੇ ਨੂੰ ਆਪਣੇ ਬਣਾਏ ਫਰਮਿਆਂ ਦੇ ਵਿੱਚ ਬਹੁਤ ਹੀ ਖੂਬਸੂਰਤ ਢੰਗ ਤਰੀਕੇ ਜੜ ਕੇ ਫੇਰ ਰਲ ਕੇ ਪ੍ਰਚਾਰਦੇ ਦੇ ਰਹੇ ਹਨ । ਖੱਬੂ ਜਿੰਨੇ ਬੌਧਿਕ ਪੱਖੋਂ ਤੇਜ ਤਰਾਰ ਹਨ ਤੇ ਓਨੇ ਹੀ ਜੁਗਾੜੀ ਵੀ ਸਿਰੇ ਦੇ ਹਨ। ਇਹਨਾਂ ਦੀ ਨਿਗਾ ਕਿਤੇ ਹੋਰ ਤੇ ਨਿਸ਼ਾਨਾ ਕਿਤੇ ਹੋਰ ਹੁੰਦਾ ਹੈ।

ਪੰਜਾਬੀ ਦੇ ਬੌਧਿਕ ਸ਼ਾਇਰ ਸਦਾ ਹੀ ਆਪਣੇ ਆਪ ਨੂੰ ਲੋਕਾਂ ਦੇ ਨਾਲ ਜੁੜੇ ਹੋਣ ਦਾ ਦੰਭ ਰਚਦੇ ਹਨ ਤੇ ਉਹ ਯਾਰੀ ਸੱਤਧਾਰੀਆਂ ਨਾਲ ਪਾ ਕੇ ਆਪਣਾ ਉਲੂ ਸਿੱਧਾ ਕਰਦੇ ਹਨ ਤੇ ਇਸ ਦਾ ਅਸਰ ਇਹ ਹੋਇਆ ਕਿ ਲੋਕ ਹੌਲੀ ਹੌਲੀ ਇਹਨਾਂ ਬੌਧਿਕਵਾਦੀਆਂ ਤੋਂ ਕਿਨਾਰਾਕਸ਼ੀ ਕਰਕੇ ਨੀਮ ਬੇਹੋਸ਼ੀ ਵਿੱਚ ਚਲੇ ਗਏ। ਬੌਧਿਕਵਾਦੀ ਵਾਤਆਨਕੂਲ ਕੋਠੀਆਂ ਤੇ ਦਫਤਰਾਂ ਦੇ ਵਿੱਚ ਬੈਠ ਕੇ ਜੁਗਾਲੀ ਕਰਦੇ ਰਹੇ। ਹਰ ਕ੍ਰਿਸ਼ਨ ਵਰਗੇ ਸੱਤਾ ਵਿੱਚ ਵੜ ਕੇ ਸੁਰਜੀਤ ਹੋ ਗਏ। ਉਹਨਾਂ ਦੇ ਬੋਲਾਂ 'ਤੇ ਫੁੱਲ ਚਾੜਣ ਵਾਲੇ ਕੰਗਾਲ ਹੋ ਗਏ। ਕੇਹੀ ਵਿਡੰਬਨਾ ਹੈ ! ਕਈ ਚੈਨ ਨਾਲ ਸੁੱਤੇ ਤੇ ਅਨੰਦ ਹੋ ਗਏ ਤੇ ਕਈ ਜਤਿੰਦਰ ਸ਼ਬਦਾਂ ਦੇ ਸਿਕੰਦਰ ਹੋ ਗਏ। ਉਹਨਾਂ ਕਦੇ ਸੱਜਿਆ ਦੇ ਨਾਲ ਕਦੇ ਏਜੰਸੀਆਂ ਦੇ ਨਾਲ ਯਾਰੀ ਤੇ ਫੁਲਕਾਰੀ ਪਾਕੇ ਰੱਖੀ। ਆਪਣਾ ਉਲੂ ਸਿੱਧਾ ਕੀਤਾ। ਹੁਣ ਜੋ ਹੋ ਰਿਹਾ ਹੈਂ, ਕੁੱਝ ਲੁਕਿਆ ਨਹੀਂ.ਸਟੇਟ ਕਿਵੇਂ ਖੇਡ ਦੀ ਹੈ. ਉਹ ਤੁਸੀਂ ਦੇਖ ਰਹੇ ਹੋ. ਜੋ ਵੀ ਹੋਇਆ ਤੇ ਜੋ ਵੀ ਹਸ਼ਰ ਤੁਹਾਡੇ ਸਾਹਮਣੇ ਹੈ।

ਬੌਧਿਕਤਾ ਬੰਦ ਅਲਮਾਰੀਆਂ ਦੇ ਵਿੱਚ ਬਹਿ ਕੇ ਸਿਉਂਕ ਛੱਕਦੀ ਰਹੀ ਤੇ ਅਵਾਮ ਇਨਕਲਾਬ ਉਡੀਕਦਾ ਹੋਇਆ ਡੇਰਿਆਂ ਦਾ ਚੇਲਾ ਹੋ ਗਿਆ। ਲੋਕਾਂ ਦਾ ਭਰਮ ਧਰਮ ਵੱਲ ਵੱਧ ਗਿਆ ਤੇ ਡੇਰੇ ਵਾਲਿਆਂ ਦਾ ਧੰਦਾ ਚੱਲ ਪਿਆ...ਲੋਕ ਦੀਵਾਨ ਸੁਣ ਕੇ ਸਵਰਗ ਦੇ ਸੁਪਨੇ ਲੈਣ ਲੱਗੇ ਪਰ ਗਏ ਠੱਗੇ ਹਨ। ਬੌਧਿਕਵਾਦੀ ਹੁਣ ਵਾਦ ਵਿਵਾਦ ਨਹੀਂ ਸੰਵਾਦ ਕਰਦੇ ਹਨ। ਮੱਠ ਦੇ ਮਹੰਤ ਬਣ ਕੇ ਮਰਨ ਜੰਮਣ ਤੇ ਖੁਸਰਿਆਂ ਤੇ ਮਿਰਾਸੀਆਂ ਦੇ ਵਾਂਗ ਵਧਾਈਆਂ ਦੇਣ ਤੇ ਅਫਸੋਸ ਕਰਨ ਜਾਂਦੇ ਹਨ। ਮੱਠਾਂ ਦੇ ਮਹੰਤ ਸੰਤ ਬਣ ਕੇ ਵੱਖ ਵੱਖ ਥਾਵਾਂ ਉਤੇ ਬੌਧਿਕ ਪ੍ਰਵਚਨਾਂ ਦੇ ਨਾਲ ਸਤਨਾਜਾ ਬੋਲੀ ਦਾ ਵਿਖਿਆਨ ਕਰਦੇ ਤੇ ਮਾਲ ਛੱਕਦੇ ਹਨ। ਹਰ ਡੇਰੇ ਦਾ ਮਹੰਤ ਜੋ ਦਵੰਦਵਾਦੀ ਬੌਧਿਕ ਤੇ ਵਿਚ ਵਿਚਾਲੇ ਦਾ ਬੁਲਾਰਾ ਹੈ। ਉਹ ਹਰ ਥਾਂ ਬੈਰਾਗੀ ਸਾਧ ਬਣ ਕੇ ਗਜ਼ਾ ਕਰਦਾ ਹੈ ਤੇ ਉਸ ਦੀਆਂ ਚੇਲੀਆਂ ਆਪਣੇ ਆਪਣੇ ਡੇਰਿਆਂ ਦੇ ਵਿੱਚ ਬੌਧਿਕਤਾ ਦੇ ਦੀਵਾਨ ਸਜਾਉਂਦੀਆਂ ਪ੍ਰਭੂ ਦੇ ਗੁਣ ਗਾਉਂਦੀਆਂ ਹਨ। ਬੌਧਿਕਤਾ ਕੰਗਾਲੀ ਨੇ ਹੁਣ ਤੱਕ ਕੀ ਕੀ ਗੁਲ ਖਿਲਾਏ ਹਨ ? ਤੁਸੀਂ ਦੇਖ ਹੀ ਰਹੇ ਹੋ । ਹੁਣ ਇੱਕ ਬੋਲੀ,ਇੱਕ ਝੰਡਾ ਤੇ ਇੱਕ ਰਾਸ਼ਟਰ ਵਾਲੀ ਵਿਚਾਰਧਾਰਾ ਵਾਲੇ ਘਰ ਘਰ ਪੁੱਜ ਗਏ ਹਨ।

# ਵੱਡੀ ਰਾਜਨੀਤਕ ਮੰਝਧਾਰ ਦਾ ਸ਼ਿਕਾਰ ਨਾ ਹੋ ਜਾਵੇ ਪੰਜਾਬ



ਦਰਬਾਰਾ ਸਿੰਘ ਕਾਹਲੋਂ

ਪੰਜਾਬ ਇਸ ਸਮੇਂ ਇੱਕ ਵੱਡੀ ਰਾਜਨੀਤਕ ਮੰਝਧਾਰ ਦਾ ਸ਼ਿਕਾਰ ਬਣਿਆ ਪਿਆ ਹੈ। ਰਾਜ ਸਰਕਾਰ ਅਤੇ ਰਾਜਨੀਤਕ ਲੀਡਰਸ਼ਿੱਪ ਅੰਦਰ ਰਾਜਨੀਤਕ ਇੱਛਾ ਸ਼ਕਤੀ ਦੀ ਘਾਟ ਕਰਕੇ ਨਾ ਸਿਰਫ ਰਾਜਨੀਤਕ ਬਲਕਿ ਪ੍ਰਸ਼ਾਸਨਿਕ, ਆਰਥਿਕ, ਸਮਾਜਿਕ, ਧਾਰਮਿਕ ਸਮੱਸਿਆਵਾਂ ਵਧਦੀਆਂ ਜਾ ਰਹੀਆਂ ਹਨ। ਪੰਜਾਬ ਰਾਜ ਅਤੇ ਦੇਸ਼-ਵਿਦੇਸ਼ ਵਿੱਚ ਬੈਠ ਜਾਗ੍ਰਿਤ ਲੋਕਾਂ ਦੇ ਹਿਰਦੇ ਬੁਰੀ ਤਰ੍ਹਾਂ ਚਿੰਤਾ ਗ੍ਰਸਤ ਹਨ। ਹਾਲਤ ਇਹ ਹੈ ਕਿ 'ਭੰਡਾ ਭੰਡਾਰੀਆਂ ਕਿੰਨਾ ਕੁ ਭਾਰ, ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ।' ਜਦੋਂ ਰਾਜ ਦਾ ਮੁੱਖ ਮੰਤਰੀ 5 ਮਹੀਨੇ ਮੰਤਰੀ ਮੰਡਲ ਦੀ ਮੀਟਿੰਗ ਹੀ ਨਾ ਬੁਲਾਵੇ ਤਾਂ ਰਾਜ ਦੇ ਵੱਖ-ਵੱਖ ਖੇਤਰਾਂ, ਵਿਭਾਗਾਂ, ਨੀਤੀਆਂ 'ਤੇ ਅਮਲ, ਵਿਕਾਸ ਕਾਰਜਾਂ, ਵੱਖ-ਵੱਖ ਜਨਤਕ ਵਰਗਾਂ, ਸਨਅਤਾਂ, ਅਮਨ-ਕਾਨੂੰਨ ਦੀ ਸਥਿਤੀ ਆਦਿ ਵਿੱਚ ਕੀ ਕੀ ਵਿਚਰ ਰਿਹਾ ਹੈ, ਦਾ ਕਿਵੇਂ ਪਤਾ ਚੱਲੇਗਾ ? ਅਜਿਹੀ ਸਥਿਤੀ ਵਿੱਚ ਕੇਂਦਰ ਸਰਕਾਰ, ਰਾਜਪਾਲ, ਕੇਂਦਰੀ ਮੰਤਰੀਆਂ, ਵੱਖ-ਵੱਖ ਏਜੰਸੀਆਂ ਨੂੰ ਰਾਜ ਸਰਕਾਰ 'ਤੇ ਹਮਲਿਆਂ ਦੀ ਝੜੀ ਲਗਾਉਣ ਦਾ ਮੌਕਾ ਮਿਲ ਜਾਂਦਾ ਹੈ। ਕੇਂਦਰੀ ਟਰਾਂਸਪੋਰਟ ਮੰਤਰੀ ਸ਼੍ਰੀ ਨਿਤਿਨ ਗਡਕਰੀ ਅਤੇ ਪੰਜਾਬ ਦੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਕੇਂਦਰੀ ਵਿਕਾਸ ਕਾਰਜਾਂ ਨੂੰ ਲੈ ਕੇ ਲਿਆਂਦੇ ਪ੍ਰਸ਼ਾਸਨਿਕ ਭੂਚਾਲ ਨੇ ਪੰਜਾਬ ਸਰਕਾਰ ਅਤੇ ਪੰਜਾਬੀਆਂ ਦੀਆਂ ਚਿੰਤਾਵਾਂ ਵਿੱਚ ਘੋਰ ਵਾਧਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪ੍ਰਤੀਕਰਮ ਵਿੱਚ ਲਿਖਿਆ ਕੇਂਦਰ ਨੂੰ ਪੱਤਰ ਵੀ ਇਸ ਭੂਚਾਲ ਨੂੰ ਸੰਭਾਲਣ ਵਿੱਚ ਅਸਫਲ ਨਜ਼ਰ ਆਇਆ ਹੈ।

ਰਾਜਪਾਲ ਟਕਰਾਅ ਵੱਲ: ਸਾਬਕਾ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਨੇ ਜਦੋਂ ਰਾਜ ਸਰਕਾਰ ਨਾਲ ਟਕਰਾਅ ਦਾ ਰਾਹ ਚੁਣਿਆ ਤਾਂ ਗੱਲ ਸੁਪਰੀਮ ਕੋਰਟ ਤਕ ਪੁੱਜੀ। ਸੁਪਰੀਮ ਕੋਰਟ ਨੇ ਸਪਸ਼ਟ ਕੀਤਾ ਕਿ ਰਾਜਪਾਲ ਦੀ ਪਦਵੀ ਸੰਵਿਧਾਨਿਕ ਮੁਖੀ ਵਾਲੀ ਹੈ। ਉਹ ਲਛਮਣ ਰੇਖਾ ਪਾਰ ਨਾ ਕਰਨ। ਮੁੱਖ ਮੰਤਰੀ ਨੂੰ ਵੀ ਤੰਬੀਹ ਕੀਤੀ ਕਿ ਜੇ ਰਾਜਪਾਲ ਕੋਈ ਜਾਣਕਾਰੀ ਹਾਸਿਲ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਅਦਬ ਸਹਿਤ ਮੁਹਈਆ ਕਰਵਾਈ ਜਾਏ।

ਉਨ੍ਹਾਂ ਦੀ ਥਾਂ ਅਸਾਮ ਤੋਂ ਬਦਲ ਕੇ ਨਿਯੁਕਤ ਕੀਤੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਆਉਂਦੇ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਸੀ ਸਹਿਯੋਗ ਦਾ ਸੁਹਿਰਦ ਭਰਿਆ ਹੱਥ ਵਧਾਇਆ। ਪਰ ਸ਼ਾਇਦ ਕੇਂਦਰ ਸਰਕਾਰ ਨੇ ਉਨ੍ਹਾਂ ਦੀ ਨਿਯੁਕਤੀ ਹੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਨਿੱਤ-ਪ੍ਰਤੀ ਕੰਮਾਂ ਵਿੱਚ ਦਿੱਲੀ ਦੇ ਉਪ ਰਾਜਪਾਲ ਜਾਂ ਕੇਰਲ, ਪੱਛਮੀ ਬੰਗਾਲ, ਤਾਮਿਲਨਾਡੂ ਸਮੇਤ ਗੈਰ-ਭਾਜਪਾਈ ਸਰਕਾਰਾਂ ਵਾਲੇ ਰਾਜਾਂ ਵਿੱਚ ਨਿਯੁਕਤੀ ਦਬੰਗ ਰਾਜਪਾਲਾਂ ਵਾਂਗ ਅੜਿੱਕੇ ਪੈਦਾ ਕਰਨ ਲਈ ਕੀਤੀ ਹੈ। ਰਾਜਪਾਲ ਆਪਣੇ ਅਹੁਦੇ ਦੀ ਸੰਵਿਧਾਨਿਕ ਸਥਿਤੀ ਤੋਂ ਭਲੀਭਾਂਤ ਜਾਣੂ ਹਨ ਕਿਉਂਕਿ ਉਹ 10 ਸਾਲ ਰਾਜਸਥਾਨ ਅੰਦਰ ਭਾਜਪਾ ਸਰਕਾਰਾਂ ਵੇਲੇ ਗ੍ਰਹਿ ਮੰਤਰੀ ਰਹੇ ਹਨ।

ਲੇਕਿਨ ਦੇਸ਼ ਦੇ ਫੈਡਰਲ ਢਾਂਚੇ ਨੂੰ ਕਮਜ਼ੋਰ ਹੀ ਨਹੀਂ ਬਲਕਿ ਨੇਸਤੇਨਾਬੂਦ ਕਰਨ ਦੇ ਇਰਾਦੇ ਨਾਲ ਪਿਛਲੇ ਦਿਨੀਂ ਦਿੱਲੀ ਵਿਖੇ ਰਾਜਪਾਲਾਂ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਨਿਰਦੇਸ਼ ਦਿੱਤੇ ਕਿ ਉਹ ਕੇਂਦਰੀ ਯੋਜਨਾਵਾਂ ਅਤੇ ਵਿਕਾਸ ਕਾਰਜਾਂ ਦੀ ਰਾਜ ਅੰਦਰ ਨਿਗਰਾਨੀ ਕਰਨ। ਇਹ ਸਰਾਸਰ ਗੈਰ ਸੰਵਿਧਾਨਿਕ ਨਿਰਦੇਸ਼ ਹੈ।

ਪੰਜਾਬ ਦੇ ਰਾਜਪਾਲ ਨੇ ਪਹਿਲਾਂ ਚੀਫ ਸੈਕਟਰੀ ਅਤੇ ਪ੍ਰਮੁੱਖ ਸਕੱਤਰਾਂ ਅਤੇ ਫਿਰ ਪ੍ਰਸ਼ਾਸਨਿਕ ਸਕੱਤਰਾਂ ਨਾਲ ਮੀਟਿੰਗਾਂ ਕੀਤੀਆਂ। ਅਜਿਹਾ ਪੰਜਾਬ ਵਿੱਚ ਕਦੇ ਪਹਿਲਾਂ ਨਹੀਂ ਹੋਇਆ। ਸਾਬਕਾ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਸਰਹੱਦੀ ਜ਼ਿਲ੍ਹਿਆਂ ਦੇ ਦੌਰੇ ਸਮੇਂ ਡੀ.ਜੀ.ਪੀ. ਨੂੰ ਨਾਲ ਲਿਜਾਂਦੇ ਰਹੇ ਹਨ। ਪਰ ਅਜਿਹੀਆਂ ਮੀਟਿੰਗਾਂ ਉਨ੍ਹਾਂ ਨੇ ਵੀ ਨਹੀਂ ਬੁਲਾਈਆਂ ਸਨ ਕਿਉਂਕਿ ਸੰਵਿਧਾਨ ਇਜਾਜ਼ਤ ਨਹੀਂ ਦਿੰਦਾ। ਰਾਜਪਾਲ ਨੂੰ ਮੁੱਖ ਮੰਤਰੀ ਅਤੇ ਮੁੱਖ ਸਕੱਤਰ ਰਾਹੀਂ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਹੈ, ਪਰ ਨਿਰਦੇਸ਼ ਦੇਣ ਦਾ ਨਹੀਂ। ਭਗਵੰਤ ਮਾਨ ਤੋਂ ਪਹਿਲਾਂ ਕਿਸੇ ਮੁੱਖ ਮੰਤਰੀ ਦੇ ਕਾਰਜਕਾਲ ਵਿੱਚ ਕਿਸੇ ਰਾਜਪਾਲ ਨੇ ਸੰਵਿਧਾਨਿਕ ਲੱਛਮਣ ਰੇਖਾ ਨਹੀਂ ਸੀ ਉਲੰਘੀ। ਬਲਕਿ ਪਾਣੀਆਂ ਦੀਆਂ ਸੰਧੀਆਂ ਖਤਮ ਕਰਨ ਵਾਲਾ ਬਿੱਲ 12 ਜੁਲਾਈ, 2004 ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਸੈਂਬਲੀ ਵਿੱਚ ਪਾਸ ਕਰਾ ਕੇ, ਵਿਰੋਧੀ ਧਿਰ ਦੇ ਆਗੂ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਨਾਲ ਲੈ ਕੇ ਰਾਜਪਾਲ ਭਵਨ ਵਿੱਚ ਜਾ ਕੇ ਉਸੇ ਵਕਤ ਮਨਜ਼ੂਰ ਕਰਾ ਲਿਆ ਸੀ।

ਭਗਵੰਤ ਮਾਨ ਕੁਰਸੀ ਦੀ ਅਹਿਮੀਅਤ ਬਾਰੇ ਐਲਨ ਮਸਕ ਦੀ ਕਹਾਣੀ ਸੁਣਾਉਂਦੇ ਹਨ। ਅੱਜ ਇਹ ਕਹਾਣੀ ਆਪਣੇ 'ਤੇ ਲਾਗੂ ਕਰਕੇ ਰਾਜਪਾਲ ਨੂੰ ਲੋਕਾਂ ਵੱਲੋਂ ਹੂੰਝਾ ਫੇਰੂ ਫ਼ਤਵੇ ਰਾਹੀਂ ਚੁਣੇ ਮੁੱਖ ਮੰਤਰੀ ਦੀ ਕੁਰਸੀ ਦੀ ਸੰਵਿਧਾਨਿਕ ਅਹਿਮੀਅਤ ਵਿਖਾਉਣ ਦੀ ਲੋੜ ਹੈ। ਦੇਸ਼ ਅੰਦਰ ਫੈਡਰਲ ਢਾਂਚੇ ਅਤੇ ਰਾਜਾਂ ਦੇ ਅਧਿਕਾਰਾਂ ਦੀ ਰਾਖੀ ਲਈ ਸਾਰੇ ਗੈਰ-ਭਾਜਪਾਈ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਨਾਲ ਲੈ ਕੇ ਸੰਘਰਸ਼ ਵਿੱਢਣ ਦੀ ਲੋੜ ਹੈ। ਉਨ੍ਹਾਂ ਨੂੰ ਇਹ ਸੁਨੇਹਾ ਪੂਰੇ ਰਾਸ਼ਟਰ ਨੂੰ ਸਪਸ਼ਟ ਦੇਣ ਦੀ ਲੋੜ ਹੈ ਕਿ ਜੋ ਪੁਜ਼ੀਸ਼ਨ ਰਾਸ਼ਟਰ ਪੱਧਰ 'ਤੇ ਪ੍ਰਧਾਨ ਮੰਤਰੀ ਦੀ ਹੁੰਦੀ ਹੈ, ਉਹੀ ਰਾਜ ਪੱਧਰ 'ਤੇ ਮੁੱਖ ਮੰਤਰੀ ਦੀ ਹੁੰਦੀ ਹੈ।

ਸਿਸੋਧੀਆ ਹਮਲਾ: ਕਰੀਬ 17 ਮਹੀਨੇ ਸ਼ਰਾਬ ਘੋਟਾਲੇ ਵਿੱਚ ਜੇਲ੍ਹ ਕੱਟਣ ਤੋਂ ਬਾਅਦ ਜਦੋਂ ਦਿੱਲੀ ਦੇ ਉਪ ਮੁੱਖ ਮੰਤਰੀ ਤਿਹਾੜ ਜੇਲ੍ਹ ਤੋਂ ਬਾਹਰ ਆਏ ਤਾਂ ਉਨ੍ਹਾਂ ਨੇ ਰਾਜਪਾਲ ਦੇ ਬਸਤੀਵਾਦੀ ਵਿਰਸੇ ਵਾਲੇ ਅਹੁਦੇ ਨੂੰ ਭਾਰਤੀ ਲੋਕਤੰਤਰੀ ਵਿਵਸਥਾ 'ਤੇ ਥੋਪਣ ਨੂੰ ਲੈ ਕੇ ਤਾਬੜ ਹਮਲਿਆਂ ਦੀ ਝੜੀ ਲਗਾਈ। ਇਸ ਨੂੰ ਫੈਡਰਲ ਡੈਮੋਕਰੇਸੀ 'ਤੇ ਸਿੱਧਾ ਹਮਲਾ, ਰਾਜ ਸਰਕਾਰਾਂ ਅਸਥਿਰ ਕਰਨ, ਕੰਮ ਕਾਜ ਵਿੱਚ ਅੜਿੱਕੇ ਪਾਉਣ ਵਾਲਾ ਬੇਲੋੜਾ ਅਹੁਦਾ ਕਰਾਰ ਦਿੰਦੇ ਹੋਏ ਖਤਮ ਕਰਨ ਦੀ ਅਵਾਜ਼ ਬੁਲੰਦ ਕੀਤੀ। ਡਿਕਟੇਟਰਾਨਾ ਬਿਰਤੀ ਵਾਲੀ ਅਜੋਕੀ ਕੇਂਦਰ ਸਰਕਾਰ ਜਾਣ ਬੁੱਝ ਕੇ ਅੜਿੱਕੇਬਾਜ਼, ਦਬੰਗ, ਬਾਹੂਬਲੀ ਰਾਜਨੀਤੀਵਾਨ ਗੈਰ ਭਾਜਪਾਈ ਸ਼ਾਸਤ ਰਾਜਾਂ ਵਿੱਚ ਨਿਯੁਕਤ ਕਰ ਰਹੀ ਹੈ। ਜੇ ਇਸ ਅਹੁਦੇ ਦਾ ਬਦਨਾਮ ਇਤਿਹਾਸ ਫਰੋਲਿਆ ਜਾਵੇ ਤਾਂ ਇਸਦੀ ਸ਼ੁਰੂਆਤ ਲਈ ਕਾਂਗਰਸ ਪਾਰਟੀ ਦੀ ਅਗਵਾਈ ਵਾਲੀਆਂ ਕੇਂਦਰ ਸਰਕਾਰਾਂ ਨੇ ਅਤਿ ਏਕਾਧਿਕਾਰਵਾਦੀ ਬੇਸ਼ਰਮੀ ਨਾਲ ਕੀਤੀ ਸੀ।

ਜੇ ਰਾਜਪਾਲ ਨੂੰ ਪੰਜਾਬ ਵਿੱਚ ਅਹਿਮ ਰੋਲ ਅਦਾ ਕਰਨ ਦਾ ਚਾਅ ਹੈ ਤਾਂ ਚੰਡੀਗੜ੍ਹ, ਜਿਸਦਾ ਉਹ ਪ੍ਰਸ਼ਾਸਕ ਨਿਯੁਕਤ ਹੈ, ਨੂੰ ਪੰਜਾਬ ਦੀ ਰਾਜਧਾਨੀ ਵਜੋਂ ਤਬਦੀਲ ਕਰਨ ਦਾ ਇਤਿਹਾਸਕ ਰੋਲ ਨਿਭਾਵੇ। ਪੰਜਾਬ ਦੇ ਪਾਣੀਆਂ ਦੀ ਰਾਖੀ ਦਾ ਜ਼ਾਮਨ ਬਣੇ, ਕੇਂਦਰ ਵੱਲੋਂ ਪੰਜਾਬ ਦਾ ਦੱਬਿਆ ਰਾਸ਼ਟਰੀ ਸਿਹਤ ਮਿਸ਼ਨ, ਆਰ ਡੀ ਐੱਫ, ਸਰਬ ਸਿੱਖਿਆ ਅਭਿਯਾਨ ਸੰਬੰਧੀ 8000 ਕਰੋੜ ਤੋਂ ਵੱਧ ਫੰਡ ਜਾਰੀ ਕਰਾਉਣ ਲਈ ਤੁਰੰਤ ਕੇਸ ਪ੍ਰਸਤੁਤ ਕਰੇ। ਕੇਂਦਰ ਸਰਕਾਰ ਦੇ ਪ੍ਰਾਜੈਕਟਾਂ ਦੀ ਪੂਰਤੀ ਲਈ ਮੁੱਖ ਮੰਤਰੀ ਨਾਲ ਤਾਲਮੇਲ ਕਰੇ। ਕਿਸਾਨੀ ਦੇ ਮਸਲੇ ਹੱਲ ਕਰਨ ਲਈ ਕੇਂਦਰ ਸਰਕਾਰ ਨਾਲ ਕਿਸਾਨ ਯੂਨੀਅਨਾਂ ਦੀ ਗੱਲਬਾਤ ਲਈ ਸੁਖਾਵਾਂ ਮਾਹੌਲ ਬਣਾਵੇ।

**ਅਮਨ-ਕਾਨੂੰਨ**: ਪੰਜਾਬ ਇੱਕ ਅਤਿ ਸੰਵੇਦਨਸ਼ੀਲ ਸਰਹੱਦੀ ਰਾਜ ਹੈ, ਜਿਸਦੀ ਕਰੀਬ 553 ਕਿਲੋਮੀਟਰ ਸਰਹੱਦ ਪਾਕਿਸਤਾਨ ਨਾਲ ਲਗਦੀ ਹੈ। ਇਸ ਸਮੇਂ ਪੰਜਾਬ ਅੰਦਰ ਅਮਨ-ਕਾਨੂੰਨ ਪ੍ਰਸ਼ਨ ਨੂੰ ਲੈ ਕੇ ਕੇਂਦਰ ਅਤੇ ਰਾਜ ਸਰਕਾਰ ਦੇ ਨਜ਼ਰੀਏ ਵਿੱਚ ਬਹੁਤ ਜ਼ਿਆਦਾ ਫ਼ਰਕ ਹੈ। ਕੇਂਦਰ ਸਰਕਾਰ ਅਤੇ ਕੇਂਦਰ ਏਜੰਸੀਆਂ ਅਨੁਸਾਰ ਰਾਜ ਵਿੱਚ ਗੈਰ ਕਾਨੂੰਨੀ ਮਾਈਨਿੰਗ, ਨਸ਼ੀਲੇ ਪਦਾਰਥਾਂ ਦੀ ਘਰ-ਘਰ ਤਕ ਵਿਕਰੀ, ਓਵਰਡੋਜ਼ ਮੌਤਾਂ, ਗੈਂਗਸਟਰਵਾਦ, ਫਿਰੌਤੀਆਂ, ਅਰਾਜਕਤਾ ਜਾਰੀ ਹਨ। ਫਿਰੌਤੀਆਂ, ਸਾੜ ਕੇ ਮਾਰਨ, ਕਤਲ ਕਰਨ ਦੀਆਂ ਧਮਕੀਆਂ ਕਰਕੇ ਕੇਂਦਰੀ ਵਿਕਾਸ ਪ੍ਰਾਜੈਕਟ ਅਤੇ ਹਾਈਵੇਅ ਉਸਾਰੀ ਰੁਕੀ ਹੋਈ ਹੈ, ਜਿਸ ਕਰਕੇ ਕੁਝ ਪ੍ਰਾਜੈਕਟ ਵਾਪਸ ਲੈਣ ਦੀ ਨੌਬਤ ਆਈ ਪਈ ਹੈ। ਲੇਕਿਨ ਮੁੱਖ ਮੰਤਰੀ ਅਜਿਹੀ ਵਿਸਫੋਟਕ ਸਥਿਤੀ ਤੋਂ ਸਾਫ ਇਨਕਾਰ ਕਰਦੇ ਹਨ। ਲੇਕਿਨ ਲੱਖ ਸੋਨ ਟਕੇ ਦਾ ਸਵਾਲ ਇਹ ਹੈ ਕਿ ਫਿਰ ਮੁੱਖ ਮੰਤਰੀ ਨੂੰ ਅਜ਼ਾਦੀ ਦਿਵਸ 'ਤੇ ਬੁਲੇਟ ਪਰੂਫ ਸ਼ੀਸ਼ੇ, ਬਖਤਰਬੰਦ ਸੁਰੱਖਿਆ ਦੀ ਲੋੜ ਕਿਉਂ ਪਈ ?

(ਬਾਕੀ ਸਫ਼ਾ 31 'ਤੇ)

# ਪੰਜਾਬ ਦੇ ਪੌਣ-ਪਾਣੀਆਂ ਦਾ ਮਰਸੀਆ

## ਹਵਾ ਅਤੇ ਪਾਣੀ ਪ੍ਰਦੂਸ਼ਣ ਨੂੰ ਘਟਾਉਣ ਲਈ ਅੱਗੇ ਆਉਣ ਪੰਜਾਬੀ








ਪੰਜਾਬ ਦੇ ਵਿੱਚ ਰੁਮਕਦੀ ਤਾਜ਼ਾ ਅਤੇ ਸ਼ੁੱਧ ਹਵਾ ਵਿੱਚ ਸਾਹ ਲੈ ਕੇ ਅਤੇ ਪੰਜਾਬ ਦੇ ਅੰਮ੍ਰਿਤ ਵਰਗੇ ਮੰਨੇ ਜਾਂਦੇ ਪਾਣੀ ਨੂੰ ਪੀ ਕੇ ਜਿਹੜੇ ਪੰਜਾਬੀ ਤੰਦਰੁਸਤ ਹੋ ਜਾਂਦੇ ਸਨ, ਉਹ ਹੁਣ ਬੀਤੇ ਸਮੇਂ ਦੀਆਂ ਗੱਲਾਂ ਬਣ ਗਏ ਹਨ। ਕੁਝ ਦਹਾਕੇ ਪਹਿਲਾਂ ਤੱਕ ਸਾਡੀ 'ਬਰਨਾਲੇ ਵਾਲੀ ਹਵੇਲੀ' ਦੀ ਉੱਚੀ ਛੱਤ 'ਤੇ ਚੜ੍ਹਕੇ ਦੂਰ ਦੇ ਪਿੰਡਾਂ ਦੇ ਗੁਰਧਾਮ ਅਤੇ ਦੂਰ ਦੇ ਪਹਾੜੀ ਇਲਾਕਿਆਂ ਦੇ ਪਹਾੜ ਬਿਲਕੁਲ ਸਾਫ ਦਿਖਾਈ ਦਿੰਦੇ ਸਨ, ਹੁਣ ਹਵੇਲੀ ਦੀ ਉਸੇ ਛੱਤ 'ਤੇ ਚੜ੍ਹ ਕੇ ਉਹਨਾਂ ਦੀ ਥਾਂ ਹਰ ਪਾਸੇ ਧੁੰਦਲਕਾ ਜਿਹਾ ਦਿਖਾਈ ਦਿੰਦਾ ਹੈ। ਇਸ ਦਾ ਕਾਰਨ ਹਵਾ ਅਤੇ ਵਾਤਾਵਰਣ ਵਿੱਚ ਫੈਲਿਆ ਪ੍ਰਦੂਸ਼ਣ ਹੈ। ਹੁਣ ਤਾਂ ਪੰਜਾਬ ਦੇ ਪੌਣ- ਪਾਣੀ ਦੋਵੇਂ ਹੀ ਦੂਸ਼ਿਤ ਹੋ ਗਏ ਹਨ। ਦਿਨੋਂ ਦਿਨ ਜਿਥੇ ਪੰਜਾਬ ਦੀ ਪ੍ਰਦੂਸ਼ਿਤ ਹਵਾ ਵਿੱਚ ਸਾਹ ਲੈਣਾ ਔਖਾ ਹੁੰਦਾ ਜਾ ਰਿਹਾ ਹੈ, ਉਥੇ ਦੂਸ਼ਿਤ ਪਾਣੀ ਨੂੰ ਪੀ ਕੇ ਪੰਜਾਬੀ ਕਈ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ।

ਪੰਜ ਦਰਿਆਵਾਂ ਦੀ ਧਰਤੀ 'ਤੇ ਜ਼ਮੀਨ ਹੇਠਲਾ ਪਾਣੀ ਜਿਥੇ ਮੁੱਕਣ ਕਿਨਾਰੇ ਪਹੁੰਚ ਚੁੱਕਿਆ ਹੈ, ਉਥੇ ਇਹ ਜ਼ਮੀਨਦੋਜ਼ ਪਾਣੀ ਵੀ ਦੂਸ਼ਿਤ ਹੋ ਚੁੱਕਿਆ ਹੈ। ਮਾਣਯੋਗ ਹਾਈ ਕੋਰਟ ਦੇ ਹੁਕਮਾਂ 'ਤੇ ਭਾਭਾ ਪਰਮਾਣੂ ਖੋਜ ਕੇਂਦਰ (ਬੀ.ਏ.ਆਰ.ਸੀ.) ਨੇ ਮਾਲਵਾ ਖੇਤਰ ਦੇ ਪਾਣੀ ਵਿੱਚ ਯੂਰੇਨੀਅਮ ਦੀ ਪਰਖ ਕਰਨ ਲਈ ਬਠਿੰਡਾ, ਫ਼ਿਰੋਜ਼ਪੁਰ, ਫ਼ਰੀਦਕੋਟ ਅਤੇ ਮਾਨਸਾ ਤੋਂ 1500 ਪਾਣੀ ਦੇ ਨਮੂਨੇ ਲਏ ਸਨ। ਇਨ੍ਹਾਂ ਨਮੂਨਿਆਂ ਵਿੱਚੋਂ 35 ਪ੍ਰਤੀਸ਼ਤ ਨਮੂਨਿਆਂ ਵਿੱਚ ਯੂਰੇਨੀਅਮ ਨਿਰਧਾਰਤ ਮਾਪਦੰਡਾਂ ਤੋਂ ਵੱਧ ਪਾਇਆ ਗਿਆ, ਜਿਸ ਵਿੱਚ ਬਠਿੰਡਾ ਜ਼ਿਲ੍ਹਾ ਸਭ ਤੋਂ ਵੱਧ ਪ੍ਰਭਾਵਿਤ ਪਾਇਆ ਗਿਆ। ਐਟੋਮਿਕ ਐਨਰਜੀ ਰੈਗੂਲੇਟਰੀ ਬੋਰਡ ਮੁਤਾਬਕ ਪੀਣ ਵਾਲੇ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ 60 ਪੀ.ਪੀ.ਬੀ. ਤੋਂ ਵੱਧ ਨਹੀਂ ਹੋਣੀ ਚਾਹੀਦੀ ਪਰ ਬਠਿੰਡਾ ਜ਼ਿਲ੍ਹੇ ਦੇ ਪਾਣੀ ਵਿੱਚ ਇਹ ਮਾਤਰਾ 10 ਗੁਣਾ 684 ਪੀ.ਪੀ.ਬੀ. ਪਾਈ ਗਈ, ਅਜਿਹੀ ਸਥਿਤੀ ਵਿੱਚ ਇਹ ਪਾਣੀ ਪੀਣ ਯੋਗ ਨਹੀਂ ਮੰਨਿਆ ਜਾਂਦਾ।

ਹਾਲ ਹੀ ਵਿੱਚ ਕੇਂਦਰੀ ਜਲ ਸ਼ਕਤੀ ਰਾਜ ਮੰਤਰੀ ਨੇ ਲੋਕ ਸਭਾ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਪੰਜਾਬ ਦਾ ਧਰਤੀ ਹੇਠਲਾ ਪਾਣੀ ਹੁਣ ਪੀਣ ਯੋਗ ਨਹੀਂ ਰਿਹਾ। ਮੰਤਰੀ ਨੇ ਕਿਹਾ ਕਿ ਧਰਤੀ ਹੇਠਲੇ ਪਾਣੀ ਦੇ ਨਮੂਨਿਆਂ ਵਿੱਚ ਨਾਈਟਰੇਟ, ਆਇਰਨ, ਆਰਸੈਨਿਕ, ਸੇਲੇਨੀਅਮ, ਕ੍ਰੋਮੀਅਮ, ਮੈਂਗਨੀਜ਼, ਨਿਕਲ, ਕੈਡਮੀਅਮ, ਸੀਸਾ ਅਤੇ ਯੂਰੇਨੀਅਮ ਵਰਗੇ ਖਤਰਨਾਕ ਤੱਤ ਪਾਏ ਗਏ ਹਨ। ਪਿਛਲੇ ਸਾਲ ਹਿਮਾਚਲ ਪ੍ਰਦੇਸ਼ ਵਿੱਚ ਆਈ.ਆਈ.ਟੀ. ਮੰਡੀ ਵੱਲੋਂ ਕੀਤੀ ਗਈ ਇੱਕ ਖ਼ੋਜ ਵਿੱਚ ਚਿਤਾਵਨੀ ਦਿੱਤੀ ਗਈ ਸੀ ਕਿ ਪੰਜਾਬ ਦੇ 94 ਫ਼ੀਸਦੀ ਲੋਕਾਂ ਵੱਲੋਂ ਵਰਤਿਆ ਜਾ ਰਿਹਾ ਧਰਤੀ ਹੇਠਲਾ ਪਾਣੀ ਦੂਸ਼ਿਤ ਹੈ। ਇਹ ਕਈ ਬਿਮਾਰੀਆਂ ਦਾ ਕਾਰਨ ਬਣ ਰਿਹਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਅਧਿਐਨ ਵੀ ਧਰਤੀ ਹੇਠਲੇ ਪਾਣੀ ਦੇ ਖਰਾਬ ਹੋਣ ਬਾਰੇ ਜਾਣਕਾਰੀ ਦਿੰਦੇ ਹਨ। ਇਸ ਤੋਂ ਪਹਿਲਾਂ 2020 ਵਿੱਚ, ਕੇਂਦਰੀ ਜ਼ਮੀਨੀ ਜਲ ਬੋਰਡ ਦੁਆਰਾ ਪੰਜਾਬ ਵਿੱਚ ਬਲਾਕ-ਵਾਰ ਭੂਮੀਗਤ ਜਲ ਸਰੋਤ ਮੁਲਾਂਕਣ ਵਿੱਚ, ਇਹ ਪਾਇਆ ਗਿਆ ਸੀ ਕਿ ਪੰਜਾਬ ਦੇ ਜ਼ਿਆਦਾਤਰ ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਦਾ ਵੱਧ ਤੋਂ ਵੱਧ ਸ਼ੋਸ਼ਣ ਕੀਤਾ ਜਾ ਰਿਹਾ ਹੈ। ਕੁਝ ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਗੰਭੀਰ ਮੰਨਿਆ ਜਾ ਰਿਹਾ ਹੈ। ਧਰਤੀ ਹੇਠਲੇ ਪਾਣੀ ਵਿੱਚ ਕੈਲਸ਼ੀਅਮ, ਮੈਗਨੀਸ਼ੀਅਮ, ਨਾਈਟ੍ਰੇਟ ਅਤੇ ਫਲੋਰਾਈਡ ਦੀ ਮਾਤਰਾ ਵਧ ਗਈ ਹੈ। ਇਸ ਤਰ੍ਹਾਂ ਪੰਜਾਬ ਦਾ ਪੀਣ ਵਾਲਾ ਸ਼ੁੱਧ ਪਾਣੀ ਹੀ ਦੂਸ਼ਿਤ ਹੋ ਗਿਆ ਹੈ।



ਜੇ ਹੁਣ ਪੰਜਾਬ ਦੀ ਹਵਾ ਦੀ ਗੱਲ ਕੀਤੀ ਜਾਵੇ ਤਾਂ ਅੱਜ ਪੰਜਾਬ ਦੀ ਸ਼ੁੱਧ ਹਵਾ ਵੀ ਦੂਸ਼ਿਤ ਹੋ ਚੁੱਕੀ ਹੈ। ਪੰਜਾਬ ਦੇਸ਼ ਭਰ 'ਚ ਖੇਤੀਬਾੜੀ ਤੇ ਉਦਯੋਗਿਕ ਵਿਕਾਸ 'ਚ ਆਪਣੀ ਅਹਿਮ ਭੂਮਿਕਾ ਨਿਭਾਅ ਰਿਹਾ ਹੈ ਪਰ ਇੱਥੋਂ ਦੇ ਵਸਨੀਕਾਂ ਨੂੰ ਇਸ ਦੀ ਵੱਡੀ ਕੀਮਤ ਤਾਰਨੀ ਪੈ ਰਹੀ ਹੈ ਕਿਉਂਕਿ ਪਿਛਲੇ ਕਈ ਸਾਲਾਂ ਤੋਂ ਇਸ ਦੀ ਹਵਾ ਦੀ ਗੁਣਵੱਤਾ 'ਚ ਗੰਭੀਰ ਗਿਰਾਵਟ ਆਈ ਹੈ। ਅਗਲੇ ਮਹੀਨੇ ਤੋਂ ਖ਼ਰਾਬ ਹਵਾ ਦਾ ਸ਼ੁਰੂ ਹੋਣ ਵਾਲਾ ਦੌਰ ਫਿਰ ਚਿੰਤਾਵਾਂ ਵਧਾਉਣ ਵਾਲਾ ਹੈ। ਹਰ ਸਾਲ ਸਤੰਬਰ ਮਹੀਨੇ ਤੋਂ ਸਮੁੱਚੇ ਉੱਤਰੀ ਭਾਰਤ ਦੀ ਹਵਾ ਜ਼ਹਿਰੀਲੀ ਹੋ ਜਾਂਦੀ ਹੈ। ਲੋਕਾਂ ਲਈ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ। ਇਹ ਦੌਰ ਅਗਲੇ ਸਾਲ ਜਨਵਰੀ-ਫਰਵਰੀ ਤੱਕ ਚੱਲਦਾ ਹੈ। ਇਸ ਦੌਰਾਨ ਹਵਾ ਦੀ ਗੁਣਵੱਤਾ 'ਚ ਸੁਧਾਰ ਦੇ ਸਾਰੇ ਦਾਅਵੇ ਦਮ ਤੋੜ ਜਾਂਦੇ ਹਨ। ਹਵਾ ਪ੍ਰਦੂਸ਼ਣ ਦਾ ਮੁੱਖ ਕਾਰਨ ਫੈਕਟਰੀਆਂ ਦੀਆਂ ਚਿਮਨੀਆਂ ਤੋਂ ਨਿਕਲਣ ਵਾਲਾ ਧੂੰਆਂ, ਵਾਹਨਾਂ 'ਚੋਂ ਧੂੰਏਂ ਦਾ ਨਿਕਾਸ, ਢੋਆ-ਢੁਆਈ ਵਾਲੀਆਂ ਥਾਂਵਾਂ ਤੋਂ ਧੂੜ-ਮਿੱਟੀ ਦਾ ਉੱਡਣਾ ਆਦਿ ਹੈ। ਚਿਮਨੀਆਂ ਵਿੱਚੋਂ ਨਿਕਲਣ ਵਾਲੀਆਂ ਜ਼ਹਿਰੀਲੀਆਂ ਗੈਸਾਂ ਕਈ ਤਰ੍ਹਾਂ ਦੇ ਰੋਗਾਂ ਨੂੰ ਜਨਮ ਦਿੰਦੀਆਂ ਹਨ। ਕਈ ਲੋਕਾਂ ਵੱਲੋਂ ਘਰਾਂ ਦਾ ਕੂੜਾ-ਕਰਕਟ ਖੁੱਲ੍ਹੇ 'ਚ ਸਾੜ ਦਿੱਤਾ ਜਾਂਦਾ ਹੈ। ਕੁਝ ਲੋਕ ਪਤਝੜ ਵੇਲੇ ਸੁੱਕੇ ਪੱਤਿਆਂ ਨੂੰ ਅੱਗ ਲਗਾ ਦਿੰਦੇ ਹਨ। ਹਰ ਸਾਲ ਹੀ ਕਣਕ ਅਤੇ ਝੋਨੇ ਦੇ ਸੀਜ਼ਨ ਵੇਲੇ ਕਣਕ ਦੇ ਨਾੜ ਅਤੇ ਝੋਨੇ ਦੀ ਪਰਾਲੀ ਅਤੇ ਹੋਰ ਖੇਤੀ ਰਹਿੰਦ ਖੂੰਹਦ ਨੂੰ ਖੇਤਾਂ ਵਿੱਚ ਹੀ ਅੱਗ ਲਗਾ ਦਿੱਤੀ ਜਾਂਦੀ ਹੈ ਤਾਂ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਜਾਂਦੀ ਹੈ। ਹਵਾ ਪ੍ਰਦੂਸ਼ਣ ਮਨੁੱਖਾਂ ਦੇ ਨਾਲ ਨਾਲ ਜਾਨਵਰਾਂ ਤੇ ਫ਼ਸਲਾਂ ਨੂੰ ਵੀ ਕਾਫ਼ੀ ਨੁਕਸਾਨ ਕਰਦਾ ਹੈ। ਇਸ ਕਾਰਨ ਫੇਫੜਿਆਂ ਦਾ ਕੈਂਸਰ, ਦਮਾ, ਖਾਂਸੀ, ਸਾਹ ਲੈਣ ਵਿੱਚ ਮੁਸ਼ਕਿਲ ਤੇ ਚਮੜੀ ਰੋਗ ਹੋ ਜਾਂਦੇ ਹਨ। ਅੱਜ-ਕੱਲ੍ਹ ਇਹ ਸਮੱਸਿਆ ਬਹੁਤ ਹੀ ਗੰਭੀਰ ਹੋ ਰਹੀ ਹੈ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਮੁਤਾਬਕ 10 ਵਿੱਚੋਂ 8 ਲੋਕ ਪ੍ਰਦੂਸ਼ਣ ਵਾਲੀ ਹਵਾ ਵਿੱਚ ਸਾਹ ਲੈਂਦੇ ਹਨ। ਲੋਕ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਅਕਸਰ ਜਦੋਂ ਤਿਉਹਾਰਾਂ ਦਾ ਸੀਜ਼ਨ ਹੁੰਦਾ ਹੈ ਤਾਂ ਹਵਾ ਬਹੁਤ ਜ਼ਿਆਦਾ ਜ਼ਹਿਰੀਲੀ ਹੋ ਜਾਂਦੀ ਹੈ। ਇਸ ਦਾ ਕਾਰਨ ਦਿਵਾਲੀ ਅਤੇ ਹੋਰ ਤਿਉਹਾਰਾਂ ਮੌਕੇ ਲੋਕਾਂ ਵੱਲੋਂ ਪਟਾਕੇ ਚਲਾਉਣਾ ਹੈ। ਇਸ ਤੋਂ ਇਲਾਵਾ ਹਲਵਾਈਆਂ ਦੀਆਂ ਭੱਠੀਆਂ ਤੋਂ ਬਹੁਤ ਧੂੰਆਂ ਨਿਕਲਦਾ ਹੈ, ਜੋ ਕਿ ਹਵਾ ਨੂੰ ਪ੍ਰਦੂਸ਼ਿਤ ਕਰਦਾ ਹੈ। ਇਸ ਤੋਂ ਇਲਾਵਾ ਛੱਲੀਆਂ ਭੁੰਨ ਕੇ ਵੇਚਣ ਵਾਲੀਆਂ ਰੇਹੜੀਆਂ ਅਤੇ ਸ਼ਕਰਕੰਦੀ ਭੁੰਨ ਕੇ ਵੇਚਣ ਵਾਲੀਆਂ ਰੇਹੜੀਆਂ ਤੋਂ ਵੀ ਸਾਰਾ ਦਿਨ ਲਗਾਤਾਰ ਧੂੰਆਂ ਨਿਕਲਦਾ ਰਹਿੰਦਾ ਹੈ। ਇਸ ਤੋਂ ਇਲਾਵਾ ਮੂੰਗਫਲੀ ਵੇਚਣ ਵਾਲੀਆਂ ਰੇਹੜੀਆਂ ਤੋਂ ਵੀ ਸਾਰਾ ਦਿਨ ਧੂੰਆਂ ਨਿਕਲਦਾ ਰਹਿੰਦਾ ਹੈ, ਜੋ ਕਿ ਸਾਫ ਹਵਾ ਨੂੰ ਦੂਸ਼ਿਤ ਕਰ ਦਿੰਦਾ ਹੈ।





ਪੰਜਾਬ 'ਚ ਹਵਾ ਪ੍ਰਦੂਸ਼ਣ ਵੱਖ-ਵੱਖ ਮੌਸਮੀ ਚੱਕਰਾਂ, ਖੇਤੀਬਾੜੀ, ਵਾਹਨਾਂ ਤੇ ਸਨਅਤੀ ਸਰਗਰਮੀਆਂ ਅਨੁਸਾਰ ਵਧਦਾ ਜਾਂ ਘਟਦਾ ਰਹਿੰਦਾ ਹੈ ਤੇ ਹਰ ਮਹੀਨੇ ਹਵਾ ਦੀ ਗੁਣਵੱਤਾ 'ਤੇ ਵੱਖਰਾ ਪ੍ਰਭਾਵ ਪਾਉਂਦਾ ਹੈ। ਪੰਜਾਬ ਵਿੱਚ ਹਵਾ ਪ੍ਰਦੂਸ਼ਣ ਅਤੇ ਜਲ ਪ੍ਰਦੂਸ਼ਣ ਦਾ ਪੱਧਰ ਅਕਸਰ ਘਟਦਾ ਵਧਦਾ ਰਹਿੰਦਾ ਹੈ, ਪਰ ਪੰਜਾਬੀਆਂ ਨੂੰ ਹੁਣ ਸਾਹ ਲੈਣ ਲਈ ਸ਼ੁੱਧ ਹਵਾ ਬਹੁਤ ਘੱਟ ਮਿਲ ਰਹੀ ਹੈ। ਪੰਜਾਬ ਦੇ ਪੀਣ ਵਾਲੇ ਪਾਣੀ ਅਤੇ ਧਰਤੀ ਹੇਠਲੇ ਪਾਣੀ ਦੇ ਦੂਸ਼ਿਤ ਹੋਣ ਅਤੇ ਪੰਜਾਬ ਦੀ ਹਵਾ ਵਿੱਚ ਫੈਲੇ ਪ੍ਰਦੂਸ਼ਣ ਸਬੰਧੀ ਆਈਆਂ ਰਿਪੋਰਟਾਂ ਪੰਜਾਬ ਦੀ ਮੌਜੂਦਾ ਸਥਿਤੀ ਨੂੰ ਪੇਸ਼ ਕਰਦੀਆਂ ਹਨ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਦੀ ਧਰਤੀ ਹੇਠਲੇ ਪਾਣੀ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ਲਈ ਉਚਿਤ ਉਪਰਾਲੇ ਕਰੇ ਅਤੇ ਪੰਜਾਬ ਦੀ ਆਬੋ ਹਵਾ ਨੂੰ ਸ਼ੁੱਧ ਰੱਖਣ ਲਈ ਉਪਰਾਲੇ ਕੀਤੇ ਜਾਣ। ਇਸ ਦੇ ਨਾਲ ਹੀ ਪੰਜਾਬੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਪੰਜਾਬ ਦੇ ਪੌਣ ਪਾਣੀਆਂ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ਲਈ ਆਪਣਾ ਯੋਗਦਾਨ ਪਾਉਣ।







# ਨਹੀਂ ਰੁਕ ਰਿਹਾ ਔਰਤਾਂ ’ਤੇ ਅੱਤਿਆਚਾਰ





ਉਜਾਗਰ ਸਿੰਘ
(ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ)

ਇਹ ਬੜੀ ਹੈਰਾਨੀ ਵਾਲੀ ਅਤੇ ਚਿੰਤਾਜਨਕ ਗੱਲ ਹੈ ਕਿ ਭਾਰਤੀ ਹੁਕਮਰਾਨ ਦੇਸ਼ ਵਿੱਚ ਧੀਆਂ-ਭੈਣਾਂ ਦੇ ਹੋ ਰਹੇ ਜਬਰ-ਜਨਾਹਾਂ ਤੇ ਕਤਲਾਂ ਨੂੰ ਸੰਜੀਦਗੀ ਨਾਲ ਰੋਕਣ ਦੀ ਕੋਸ਼ਿਸ਼ ਨਹੀਂ ਕਰ ਰਹੇ। ਹਰ ਮਨੁੱਖ ਭਾਵੇਂ ਉਹ ਬਲਾਤਕਾਰੀ ਕਿਉਂ ਨਾ ਹੋਵੇ, ਉਹ ਇਸਤਰੀ ਦੀ ਕੁੱਖੋਂ ਹੀ ਪੈਦਾ ਹੁੰਦਾ ਹੈ। ਫਿਰ ਉਨ੍ਹਾਂ ਬਲਾਤਕਾਰੀਆਂ ਨੂੰ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੰਦਿਆਂ ਆਪਣੀਆਂ ਮਾਵਾਂ-ਭੈਣਾਂ ਦੀ ਸ਼ਕਲ ਕਿਉਂ ਨਹੀਂ ਸਾਹਮਣੇ ਆਉਂਦੀ? ਮਾਵਾਂ ਅਤੇ ਡਾਕਟਰ, ਦੋਹਾਂ ਨੂੰ ਰੱਬ ਦਾ ਰੂਪ ਕਿਹਾ ਜਾਂਦਾ ਹੈ।

ਬਲਾਤਕਾਰੀ ਤਾਂ ਮਾਵਾਂ ਅਤੇ ਰੱਬ ਨੂੰ ਵੀ ਮਾਫ਼ ਨਹੀਂ ਕਰਦੇ। ਭਾਰਤ ਦੇ ਹੁਕਮਰਾਨ ਅਤੇ ਪ੍ਰਬੰਧਕੀ ਅਧਿਕਾਰੀ/ਕਰਮਚਾਰੀ ਪਤਾ ਨਹੀਂ ਆਪਣੇ ਫ਼ਰਜ਼ਾਂ ਵਿੱਚ ਕੁਤਾਹੀ ਕਿਉਂ ਕਰਦੇ ਹਨ? ਉਨ੍ਹਾਂ ਦੀਆਂ ਅਣਗਹਿਲੀਆਂ ਕਾਰਨ ਹੀ ਅਪਰਾਧੀਆਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਭਾਰਤ ਵਿੱਚ ਬਲਾਤਕਾਰਾਂ ਅਤੇ ਕਤਲਾਂ ਦੇ ਮਾਮਲਿਆਂ ਵਿੱਚ ਲਗਾਤਾਰ ਹੋ ਰਿਹਾ ਵਾਧਾ ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਵਿੱਚ ਅੱਤ ਦਾ ਨਿੰਦਣਯੋਗ ਤੇ ਸ਼ਰਮਨਾਕ ਵਰਤਾਰਾ ਹੈ। ਕੋਲਕਾਤਾ ਦੇ ਆਰ ਜੀ ਕਰ ਮੈਡੀਕਲ ਕਾਲਜ ਦੀ ਸਿਖਿਆਰਥੀ ਡਾਕਟਰ ਦੀ ਡਿਊਟੀ ਸਮੇਂ ਆਪਣੇ ਹੀ ਕਾਲਜ ਵਿੱਚ ਬਲਾਤਕਾਰ ਤੋਂ ਬਾਅਦ ਹੱਤਿਆ ਕਰਨ ਦੀ ਘਟਨਾ ਨੇ ਸਮੁੱਚੇ ਦੇਸ਼ ਵਿੱਚ ਸਨਸਨੀ ਫੈਲਾ ਦਿੱਤੀ ਹੈ ਤੇ ਭਾਰਤੀਆਂ ਵਿੱਚ ਰੋਸ ਦੀ ਲਹਿਰ ਪੈਦਾ ਹੋ ਗਈ ਹੈ। ਜੇਕਰ ਡਾਕਟਰਾਂ, ਜਿਨ੍ਹਾਂ ਨੇ ਮਰੀਜ਼ਾਂ ਦਾ ਇਲਾਜ ਕਰ ਕੇ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਦੇਣੀ ਹੈ, ਉਨ੍ਹਾਂ ਨਾਲ ਹੀ ਅਜਿਹੀਆਂ ਦਰਦਨਾਕ ਘਟਨਾਵਾਂ ਹੋ ਰਹੀਆਂ ਹਨ ਤਾਂ ਭਾਰਤ ਦੀ ਕੋਈ ਵੀ ਲੜਕੀ ਸੁਰੱਖਿਅਤ ਨਹੀਂ ਹੋ ਸਕਦੀ। ਜਿਹੜੀਆਂ ਖ਼ਬਰਾਂ ਆ ਰਹੀਆਂ ਹਨ, ਉਨ੍ਹਾਂ ਨੂੰ ਸੁਣ ਕੇ ਦਹਿਸ਼ਤ ਪੈਦਾ ਹੋ ਰਹੀ ਹੈ ਕਿ ਜਿਨ੍ਹਾਂ ਉੱਪਰ ਉਨ੍ਹਾਂ ਲੜਕੀਆਂ ਦੀ ਸੁਰੱਖਿਆ ਕਰਨ ਦੀ ਜ਼ਿੰਮੇਵਾਰੀ ਸੀ, ਉਨ੍ਹਾਂ ’ਤੇ ਹੀ ਅਜਿਹੀਆਂ ਘਿਨੌਣੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਦੇ ਦੋਸ਼ ਲੱਗ ਰਹੇ ਹਨ। ਜੇ ਇਨ੍ਹਾਂ ਸੰਸਥਾਵਾਂ ਵਿੱਚ ਕੰਮ ਕਰਨ ਵਾਲੀਆਂ ਮਹਿਲਾ ਡਾਕਟਰ ਹੀ ਸੁਰੱਖਿਅਤ ਨਹੀਂ ਹੋਣਗੀਆਂ ਤਾਂ ਫਿਰ ਜਨਤਕ ਥਾਵਾਂ’ਤੇ ਵਿਚਰਨ ਵਾਲੀਆਂ ਲੜਕੀਆਂ ਦਾ ਕੀ ਬਣੇਗਾ? ਇੱਕ ਪਾਸੇ ਇਹ ਕਿਹਾ ਜਾ ਰਿਹਾ ਹੈ ਕਿ ਭਾਰਤ ਸੰਸਾਰ ਦੀ ਵੱਡੀ ਤਾਕਤ ਬਣ ਗਿਆ ਹੈ, ਦੂਜੇ ਪਾਸੇ ਮਹਿਲਾਵਾਂ ਨਾਲ ਬਲਾਤਕਾਰਾਂ ਵਿੱਚ ਵਾਧਾ ਹੋ ਰਿਹਾ ਹੈ। ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੇਤਾ ਪੀੜਤ ਲੜਕੀ ਦੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਦੇ ਨਾਂ ’ਤੇ ਸਿਆਸਤ ਕਰ ਰਹੇ ਹਨ। ਇਹ ਇਕ-ਦੂਜੇ ’ਤੇ ਦੋਸ਼ ਲਗਾਉਣ ਦਾ ਸਮਾਂ ਨਹੀਂ ਸਗੋਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਇੱਕਮੁੱਠ ਹੋ ਕੇ ਅਜਿਹੀਆਂ ਘਟਨਾਵਾਂ ਦਾ ਸਾਰਥਕ ਹੱਲ ਲੱਭਣਾ ਚਾਹੀਦਾ ਹੈ। ਅਜਿਹੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਦੇ ਉਪਰਾਲਿਆਂ ਵਿੱਚ ਹੁਕਮਰਾਨਾਂ, ਅਧਿਕਾਰੀਆਂ, ਜੁਡੀਸ਼ਰੀ ਅਤੇ ਮੀਡੀਆ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਭਾਰਤ ਵਿਚ ਕਾਨੂੰਨ ਭਾਵੇਂ ਸਖ਼ਤ ਹਨ ਪ੍ਰੰਤੂ ਊਣਤਾਈਆਂ ਉਨ੍ਹਾਂ ਵਿੱਚ ਵੀ ਬਹੁਤ ਹਨ। ਨਿਆਂਪਾਲਿਕਾ ਵਾਰਦਾਤ ਸਮੇਂ ਮੌਕੇ ਦੇ ਗਵਾਹਾਂ ਦੀ ਗਵਾਹੀ ਤੋਂ ਬਿਨਾਂ ਸਜ਼ਾ ਨਹੀਂ ਦਿੰਦੀ ਜਦਕਿ ਅਜਿਹੇ ਕੇਸਾਂ ਵਿੱਚ ਮੌਕੇ ਦੇ ਗਵਾਹ ਨਹੀਂ ਹੁੰਦੇ। ਕਾਨੂੰਨਾਂ ਨੂੰ ਲਾਗੂ ਕਰਨ ਦੇ ਰਾਹ ਵਿੱਚ ਸਿਆਸਤਦਾਨ ਤੇ ਅਧਿਕਾਰੀ ਹੀ ਰੋੜਾ ਬਣਦੇ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਉਹੀ ਸਿਆਸਤਦਾਨ ਤੇ ਅਧਿਕਾਰੀ ਦੋਸ਼ੀਆਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਵਿੱਚ ਸ਼ਾਮਲ ਹੁੰਦੇ ਹਨ ਜਿਨ੍ਹਾਂ ਨੂੰ ਪਰਜਾ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਮਿਲੀ ਹੁੰਦੀ ਹੈ। ਇਸ ਤੋਂ ਵੀ ਸ਼ਰਮਨਾਕ ਗੱਲ ਇਹ ਹੈ ਕਿ ਬਲਾਤਕਾਰੀਆਂ ਅਤੇ ਕਾਤਲਾਂ ਨੂੰ ਬਚਾਉਣ ਲਈ ਚੋਟੀ ਦੇ ਵਕੀਲ ਅੱਗੇ ਆ ਜਾਂਦੇ ਹਨ। ਦਰਿੰਦਿਆਂ ਨੂੰ ਬਚਾਉਣ ਵਾਲੇ ਭਾਵੇਂ ਉਹ ਸਿਆਸਤਦਾਨ ਹੋਣ ਜਾਂ ਕੋਈ ਹੋਰ ਹੋਵੇ, ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਅਜਿਹੀ ਘਟਨਾ ਉਨ੍ਹਾਂ ਦੀਆਂ ਧੀਆਂ-ਭੈਣਾਂ ਨਾਲ ਵੀ ਵਾਪਰ ਸਕਦੀ ਹੈ। ਏਡੀਆਰ ਦੀ ਰਿਪੋਰਟ ਅਨੁਸਾਰ ਭਾਰਤ ਦੇ ਲੋਕਤੰਤਰ ਦੇ ਥੰਮ੍ਹ ਵਜੋਂ ਗਿਣੀ ਜਾਂਦੀ ਸੰਸਦ ਅਤੇ ਵਿਧਾਨ ਸਭਾਵਾਂ ਦੇ 151 ਮੈਂਬਰਾਂ ’ਤੇ ਇਸਤਰੀਆਂ ਵਿਰੁੱਧ ਅਪਰਾਧਾਂ ਦੇ ਮਾਮਲਿਆਂ ਵਿਚ ਕੇਸ ਦਰਜ ਸਨ। ਇਨ੍ਹਾਂ ਵਿੱਚ 16 ਸੰਸਦ ਮੈਂਬਰ ਤੇ ਵੱਖ-ਵੱਖ ਪਾਰਟੀਆਂ ਦੇ 135 ਵਿਧਾਇਕ ਹਨ। ਸੌਲਾਂ ਵਿਰੁੱਧ ਤਾਂ ਜਬਰ-ਜਨਾਹ ਦੇ ਕੇਸ ਦਰਜ ਹਨ ਜਿਨ੍ਹਾਂ ਵਿੱਚ 2 ਸੰਸਦ ਮੈਂਬਰ ਤੇ 14 ਵਿਧਾਇਕ ਸ਼ਾਮਲ ਹਨ। ਪੱਛਮੀ ਬੰਗਾਲ ਦੇ 25 ਸੰਸਦ ਮੈਂਬਰਾਂ ਤੇ ਵਿਧਾਇਕਾਂ ਵਿਰੁੱਧ ਕੇਸ ਦਰਜ ਹਨ। ਇਕ ਸੌ ਇਕਵੰਜਾ ਵਿੱਚੋਂ ਭਾਜਪਾ ਦੇ 54, ਕਾਂਗਰਸ ਦੇ 23 ਤੇ ਤੇਲਗੂ ਦੇਸਮ ਪਾਰਟੀ 17 ਮੈਂਬਰ ਹਨ।




ਜਨਤਾ ਵੀ ਅਜਿਹੇ ਜੁਰਮਾਂ ਵਿੱਚ ਸ਼ੁਮਾਰ ਸਿਆਸਤਦਾਨਾਂ ਨੂੰ ਵੋਟਾਂ ਪਾ ਕੇ ਜਿਤਾਉਂਦੀ ਹੈ। ਭਾਰਤ ਦੇ ਲੋਕਾਂ ਨੇ ਜੇਕਰ ਆਪਣੀਆਂ ਧੀਆਂ-ਭੈਣਾਂ ਦੀ ਇੱਜ਼ਤ ਬਚਾਉਣੀ ਹੈ ਤਾਂ ਉਨ੍ਹਾਂ ਨੂੰ ਜਾਗਰਿਤ ਹੋ ਕੇ ਸਾਫ਼-ਸੁਥਰੇ ਅਕਸ ਵਾਲੇ ਉਮੀਦਵਾਰਾਂ ਨੂੰ ਵੋਟਾਂ ਪਾਉਣੀਆਂ ਚਾਹੀਦੀਆਂ ਹਨ। ਪੈਸੇ ਤੇ ਮੁਫ਼ਤਖੋਰੀਆਂ ਦੇ ਲਾਲਚ ਵਿੱਚ ਆ ਕੇ ਵੋਟਾਂ ਨਹੀਂ ਪਾਉਣੀਆਂ ਚਾਹੀਦੀਆਂ। ਸਿਆਸੀ ਪਾਰਟੀਆਂ ਨੂੰ ਵੀ ਟਿਕਟਾਂ ਦੇਣ ਸਮੇਂ ਅਪਰਾਧਕ ਮਾਮਲਿਆਂ ਵਿੱਚ ਫਸੇ ਉਮੀਦਵਾਰਾਂ ਨੂੰ ਟਿਕਟ ਦੇਣ ਤੋਂ ਕੋਰੀ ਨਾਂਹ ਕਰ ਦੇਣੀ ਚਾਹੀਦੀ ਹੈ। ਹੁਣ ਲੋਕਾਂ ਦੇ ਚੇਤੰਨ ਹੋਣ ਦਾ ਸਮਾਂ ਆ ਗਿਆ ਹੈ। ਕੋਲਕਾਤਾ ਮੈਡੀਕਲ ਕਾਲਜ ਵਿੱਚ ਟਰੇਨੀ ਮਹਿਲਾ ਡਾਕਟਰ ਨਾਲ ਹੀ ਵਹਿਸ਼ੀ ਘਟਨਾ ਤੋਂ ਬਾਅਦ ਸਮੁੱਚੇ ਦੇਸ਼ ਵਿੱਚ ਡਾਕਟਰ ਹੜਤਾਲ ’ਤੇ ਸਨ ਜਿਸ ਕਾਰਨ ਲੋਕਾਂ ਨੂੰ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਲਈ ਸੁਪਰੀਮ ਕੋਰਟ ਨੇ ਡਾਕਟਰਾਂ ਨੂੰ ਹੜਤਾਲ ਖ਼ਤਮ ਕਰਨ ਦੀ ਅਪੀਲ ਕੀਤੀ ਜੋ ਜ਼ਿਆਦਾਤਰ ਡਾਕਟਰਾਂ ਨੇ ਮੰਨ ਲਈ ਤੇ ਕੰਮ ’ਤੇ ਪਰਤ ਆਏ। ਪੀੜਤਾ ਨੂੰ ਇਨਸਾਫ਼ ਦਿਵਾਉਣ ਲਈ ਲੋਕਾਂ ਵੱਲੋਂ ਕੈਂਡਲ ਮਾਰਚ ਕੱਢੇ ਜਾ ਰਹੇ ਹਨ। ਕੁਝ ਦਿਨਾਂ ਬਾਅਦ ਕੈਂਡਲ ਮਾਰਚ ਵੀ ਬੰਦ ਹੋ ਜਾਣਗੇ ਪਰ ਬਲਾਤਕਾਰ ਦੀਆਂ ਘਟਨਾਵਾਂ ਬਾਦਸਤੂਰ ਹੁੰਦੀਆਂ ਰਹਿਣਗੀਆਂ, ਜਿੰਨੀ ਦੇਰ ਤੱਕ ਇਨ੍ਹਾਂ ਦੇ ਕੋਈ ਹੋਰ ਸਾਰਥਕ ਹੱਲ ਨਹੀਂ ਲੱਭੇ ਜਾਂਦੇ ਤੇ ਵਿਲੱਖਣ ਸਜ਼ਾ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ। ਅਜਿਹੇ ਕੇਸਾਂ ਵਿੱਚ ਪੁਲਿਸ/ਸਿਵਲ ਕਰਮਚਾਰੀਆਂ/ਅਧਿਕਾਰੀਆਂ ਦੇ ਕਿਰਦਾਰ ਵੀ ਉਦੋਂ ਸ਼ੱਕੀ ਹੋ ਜਾਂਦੇ ਹਨ ਜਦੋਂ ਤੁਰੰਤ ਕੇਸ ਰਜਿਸਟਰ ਨਹੀਂ ਕੀਤੇ ਜਾਂਦੇ। ਪੁਲਿਸ ਦੀ ਕੋਸ਼ਿਸ਼ ਅਜਿਹੇ ਕੇਸਾਂ ਨੂੰ ਦਬਾਉਣ ਦੀ ਹੁੰਦੀ ਹੈ ਜਿਸ ਕਾਰਨ ਸਮੇਂ ਸਿਰ ਦੋਸ਼ੀ ਫੜੇ ਨਹੀਂ ਜਾਂਦੇ ਤੇ ਸਜ਼ਾ ਵੀ ਨਹੀਂ ਮਿਲਦੀ। ਸੁਪਰੀਮ ਕੋਰਟ ਨੇ 10 ਮੈਂਬਰੀ ਐੱਸਆਈਟੀ ਬਣਾਈ ਹੈ। ਉਹ ਡਾਕਟਰਾਂ ਦੀ ਹਿਫ਼ਾਜਤ ਬਾਰੇ ਯੋਜਨਾ ਬਣਾਏਗੀ ਪ੍ਰੰਤੂ ਅੱਜ-ਕੱਲ੍ਹ ਤਾਂ ਹਰ ਸੰਸਥਾ ਵਿੱਚ ਲੜਕੀਆਂ ਕੰਮ ਕਰਦੀਆਂ ਹਨ। ਉਨ੍ਹਾਂ ਦੀ ਸੁਰੱਖਿਆ ਬਾਰੇ ਕੌਣ ਸੋਚੇਗਾ? ਸਾਡੇ ਦੇਸ਼ ਵਿਚ ਘਟਨਾ ਤੋਂ ਬਾਅਦ ਥੋੜ੍ਹੇ ਦਿਨ ਚਰਚਾ ਹੁੰਦੀ ਹੈ, ਉਸ ਤੋਂ ਬਾਅਦ ਚੁੱਪ ਪਸਰ ਜਾਂਦੀ ਹੈ। ਸਾਡੇ ਲਈ ਇਹ ਸ਼ਰਮ ਵਾਲੀ ਗੱਲ ਹੈ ਕਿ ਸੰਸਾਰ ਵਿੱਚ ਸਭ ਤੋਂ ਵੱਧ ਬਲਾਤਕਾਰ ਹੋਣ ਵਾਲੇ ਦੇਸ਼ਾਂ ਵਿੱਚੋਂ ਭਾਰਤ ਦਾ ਚੌਥਾ ਨੰਬਰ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ ਭਾਰਤ ਵਿੱਚ ਜੁਰਮਾਂ ਦੇ ਜਿੰਨੇ ਕੇਸ ਹੁੰਦੇ ਹਨ, ਉਨ੍ਹਾਂ ’ਚ 95 ਫ਼ੀਸਦੀ ਬਲਾਤਕਾਰ ਦੇ ਹਨ। ਲਗਪਗ ਹਰ 15 ਮਿੰਟ ਬਾਅਦ ਇੱਕ ਬਲਾਤਕਾਰ ਹੁੰਦਾ ਹੈ। ਇਸ ਤੋਂ ਪਹਿਲਾਂ ਵੀ ਤਿੰਨ-ਚਾਰ ਬਲਾਤਕਾਰ ਦੇ ਕੇਸ ਬਹੁਤ ਚਰਚਿਤ ਰਹੇ ਹਨ। ਦਿੱਲੀ ਵਿਖੇ 16 ਦਸੰਬਰ 2012 ਨੂੰ ਚੱਲਦੀ ਬੱਸ ’ਚ ਇਕ ਲੜਕੀ ਨਾਲ ਦਰਿੰਦਿਆਂ ਵੱਲੋਂ ਖ਼ੂੰਖਾਰ ਢੰਗ ਨਾਲ ਬਲਾਤਕਾਰ ਕੀਤਾ ਗਿਆ ਜਿਸ ਕਰਕੇ ਲੜਕੀ ਗੰਭੀਰ ਜ਼ਖ਼ਮੀ ਹੋ ਗਈ ਸੀ। ਉਸ ਨੂੰ ਇਲਾਜ ਲਈ ਵਿਦੇਸ਼ ਵੀ ਭੇਜਿਆ ਗਿਆ ਸੀ ਪ੍ਰੰਤੂ ਉਸ ਦੀ 29 ਦਸੰਬਰ ਨੂੰ ਮੌਤ ਹੋ ਗਈ ਸੀ। ਦੋਸ਼ੀਆਂ ਨੂੰ ਮੌਤ ਦੀ ਸਜ਼ਾ ਵੀ ਹੋਈ ਪ੍ਰੰਤੂ ਬਲਾਤਕਾਰ ਹੋਣੇ ਬੰਦ ਨਹੀਂ ਹੋਏ। ਉਸ ਪਿੱਛੋਂ 10 ਜਨਵਰੀ 2018 ਨੂੰ ਜੰਮੂ-ਕਸ਼ਮੀਰ ਦੇ ਕਠੂਆ ਇਲਾਕੇ ਦੇ ਪਿੰਡ ਰਸਾਨਾ ਵਿਖੇ 8 ਸਾਲ ਦੀ ਲੜਕੀ ਨਾਲ ਸਮੂਹਿਕ ਬਲਾਤਕਾਰ ਤੋਂ ਬਾਅਦ ਉਸ ਦਾ ਕਤਲ ਕਰ ਦਿੱਤਾ ਗਿਆ ਸੀ।





ਇਸੇ ਤਰ੍ਹਾਂ 14 ਸਤੰਬਰ 2021 ਨੂੰ ਉੱਤਰ ਪ੍ਰਦੇਸ਼ ਦੇ ਹਾਥਰਸ ਜ਼ਿਲ੍ਹੇ ਦੇ ਪਿੰਡ ਭੂਲਗੁੜੀ ਵਿਖੇ ਇੱਕ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਹੋਇਆ ਤੇ ਉਹ ਲੜਕੀ 29 ਸਤੰਬਰ ਨੂੰ ਸਵਰਗ ਸਿਧਾਰ ਗਈ। ਪੁਲਿਸ ਨੇ ਲੜਕੀ ਦੇ ਮਾਪਿਆਂ ਨੂੰ ਲਾਸ਼ ਵਿਖਾਏ ਬਿਨਾਂ ਹੀ ਰਾਤ ਨੂੰ ਸਸਕਾਰ ਕਰ ਦਿੱਤਾ ਸੀ। ਅਜੇ ਤੱਕ ਇਸ ਕੇਸ ਵਿੱਚ ਇਨਸਾਫ਼ ਨਹੀਂ ਮਿਲਿਆ। ਰਾਜਸਥਾਨ ਦੇ ਜੈਪੁਰ ਸ਼ਹਿਰ ਵਿਖੇ 1992 ਵਿੱਚ 100 ਵਿਦਿਆਰਥਣਾਂ ਨੂੰ ਉਨ੍ਹਾਂ ਦੀਆਂ ਤਸਵੀਰਾਂ ਰਾਹੀਂ ਬਲੈਕਮੇਲ ਕਰ ਕੇ ਬਲਾਤਕਾਰ ਕੀਤੇ ਗਏ ਤੇ 32 ਸਾਲ ਬਾਅਦ ਇਨਸਾਫ਼ ਮਿਲਿਆ। ਲੋਕਾਂ ਨੂੰ ਸਿਆਸਤਦਾਨਾਂ ਤੇ ਅਧਿਕਾਰੀਆਂ ਨੂੰ ਦੋਸ਼ੀਆਂ ਨੂੰ ਤੁਰੰਤ ਫੜਨ ਤੇ ਸਖ਼ਤ ਸਜ਼ਾਵਾਂ ਦੇਣ ਲਈ ਮਜਬੂਰ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ। ਜੇ ਇਸੇ ਤਰ੍ਹਾਂ ਬਲਾਤਕਾਰ ਹੁੰਦੇ ਰਹੇ ਤਾਂ ਭਾਰਤ ਵਿੱਚ ਧੀਆਂ-ਭੈਣਾਂ ਦਾ ਰਹਿਣਾ ਅਸੰਭਵ ਹੋ ਜਾਵੇਗਾ। ਭਾਰਤ ’ਚ ਚੰਗਾ ਨਿਜ਼ਾਮ ਨਾ ਹੋਣ ਕਰ ਕੇ ਹੀ ਨੌਜਵਾਨ ਵਰਗ ਵਿਦੇਸ਼ ਵੱਲ ਵਹੀਰਾਂ ਘੱਤ ਰਿਹਾ ਹੈ।

# ਕਿਉਂ ਹੁੰਦੀਆਂ ਨੇ ਦਲਿਤ ਔਰਤਾਂ ਹਿੰਸਾ ਦਾ ਸ਼ਿਕਾਰ



## ਭਾਰਤ ਵਿੱਚ ਹਰ 16 ਮਿੰਟ ਬਾਅਦ ਹੁੰਦੀ ਹੈ ਜਿਣਸੀ ਹਿੰਸਾ

## ਦਲਿਤ ਔਰਤਾਂ 'ਤੇ ਹੋ ਰਹੇ ਜ਼ੁਲਮਾਂ 'ਤੇ ਚੁੱਪ ਕਿਉਂ ?

ਭਾਰਤ ਵਿੱਚ ਹਰੇਕ 16 ਮਿੰਟ ਬਾਅਦ ਇੱਕ ਔਰਤ ਨਾਲ ਜਬਰ ਜਨਾਹ ਹੋ ਰਿਹਾ ਹੈ। ਐਨ.ਸੀ.ਆਰ.ਬੀ. ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਔਰਤਾਂ ਦੀ ਸੁਰੱਖਿਆ ਦੀ ਸਥਿਤੀ ਬਹੁਤ ਚਿੰਤਾਜਨਕ ਹੈ। ਰਿਪੋਰਟ ਅਨੁਸਾਰ 2022 ਨੂੰ ਭਾਰਤ ਵਿੱਚ ਜਬਰ ਜਨਾਹ ਦੇ 31 ਹਜ਼ਾਰ ਤੋਂ ਵੱਧ ਕੇਸ ਦਰਜ ਕੀਤੇ ਗਏ ਸਨ। ਰਿਪੋਰਟ ਮੁਤਾਬਕ ਸਾਲ 2022 ਵਿੱਚ ਔਰਤਾਂ ਵਿਰੁੱਧ ਅਪਰਾਧ ਦੀਆਂ 4,45,256 ਘਟਨਾਵਾਂ ਹੋਈਆਂ, ਮਤਲਬ ਹਰ ਘੰਟੇ ਵਿੱਚ ਲਗਭਗ 51 ਐੱਫ.ਆਈ.ਆਰ ਦਰਜ ਕੀਤੀਆਂ ਗਈਆਂ। ਸਭ ਤੋਂ ਵੱਧ 2016 ਵਿੱਚ ਇੱਕ ਸਾਲ ਦੌਰਾਨ ਜਬਰ ਜਨਾਹ ਦੇ 39000 ਕੇਸ ਦਰਜ ਕੀਤੇ ਗਏ ਸਨ। ਨੈਸ਼ਨਲ ਕ੍ਰਾਈਮ ਬਿਊਰੋ ਦੀ ਰਿਪੋਰਟ ਮੁਤਾਬਿਕ ਸਾਲ 2020 ਤੱਕ ਜਬਰ ਜਨਾਹ ਦੇ ਮੁਲਜ਼ਮਾਂ ਵਿਚੋਂ ਕੇਵਲ 28 ਫ਼ੀਸਦੀ ਨੂੰ ਦੋਸ਼ੀ ਠਹਿਰਾਇਆ ਜਾਂਦਾ ਰਿਹਾ ਸੀ, ਪਰ 2023 ਵਿੱਚ ਇਹ ਔਸਤ 60 ਫ਼ੀਸਦੀ ਨੂੰ ਪਾਰ ਕਰ ਗਈ ਹੈ।

ਔਰਤਾਂ ਲਈ ਰਾਜਸਥਾਨ ਸਭ ਤੋਂ ਵੱਧ ਅਸੁਰੱਖਿਅਤ ਮੰਨਿਆ ਜਾ ਰਿਹਾ ਹੈ, ਜਿੱਥੇ ਜਬਰ ਜਨਾਹ ਦੇ ਹਰ ਰੋਜ਼ 90 ਕੇਸ ਸਾਹਮਣੇ ਆ ਰਹੇ ਹਨ। ਪਿਛਲੇ 10 ਸਾਲਾਂ ਦੌਰਾਨ ਰਾਜਸਥਾਨ ਵਿੱਚ ਜਬਰ ਜਨਾਹ ਦੇ ਕੇਸਾਂ ਵਿੱਚ 295 ਫੀਸਦੀ ਦਾ ਵਾਧਾ ਹੋਇਆ ਹੈ। ਭਾਰਤ ਦੇ ਜਿਨ੍ਹਾਂ ਦਸ ਰਾਜਾਂ ਵਿੱਚ ਜਬਰ ਜਨਾਹ ਦੇ ਸਭ ਤੋਂ ਵੱਧ ਮਾਮਲੇ ਦਰਜ ਹੋ ਰਹੇ ਹਨ, ਉਨ੍ਹਾਂ ਵਿਚੋਂ ਦੋ ਤਿਹਾਈ ਮਾਮਲੇ ਯੂ.ਪੀ., ਰਾਜਸਥਾਨ ਅਤੇ ਕੇਰਲ ਦੇ ਹਨ।

**ਕਲਕੱਤਾ ਦਾ ਤਾਜ਼ਾ ਮਾਮਲਾ**

ਹੁਣੇ ਜਿਹੇ ਕੋਲਕਾਤਾ ਦੇ ਆਰ.ਜੀ. ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਇੱਕ ਸਿਖਾਂਦਰੂ ਡਾਕਟਰ ਨਾਲ ਕਥਿਤ ਤੌਰ 'ਤੇ ਜਬਰ ਜਨਾਹ ਅਤੇ ਕਤਲ ਦੀ ਵਾਪਰੀ ਘਟਨਾ ਨੇ ਪੂਰੇ ਮੁਲਕ ਨੂੰ ਹਿਲਾ ਕੇ ਰੱਖ ਦਿੱਤਾ ਹੈ। ਭਾਰਤ ਭਰ ਦੇ ਰੈਜ਼ੀਡੈਂਟ ਡਾਕਟਰ ਸਿਹਤ ਸੇਵਾਵਾਂ ਠੱਪ ਕਰ ਕੇ ਹੜਤਾਲ 'ਤੇ ਚੱਲ ਰਹੇ ਹਨ ਅਤੇ ਮਰੀਜ਼ ਇਲਾਜ ਲਈ ਵਿਲਕ ਰਹੇ ਹਨ। ਪੱਛਮੀ ਬੰਗਾਲ ਦੀ ਪੁਲਿਸ ਤੋਂ ਕੇਸ ਦੀ ਜਾਂਚ ਲੈ ਕੇ ਸੀ.ਬੀ.ਆਈ. ਨੂੰ ਸੌਂਪ ਦਿੱਤੀ ਗਈ ਹੈ।

ਹੁਣ ਮੁਲਕ ਦੀ ਸਿਖਰਲੀ ਅਦਾਲਤ ਸੁਪਰੀਮ ਕੋਰਟ ਨੇ ਖ਼ੁਦ ਨੋਟਿਸ ਲਿਆ ਹੈ ਅਤੇ ਇਸ ਦੀ 20 ਅਗਸਤ ਨੂੰ ਹੋਈ ਸੁਣਵਾਈ ਵਿਚ ਜਿਥੇ ਸੁਪਰੀਮ ਕੋਰਟ ਨੇ ਪੱਛਮੀ ਬੰਗਾਲ ਦੀ ਸਰਕਾਰ ਦੀ ਢਿੱਲੀ ਕਾਰਵਾਈ ਲਈ ਉਸ ਦੀ ਆਲੋਚਨਾ ਕੀਤੀ ਹੈ, ਉਥੇ ਡਾਕਟਰੀ ਪੇਸ਼ੇ ਨਾਲ ਜੁੜੇ ਲੋਕਾਂ ਦੀ ਸੁਰੱਖਿਆ ਲਈ ਨੈਸ਼ਨਲ ਟਾਸਕ ਫੋਰਸ ਬਣਾਉਣ ਦਾ ਵੀ ਐਲਾਨ ਕੀਤਾ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਮਾਮਲੇ ਦੀ ਜਾਂਚ ਲਈ ਦਿੱਲੀ ਤੋਂ ਸੀ.ਬੀ.ਆਈ. ਦੀ 65 ਮੈਂਬਰੀ ਟੀਮ ਕੋਲਕਾਤਾ ਪਹੁੰਚ ਗਈ ਹੈ। ਸੀ.ਬੀ.ਆਈ. ਦੀ ਟੀਮ ਵਲੋਂ ਹਸਪਤਾਲ ਦੇ ਬੀਤੇ ਤਿੰਨ ਮਹੀਨਿਆਂ ਦੇ ਰੋਸਟਰ ਭਾਵ ਡਿਊਟੀ ਰਜਿਸਟਰ ਦੀ ਪੜਤਾਲ ਕੀਤੀ ਜਾ ਰਹੀ ਹੈ, ਇਸ ਤੋਂ ਇਹ ਪਤਾ ਲੱਗ ਸਕੇਗਾ ਕਿ ਤਿੰਨ ਮਹੀਨੇ ਦੌਰਾਨ ਕਿਨ੍ਹਾਂ-ਕਿਨ੍ਹਾਂ ਡਾਕਟਰਾਂ ਨਾਲ ਮ੍ਰਿਤਕਾ ਨੇ ਡਿਊਟੀ ਕੀਤੀ ਸੀ, ਉਸ ਤੋਂ ਬਾਅਦ ਹਰੇਕ ਡਾਕਟਰ ਤੋਂ ਪੁੱਛ ਪੜਤਾਲ ਕੀਤੀ ਜਾਵੇਗੀ। ਸੀ.ਬੀ.ਆਈ. ਦੇ ਸੂਤਰਾਂ ਦਾ ਕਹਿਣਾ ਹੈ ਕਿ ਹੁਣ ਤੱਕ ਦੀ ਜਾਂਚ ਤੋਂ ਕਈ ਸਵਾਲ ਖੜ੍ਹੇ ਹੋਏ ਹਨ। ਸਭ ਤੋਂ ਵੱਡਾ ਸਵਾਲ ਮ੍ਰਿਤਕਾਂ ਦਾ ਕਾਹਲੀ ਵਿਚ ਕੀਤਾ ਗਿਆ ਪੋਸਟਮਾਰਟਮ ਹੈ। ਸੀ.ਬੀ.ਆਈ. ਵਲੋਂ ਮੈਡੀਕਲ ਕਾਲਜ ਦੇ ਸਾਬਕਾ ਪ੍ਰਿੰਸੀਪਲ ਸੰਦੀਪ ਤੋਂ ਵੀ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਪੁੱਛ-ਗਿੱਛ ਕੀਤੀ ਜਾ ਰਹੀ ਹੈ। ਸਾਬਕਾ ਪ੍ਰਿੰਸੀਪਲ ਦੇ ਬਿਆਨਾਂ ਵਿੱਚ ਵੀ ਕਾਫੀ ਝੂਠ ਦਿਸਦਾ ਹੈ।

ਇਸੇ ਦੌਰਾਨ ਮ੍ਰਿਤਕਾ ਦੀ ਮਾਂ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੀ ਬੇਟੀ ਹਰ ਰੋਜ਼ ਡਾਇਰੀ ਲਿਖਦੀ ਸੀ ਪਰ ਇਸ ਡਾਇਰੀ ਵਿਚੋਂ ਕਈ ਸਾਰੇ ਪੰਨੇ ਫਟੇ ਹੋਏ ਮਿਲੇ ਹਨ। ਮੰਨਿਆ ਜਾ ਰਿਹਾ ਹੈ ਕਿ ਪੀੜਤਾਂ ਦੀ ਮੌਤ ਨਾਲ ਜੁੜੇ ਹੋਏ ਕਈ ਭੇਦ ਇਸ ਵਿੱਚ ਅੰਕਿਤ ਹੋ ਸਕਦੇ ਹਨ। ਮ੍ਰਿਤਕਾ ਦੀ ਮਾਂ ਦਾ ਦਾਅਵਾ ਹੈ ਕਿ ਸਬੂਤ ਮਿਟਾਉਣ ਦੇ ਮਕਸਦ ਨਾਲ ਹੀ ਡਾਇਰੀ ਦੇ ਪੰਨੇ ਗਾਇਬ ਕੀਤੇ ਗਏ ਹਨ। ਪੁਲਿਸ ਦੇ ਹੱਥ ਡਾਇਰੀ ਅਤੇ ਲੈਪਟਾਪ ਦੋਵੇਂ ਲੱਗ ਗਏ ਹਨ। ਇਸ ਤੋਂ ਜਾਂਚ ਦੇ ਅੱਗੇ ਵਧਣ ਦੀ ਸੰਭਾਵਨਾ ਬਣਦੀ ਹੈ।



ਸਰਕਾਰ ਉੱਤੇ ਦਬਾਅ ਬਣਾਉਣ ਲਈ ਅਤੇ ਹੱਤਿਆ ਕਾਂਡ 'ਤੇ ਰੋਸ ਪ੍ਰਗਟ ਕਰਦਿਆਂ 70 ਤੋਂ ਵੱਧ ਪਦਮ ਪੁਰਸਕਾਰ ਜੇਤੂ ਡਾਕਟਰਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਸਿਹਤ ਸੰਭਾਲ ਵਰਕਰਾਂ ਖ਼ਿਲਾਫ਼ ਹਿੰਸਾ ਨਾਲ ਨਜਿੱਠਣ ਲਈ ਵਿਸ਼ੇਸ਼ ਕਾਨੂੰਨ ਬਣਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਹੈ ਕਿ ਕੇਂਦਰ ਸਰਕਾਰ ਸਿਹਤ ਸੰਭਾਲ ਵਰਕਰਾਂ ਖ਼ਿਲਾਫ਼ ਹਿੰਸਾ ਵਿੱਚ ਸ਼ਾਮਿਲ ਲੋਕਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਯਕੀਨੀ ਬਣਾਉਣ ਲਈ ਫੌਰੀ ਆਰਡੀਨੈਂਸ ਲਿਆਵੇ।

ਦੁੱਖ ਦੀ ਗੱਲ ਇਹ ਕਿ ਇਕ ਪਾਸੇ ਮੁਲਕ ਕੋਲਕਾਤਾ ਕਾਂਡ ਨੂੰ ਲੈ ਕੇ ਵਿਲਕ ਰਿਹਾ ਹੈ ਦੂਜੇ ਪਾਸੇ ਔਰਤਾਂ ਨਾਲ ਜਬਰ ਜਨਾਹ ਦੀਆਂ ਵਾਰਦਾਤਾਂ ਰੁਕ ਨਹੀਂ ਰਹੀਆਂ।

**ਦਲਿਤ ਔਰਤਾਂ ਦੇ ਹੋਰ ਮਾੜੇ ਹਾਲਾਤ**

ਪੱਛਮੀ ਬੰਗਾਲ ਵਿੱਚ ਇੱਕ ਔਰਤ ਡਾਕਟਰ ਦੇ ਬਲਾਤਕਾਰ ਅਤੇ ਕਤਲ ਤੋਂ ਬਾਅਦ ਹੁਣ ਬਿਹਾਰ ਵਿੱਚ ਇੱਕ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ, ਜੋ ਕਿ ਬਹੁਤ ਹੀ ਹੈਰਾਨ ਕਰਨ ਵਾਲੀ ਘਟਨਾ ਹੈ। ਔਰਤਾਂ ਦੀ ਸੁਰੱਖਿਆ ਦੀ ਮੰਗ ਅਕਸਰ ਸੜਕਾਂ ਤੋਂ ਲੈ ਕੇ ਸੰਸਦ ਤੱਕ ਉਠਾਈ ਜਾਂਦੀ ਹੈ ਪਰ ਪਿਛਲੇ ਕੁਝ ਸਮੇਂ ਦੌਰਾਨ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਔਰਤਾਂ ਅਤੇ ਲੜਕੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਨੇ ਸਰਕਾਰ ਅਤੇ ਪ੍ਰਸ਼ਾਸਨ ਉਪਰ ਸਵਾਲ ਖੜ੍ਹੇ ਕਰ ਦਿੱਤੇ ਹਨ। ਖਾਸ ਕਰਕੇ ਦਲਿਤ ਔਰਤਾਂ ਅਤੇ ਲੜਕੀਆਂ ਵਿਰੁੱਧ ਹੋ ਰਹੇ ਜੁਰਮ ਬਹੁਤ ਚਿੰਤਾਜਨਕ ਹਨ। ਦਲਿਤ ਔਰਤਾਂ ਅਤੇ ਲੜਕੀਆਂ ਨਾਲ ਬਲਾਤਕਾਰ ਦੀਆਂ ਕੁਝ ਤਾਜ਼ਾ ਘਟਨਾਵਾਂ ਨੂੰ ਇਸ ਰਿਪੋਰਟ ਵਿੱਚ ਸ਼ਾਮਲ ਕੀਤਾ ਗਿਆ ਹੈ, ਜੋ ਸਮਾਜ ਦੀਆਂ ਵਿਗੜੀ ਹੋਈ ਪ੍ਰਵਿਰਤੀਆਂ ਦਾ ਪਰਦਾਫਾਸ਼ ਕਰਦੀ ਹੈ।

**ਬਿਹਾਰ**

ਦੱਸ ਦੇਈਏ ਕਿ ਹਾਲ ਹੀ ਵਿੱਚ ਬਿਹਾਰ ਦੇ ਮਧੂਬਨੀ ਜ਼ਿਲ੍ਹੇ ਵਿੱਚ ਇੱਕ 18 ਸਾਲਾ ਦਲਿਤ ਲੜਕੀ ਨਾਲ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਸੀ ਅਤੇ ਕੁਝ ਦਿਨਾਂ ਬਾਅਦ ਮੁਜ਼ੱਫਰਪੁਰ ਵਿੱਚ ਇੱਕ 14 ਸਾਲਾ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਕਰਕੇ ਕਤਲ ਕਰ ਦਿੱਤਾ ਗਿਆ ਸੀ। ਇਨ੍ਹਾਂ ਘਟਨਾਵਾਂ ਕਾਰਨ ਭਾਰੀ ਹੰਗਾਮਾ ਹੋਇਆ। ਵਿਰੋਧੀ ਧਿਰ ਦੇ ਨੇਤਾ ਅਤੇ ਸਾਬਕਾ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨੇ ਬਿਹਾਰ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਲੈ ਕੇ ਨਿਤੀਸ਼ ਸਰਕਾਰ 'ਤੇ ਲਗਾਤਾਰ ਨਿਸ਼ਾਨਾ ਸਾਧਿਆ ਹੈ। ਇਸ ਦੌਰਾਨ ਬਸਪਾ ਮੁਖੀ ਮਾਇਆਵਤੀ ਨੇ ਵੀ ਬਿਹਾਰ ਸਰਕਾਰ ਨੂੰ ਦਲਿਤਾਂ ਦੀ ਸੁਰੱਖਿਆ ਨੂੰ ਲੈ ਕੇ ਸਖ਼ਤ ਤਾੜਨਾ ਕੀਤੀ ਹੈ। ਬਸਪਾ ਮੁਖੀ ਮਾਇਆਵਤੀ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਐਕਸ 'ਤੇ ਲਿਖਿਆ ਕਿ ਬਿਹਾਰ ਰਾਜ ਇਕਾਈ ਤੋਂ ਪ੍ਰਾਪਤ ਹੋਈ ਇਹ ਰਿਪੋਰਟ ਬਹੁਤ ਦੁਖਾਂਤਕ ਅਤੇ ਚਿੰਤਾਜਨਕ ਹੈ। ਹਾਲ ਹੀ ਵਿੱਚ ਬਿਹਾਰ ਵਿੱਚ ਮਧੂਬਨੀ ਜ਼ਿਲ੍ਹੇ ਦੀ ਇੱਕ 18 ਸਾਲਾ ਦਲਿਤ ਲੜਕੀ ਨਾਲ ਕਮਲੇਸ਼ ਯਾਦਵ ਅਤੇ ਉਸ ਦੇ ਸਾਥੀਆਂ ਵੱਲੋਂ ਸਮੂਹਿਕ ਬਲਾਤਕਾਰ ਕੀਤਾ ਗਿਆ ਅਤੇ ਕੁਝ ਦਿਨਾਂ ਬਾਅਦ ਮੁਜ਼ੱਫਰਪੁਰ ਜ਼ਿਲ੍ਹੇ ਦੀ ਇੱਕ 14 ਸਾਲਾ ਦਲਿਤ ਲੜਕੀ ਨਾਲ ਸੰਜੇ ਰਾਏ ਵੱਲੋਂ ਸਮੂਹਿਕ ਬਲਾਤਕਾਰ ਕੀਤਾ ਗਿਆ। (ਯਾਦਵ) ਅਤੇ ਉਸ ਦੇ ਸਾਥੀਆਂ ਨੇ ਪੀੜਤਾਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਬਿਹਾਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਦੋਵਾਂ ਘਟਨਾਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਸਾਰੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ, ਤਾਂ ਜੋ ਅਜਿਹੀਆਂ ਘਟਨਾਵਾਂ ਮੁੜ ਨਾ ਵਾਪਰਨ। ਸਰਕਾਰ ਨੂੰ ਦਲਿਤਾਂ ਦੀ ਸੁਰੱਖਿਆ ਅਤੇ ਸਨਮਾਨ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ।

**ਉੱਤਰ ਪ੍ਰਦੇਸ਼**

ਗੋਂਡਾ ਜ਼ਿਲ੍ਹੇ ਵਿੱਚ ਇਸ ਸਾਲ ਜੁਲਾਈ ਵਿੱਚ ਇੱਕ 16 ਸਾਲਾ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਪੁਲਿਸ ਮੁਤਾਬਕ ਇਹ ਘਟਨਾ ਖੋਂਡਾਰੇ ਥਾਣਾ ਖੇਤਰ ਦੇ ਇੱਕ ਪਿੰਡ ਵਿੱਚ ਵਾਪਰੀ। ਪੀੜਤਾਂ ਆਪਣੀ ਮਾਂ ਨਾਲ ਜੰਗਲ ਪਾਣੀ ਕਰਨ ਗਈ ਸੀ ਜਦੋਂ ਉਸ ਨਾਲ ਕਿਸੇ ਉੱਚ ਜਾਤੀ ਭਾਈਚਾਰੇ ਦੇ ਦੋ ਨੌਜਵਾਨਾਂ ਨੇ ਬਲਾਤਕਾਰ ਕੀਤਾ।

ਵਧੀਕ ਪੁਲਿਸ ਸੁਪਰਡੈਂਟ (ਪੂਰਬੀ) ਮਨੋਜ ਕੁਮਾਰ ਰਾਵਤ ਦੇ ਅਨੁਸਾਰ, ਮੋਟਰਸਾਈਕਲ ਸਵਾਰ ਲੜਕੀ ਨੂੰ ਖੇਤ ਵਿੱਚ ਖਿੱਚ ਕੇ ਲੈ ਗਏ ਅਤੇ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ। ਮਾਂ ਦੀਆਂ ਚੀਕਾਂ ਸੁਣ ਕੇ ਆਸ-ਪਾਸ ਦੇ ਪਿੰਡ ਵਾਸੀ ਉਥੇ ਪਹੁੰਚ ਗਏ ਪਰ ਉਦੋਂ ਤੱਕ ਮੁਲਜ਼ਮ ਫ਼ਰਾਰ ਹੋ ਚੁੱਕੇ ਸਨ।

ਪਿਛਲੇ ਸਾਲ ਨਵੰਬਰ ਵਿੱਚ, ਉੱਤਰ ਪ੍ਰਦੇਸ਼ ਦੇ ਬਾਂਦਾ ਜ਼ਿਲ੍ਹੇ ਦੇ ਗਿਰਵਾਨ ਥਾਣਾ ਖੇਤਰ ਵਿੱਚ ਇੱਕ 40 ਸਾਲਾ ਦਲਿਤ ਔਰਤ ਦਾ ਬਲਾਤਕਾਰ ਅਤੇ ਕਤਲ ਕਰ ਦਿੱਤਾ ਗਿਆ ਸੀ। ਪੁਲਿਸ ਨੇ ਔਰਤ ਦੀ ਲਾਸ਼ ਨੂੰ ਤਿੰਨ ਟੁਕੜਿਆਂ ਵਿੱਚ ਬਰਾਮਦ ਕੀਤਾ ਸੀ।

ਗਿਰਵਾਂ ਥਾਣੇ ਦੇ ਇੰਚਾਰਜ ਇੰਸਪੈਕਟਰ (ਐਸਐਚਓ) ਸੰਦੀਪ ਤਿਵਾਰੀ ਦੇ ਅਨੁਸਾਰ, 40 ਸਾਲਾ ਔਰਤ ਰਾਜਕੁਮਾਰ ਸ਼ੁਕਲਾ ਦੇ ਘਰ ਆਟਾ ਚੱਕੀ ਵਿੱਚ ਚਿੱਟਾ ਧੋਣ ਦਾ ਕੰਮ ਕਰਨ ਗਈ ਸੀ। ਜਦੋਂ ਔਰਤ ਦੀ 20 ਸਾਲਾ ਧੀ ਕੁਝ ਸਮੇਂ ਬਾਅਦ ਉਥੇ ਪਹੁੰਚੀ ਤਾਂ ਉਸ ਨੇ ਚੱਕੀ ਦੇ ਘਰ ਦਾ ਦਰਵਾਜ਼ਾ ਖੜਕਾਇਆ। ਇਸ ਦੌਰਾਨ ਉਸ ਨੇ ਆਪਣੀ ਮਾਂ ਦੇ ਚੀਕਣ ਦੀ ਆਵਾਜ਼ ਸੁਣੀ। ਕੁਝ ਸਮੇਂ ਬਾਅਦ ਜਦੋਂ ਦਰਵਾਜ਼ਾ ਖੋਲ੍ਹਿਆ ਤਾਂ ਬੇਟੀ ਨੇ ਆਪਣੀ ਮਾਂ ਦੀ ਲਾਸ਼ ਤਿੰਨ ਟੁਕੜਿਆਂ 'ਚ ਪਈ ਦੇਖੀ ਅਤੇ ਪੁਲਿਸ ਨੂੰ ਸੂਚਨਾ ਦਿੱਤੀ।

ਸੂਬੇ ਦੇ ਬੁਲੰਦਸ਼ਹਿਰ ਵਿੱਚ ਖੇਤੀਬਾੜੀ ਵਿਭਾਗ ਦੇ ਇੱਕ ਸਰਕਾਰੀ ਅਧਿਕਾਰੀ ਨੇ 6 ਸਾਲ ਦੀ ਦਲਿਤ ਬੱਚੀ ਨਾਲ ਕਥਿਤ ਤੌਰ 'ਤੇ ਬਲਾਤਕਾਰ ਕੀਤਾ। ਮੀਡੀਆ ਰਿਪੋਰਟਾਂ ਮੁਤਾਬਕ ਮੁਲਜ਼ਮ ਗਜੇਂਦਰ ਸਿੰਘ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ਨੂੰ ਉਸ ਦੇ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ।

**ਰਾਜਸਥਾਨ**

ਪਿਛਲੇ ਮਹੀਨੇ ਰਾਜਸਥਾਨ ਦੇ ਝਾਲਾਵਾੜ ਤੋਂ ਇੱਕ ਨਾਬਾਲਗ ਦਲਿਤ ਲੜਕੀ ਨਾਲ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਸੀ। ਇਲਜ਼ਾਮ ਅਨੁਸਾਰ ਲੜਕੀ ਦੀਆਂ ਇਤਰਾਜ਼ਯੋਗ (**ਬਾਕੀ ਸਫ਼ਾ 31 'ਤੇ**)

# ਔਰਤਾਂ ਵਿਰੁੱਧ ਅਪਰਾਧਿਕ ਮਾਮਲਿਆਂ 'ਚ ਭਾਰਤ ਦੇ 151 ਸੰਸਦ ਮੈਂਬਰ, ਵਿਧਾਇਕ ਦੋਸ਼ੀ

**➢16 'ਤੇ ਬਲਾਤਕਾਰ ਦਾ ਦੋਸ਼ ➢ ਭਾਜਪਾ ਲੀਡਰਸ਼ਿਪ ਉੱਪਰ ਸਭ ਤੋਂ ਵਧ ਦੋਸ਼ ਲਗੇ**

ਭਾਰਤ ਦੇ 151 ਮੌਜੂਦਾ ਸੰਸਦ ਮੈਂਬਰਾਂ ਤੇ ਵਿਧਾਇਕਾਂ ਨੇ ਆਪਣੇ ਚੋਣ ਹਲਫ਼ਨਾਮਿਆਂ ਵਿੱਚ ਔਰਤਾਂ ਵਿਰੁੱਧ ਅਪਰਾਧਾਂ ਨਾਲ ਸਬੰਧਤ ਮਾਮਲਿਆਂ ਦੀ ਜਾਣਕਾਰੀ ਦਿੱਤੀ ਹੈ। ਇਨ੍ਹਾਂ 'ਚੋਂ ਸਭ ਤੋਂ ਵੱਧ ਸੰਸਦ ਮੈਂਬਰ ਤੇ ਵਿਧਾਇਕ ਪੱਛਮੀ ਬੰਗਾਲ ਦੇ ਹਨ। ਇਹ ਜਾਣਕਾਰੀ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ.ਡੀ.ਆਰ.) ਦੀ ਇਕ ਰਿਪੋਰਟ ਵਿਚ ਦਿੱਤੀ ਗਈ ਹੈ।

ਏ. ਡੀ. ਆਰ. ਨੇ 2019 ਤੋਂ 2024 ਵਿਚਾਲੇ ਚੋਣਾਂ ਦੌਰਾਨ ਚੋਣ ਕਮਿਸ਼ਨ ਕੋਲ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਵੱਲੋਂ ਜਮ੍ਹਾ ਕਰਵਾਏ ਗਏ 4,809 ਹਲਫ਼ਨਾਮਿਆਂ 'ਚੋਂ 4,693 ਦੀ ਜਾਂਚ ਕੀਤੀ ਹੈ। ਜਾਂਚ ਦੌਰਾਨ ਅਜਿਹੇ 16 ਸੰਸਦ ਮੈਂਬਰਾਂ ਤੇ 135 ਵਿਧਾਇਕਾਂ ਦੀ ਪਛਾਣ ਕੀਤੀ ਗਈ, ਜੋ ਔਰਤਾਂ ਵਿਰੁੱਧ ਅਪਰਾਧਾਂ ਦੇ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ। ਰਿਪੋਰਟ ਅਨੁਸਾਰ ਪੱਛਮੀ ਬੰਗਾਲ ਦਾ ਨਾਂ 25 ਸੰਸਦ ਮੈਂਬਰਾਂ ਤੇ ਵਿਧਾਇਕਾਂ ਨਾਲ ਔਰਤਾਂ ਵਿਰੁੱਧ ਅਪਰਾਧਾਂ ਦੇ ਦੋਸ਼ਾਂ ਦਾ ਸਾਹਮਣਾ ਕਰਨ ਕਰ ਕੇ ਸਭ ਤੋਂ ਉੱਪਰ ਹੈ। ਇਸ ਤੋਂ ਬਾਅਦ ਆਂਧਰਾ ਪ੍ਰਦੇਸ਼ ਦਾ 21 ਅਤੇ ਓਡਿਸ਼ਾ ਦਾ 17 ਸੰਸਦ ਮੈਂਬਰਾਂ ਤੇ ਵਿਧਾਇਕਾਂ ਨਾਲ ਅਗਲਾ ਨੰਬਰ ਆਉਂਦਾ ਹੈ।

ਰਿਪੋਰਟ ਅਨੁਸਾਰ 16 ਮੌਜੂਦਾ ਸੰਸਦ ਮੈਂਬਰਾਂ ਤੇ ਵਿਧਾਇਕਾਂ ਵਿਰੁੱਧ ਆਈ. ਪੀ. ਸੀ. ਦੀ ਧਾਰਾ 376 ਅਧੀਨ ਜਬਰ-ਜਨਾਹ ਦੇ ਮਾਮਲੇ ਦਰਜ ਹਨ। ਇਸ ਜੁਰਮ ਅਧੀਨ ਘੱਟੋ-ਘੱਟ 10 ਸਾਲ ਦੀ ਸਜ਼ਾ ਹੈ, ਜਿਸ ਨੂੰ ਉਮਰ ਕੈਦ ਤੱਕ ਵਧਾਇਆ ਜਾ ਸਕਦਾ ਹੈ। ਇਨ੍ਹਾਂ 'ਚੋਂ 2 ਸੰਸਦ ਮੈਂਬਰ ਅਤੇ 14 ਵਿਧਾਇਕ ਹਨ। ਦੋਸ਼ਾਂ 'ਚ ਇਕ ਹੀ ਪੀੜਤ ਵਿਰੁੱਧ ਵਾਰ-ਵਾਰ ਅਪਰਾਧ ਦੀਆਂ ਘਟਨਾਵਾਂ ਵੀ ਸ਼ਾਮਲ ਹਨ, ਜੋ ਇਨ੍ਹਾਂ ਮਾਮਲਿਆਂ ਦੀ ਗੰਭੀਰਤਾ ਨੂੰ ਦਰਸਾਉਂਦੀਆਂ ਹਨ।

ਏ. ਡੀ. ਆਰ. ਜੋ ਚੋਣ ਸੁਧਾਰਾਂ ਲਈ ਕੰਮ ਕਰ ਰਹੀ ਇਕ ਸੰਸਥਾ ਹੈ, ਨੇ ਸਿਆਸੀ ਪਾਰਟੀਆਂ ਨੂੰ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਖਾਸ ਤੌਰ 'ਤੇ ਔਰਤਾਂ ਵਿਰੁੱਧ ਜਬਰ-ਜਨਾਹ ਅਤੇ ਹੋਰ ਅਪਰਾਧਾਂ ਦੇ ਦੋਸ਼ਾਂ ਦਾ ਸਾਹਮਣਾ ਕਰਨ ਵਾਲਿਆਂ ਨੂੰ ਟਿਕਟ ਦੇਣ ਤੋਂ ਗੁਰੇਜ਼ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਰਿਪੋਰਟ 'ਚ ਸੰਸਦ ਮੈਂਬਰਾਂ ਤੇ ਵਿਧਾਇਕਾਂ ਵਿਰੁੱਧ ਅਦਾਲਤੀ ਕੇਸਾਂ ਦੀ ਤੇਜ਼ੀ ਨਾਲ ਸੁਣਵਾਈ ਕਰਨ ਦੀ ਮੰਗ ਕੀਤੀ ਗਈ ਹੈ ਅਤੇ ਨਾਲ ਹੀ ਪੁਲਸ ਨੂੰ ਪੇਸ਼ੇਵਾਰਾਨਾ ਢੰਗ ਨਾਲ ਜਾਂਚ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ।

**ਭਾਜਪਾ ਦੇ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਵਿਰੁੱਧ ਸਭ ਤੋਂ ਵੱਧ ਕੇਸ**

ਰਿਪੋਰਟ ਮੁਤਾਬਕ ਸਿਆਸੀ ਪਾਰਟੀਆਂ ਵਿਚੋਂ ਭਾਰਤੀ ਜਨਤਾ ਪਾਰਟੀ ਦੇ ਸਭ ਤੋਂ ਵੱਧ 54 ਸੰਸਦ ਮੈਂਬਰ ਅਤੇ ਵਿਧਾਇਕ ਹਨ, ਜਿਨ੍ਹਾਂ ਵਿਰੁੱਧ ਔਰਤਾਂ ਖ਼ਿਲਾਫ਼ ਅਪਰਾਧਾਂ ਦੇ ਮਾਮਲੇ ਦਰਜ ਹਨ। ਇਸ ਤੋਂ ਬਾਅਦ ਕਾਂਗਰਸ ਦੇ 23 ਸੰਸਦ ਮੈਂਬਰ, ਤੇਲਗੂ ਦੇਸ਼ਮ ਪਾਰਟੀ ਦੇ 17 ਸੰਸਦ ਮੈਂਬਰ ਤੇ ਵਿਧਾਇਕ ਹਨ। ਭਾਜਪਾ ਤੇ ਕਾਂਗਰਸ ਦੇ 5 ਮੌਜੂਦਾ ਸੰਸਦ ਮੈਂਬਰ ਤੇ ਵਿਧਾਇਕ ਜਬਰ-ਜਨਾਹ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ।

# ਐਮਰਜੈਂਸੀ ਫ਼ਿਲਮ ਦਾ ਸਿੱਖ ਪੰਥ ਵੱਲੋਂ ਵਿਰੋਧ ਕਿਉਂ ?

## ਸਿਆਸੀ ਫ਼ਿਰਕੂ ਪਾਤਰ ਕੰਗਨਾ ਮੋਦੀ ਸਰਕਾਰ ਦਾ ਸਿੱਖ ਵਿਰੋਧੀ ਏਜੰਡਾ



ਬਘੇਲ ਸਿੰਘ ਧਾਲੀਵਾਲ
99142-58142



ਜਦੋਂ ਐਮਰਜੈਂਸੀ ਦਾ ਨਾਮ ਚਰਚਾ ਵਿੱਚ ਆਉਂਦਾ ਹੈ ਤਾਂ ਝੱਟ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਆਪਣੇ ਵਿਰੋਧ ਨੂੰ ਦਬਾਉਣ ਲਈ 1975 ਵਿੱਚ ਲਾਈ ਗਈ ਐਮਰਜੈਂਸੀ ਜਿਹਨ ਵਿੱਚ ਆ ਜਾਂਦੀ ਹੈ ਅਤੇ ਉਸ ਐਮਰਜੈਂਸੀ ਸਮੇਂ ਸਿੱਖਾਂ ਨੇ ਜਿਹੜੀ ਜਮਹੂਰੀਅਤ ਪ੍ਰਸਤੀ ਵਾਲੀ ਭੂਮਿਕਾ ਅਦਾ ਕੀਤੀ ਸੀ, ਉਹਦੇ ਤੋਂ ਭਾਰਤ ਮੁਲਕ ਦੇ ਲੋਕਾਂ ਨੂੰ ਸਿੱਖਾਂ 'ਤੇ ਮਾਣ ਹੋਣਾ ਚਾਹੀਦਾ ਸੀ, ਪਰ ਅਜਿਹਾ ਹੋਇਆ ਨਹੀਂ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਉਸ ਮੌਕੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸਿੱਖਾਂ ਨੂੰ ਇਹ ਬੇਨਤੀਆਂ ਵੀ ਕੀਤੀਆਂ ਸਨ ਕਿ ਉਹ ਜੋ ਚਾਹੁਣ ਪੰਜਾਬ ਦੇ ਲਈ ਕੇਂਦਰ ਸਰਕਾਰ ਤੋਂ ਲੈ ਸਕਦੇ ਹਨ, ਪਰ ਉਹ ਮੇਰੇ ਵਿਰੋਧ ਵਿੱਚ ਖੜੇ ਨਾ ਹੋਣ, ਭਾਵ ਐਮਰਜੈਂਸੀ ਦਾ ਵਿਰੋਧ ਨਾ ਕਰਨ, ਪਰ ਸਿੱਖ ਆਗੂਆਂ ਨੇ ਉਸ ਮੌਕੇ ਆਪਣੇ ਸੂਬੇ ਦੇ ਹਿਤਾਂ ਨੂੰ ਦਰ-ਕਿਨਾਰ ਕਰਕੇ ਜਨਸੰਘ ਦੇ ਆਖੇ ਲੱਗ ਕੇ ਐਮਰਜੈਂਸੀ ਖ਼ਿਲਾਫ਼ ਮੋਰਚਾ ਲਾ ਦਿੱਤਾ, ਸਿੱਖਾਂ ਵੱਲੋਂ ਲਾਏ ਮੋਰਚੇ ਕਾਰਨ ਮਜਬੂਰ ਹੋ ਕੇ ਇੰਦਰਾ ਗਾਂਧੀ ਨੂੰ ਐਮਰਜੈਂਸੀ ਹਟਾਉਣੀ ਪਈ ਸੀ।

ਇਹੋ ਕਾਰਨ ਸੀ ਕਿ ਇੰਦਰਾ ਗਾਂਧੀ ਨੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਸਮੇਤ ਕੋਈ ਤਿੰਨ ਦਰਜਨ ਤੋ ਵੱਧ ਇਤਿਹਾਸਿਕ ਗੁਰਦੁਆਰਾ ਸਾਹਿਬਾਨਾਂ 'ਤੇ ਫ਼ੌਜੀ ਹਮਲਾ ਕਰਵਾਇਆ। ਇਹ ਕੈਸੀ ਅਕ੍ਰਿਤਘਣਤਾ ਸੀ ਕਿ ਜਿਹੜੀ ਜਨ ਸੰਘ ਦੇ ਪਿੱਛੇ ਲੱਗ ਕੇ ਅਕਾਲੀਆਂ ਨੇ ਐਮਰਜੈਂਸੀ ਖ਼ਿਲਾਫ਼ ਮੋਰਚਾ ਲਾਇਆ ਸੀ,ਉਹੀ ਜਨ ਸੰਘ ਦੇ ਆਗੂਆਂ ਨੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਹਮਲਾ ਕਰਨ ਲਈ ਮਜਬੂਰ ਕੀਤਾ। ਕਹਿਣ ਤੋਂ ਭਾਵ ਹੈ ਇਸ ਮੁਲਕ ਨੇ ਸਿੱਖਾਂ ਨਾਲ ਕਦੇ ਵੀ ਨਿਆਂ ਨਹੀਂ ਕੀਤਾ, ਬਲਕਿ ਸਿੱਖਾਂ ਦੇ ਅਹਿਸਾਨਮੰਦ ਰਹਿਣ ਦੀ ਬਜਾਏ ਸਿੱਖਾਂ ਨੂੰ ਦੁਨੀਆਂ ਪੱਧਰ ਉੱਪਰ ਬਦਨਾਮ ਕਰਨ ਦੇ ਝੂਠੇ ਮੌਕੇ ਵੀ ਖੁੰਝਣ ਨਹੀਂ ਦਿੱਤੇ। ਕੇਂਦਰ ਦੀ ਏਸੇ ਸਿੱਖ ਵਿਰੋਧੀ ਕੜੀ ਦਾ ਹਿੱਸਾ ਭਾਰਤੀ ਸਿਨੇਮਾ ਵੀ ਬਣਦਾ ਆ ਰਿਹਾ ਹੈ। ਇਸ ਕਰਕੇ ਹੀ ਭਾਰਤੀ ਸਿਨੇਮਾ ਅਕਸਰ ਵਿਵਾਦ ਪੂਰਨ ਚਰਚਾ ਵਿੱਚ ਰਹਿੰਦਾ ਹੈ। ਬੀਤੇ ਦਿਨੀਂ ਕੰਗਨਾ ਰਾਣੌਤ ਦੀ ਫ਼ਿਲਮ ਐਮਰਜੈਂਸੀ ਦੇ ਟ੍ਰੇਲਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਫ਼ਿਲਮ ਕਿਹੜੀ ਸੋਚ ਨਾਲ ਬਣਾਈ ਗਈ ਹੈ। ਫ਼ਿਲਮ ਨੂੰ ਬਣਾਉਣ ਵਿੱਚ ਕਿਹੜੀਆਂ ਤਾਕਤਾਂ ਦੀ ਅਹਿਮ ਭੂਮਿਕਾ ਰਹੀ ਹੈ ਅਤੇ ਫ਼ਿਲਮ ਚਲਾਉਣ ਲਈ ਉਨ੍ਹਾਂ ਦੀ ਭੂਮਿਕਾ ਕਿਹੋ ਜਿਹੀ ਹੋਵੇਗੀ। ਇਹ ਕੋਈ ਅਸਪਸ਼ਟ ਵਰਤਾਰਾ ਨਹੀਂ ਬਲਕਿ ਸਾਰਾ ਕੁੱਝ ਸਪਸ਼ਟ ਅਤੇ ਪਰਤੱਖ ਰੂਪ ਵਿੱਚ ਵਾਪਰਨ ਵਾਲਾ ਹੈ,ਪਰ ਇਸ ਫ਼ਿਲਮ ਰਾਹੀਂ ਇੱਕ ਵਾਰ ਫਿਰ ਪੰਜਾਬ ਦੀ ਸ਼ਾਂਤ ਫ਼ਿਜ਼ਾ ਵਿੱਚ ਨਫ਼ਰਤ ਦੀ ਜ਼ਹਿਰ ਘੋਲਨ ਦੇ ਯਤਨ ਕੀਤੇ ਜਾ ਰਹੇ ਹਨ। ਇਹ ਵੀ ਸਪੱਸ਼ਟ ਹੈ ਕਿ ਜਿਸ ਤਰ੍ਹਾਂ ਇਸ ਦੇ ਟ੍ਰੇਲਰ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਦਾ ਰੁਤਬਾ ਪਾਉਣ ਵਾਲੀ ਸ਼ਖਸੀਅਤ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੀ ਕਿਰਦਾਰਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ,ਉਹਨੂੰ ਸਿੱਖ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਨਗੇ। ਫ਼ਿਲਮ ਦੇ ਟ੍ਰੇਲਰ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਸੈਂਸਰ ਬੋਰਡ ਅਤੇ ਕੰਗਨਾ ਰਾਣੌਤ ਸਮੇਤ ਭਾਰਤੀ ਸਿਸਟਮ ਨੇ ਸਿੱਖਾਂ ਪ੍ਰਤੀ ਕਿੰਨੀ ਨਫ਼ਰਤ ਪਾਲ਼ੀ ਹੋਈ ਹੈ। ਸਿੱਖ ਸੰਘਰਸ਼ ਜਾਂ ਸਿੱਖ ਯੋਧਿਆਂ ਦੀ ਜਿੰਦਗੀ 'ਤੇ ਬਣੀਆਂ ਫ਼ਿਲਮਾਂ ਵਿੱਚ ਇਹੋ ਸੈਂਸਰ ਬੋਰਡ ਦਰਜਨਾਂ ਸੀਨ ਕਟਵਾ ਦਿੰਦਾ ਹੈ, ਜਾਂ ਕਈ ਫ਼ਿਲਮਾਂ 'ਤੇ ਪਾਬੰਦੀ ਹੀ ਲਾ ਦਿੰਦਾ ਹੈ,ਪਰ ਕੰਗਨਾ ਦੀ ਫ਼ਿਲਮ ਬਗੈਰ ਕੁੱਝ ਦੇਖੇ ਝੱਟ ਹੀ ਪਾਸ ਕਰ ਦਿੱਤੀ,ਜਿਸ ਤੋ ਇੰਝ ਪਰਤੀਤ ਹੁੰਦਾ ਹੈ,ਜਿਵੇਂ ਇਹ ਫ਼ਿਲਮ ਬੜੀ ਸੋਚੀ ਸਮਝੀ ਸਾਜ਼ਿਸ਼ ਤਹਿਤ ਹੀ ਬਣਾਈ ਗਈ ਹੈ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਜਿਹੜੇ ਸਿੱਖਾਂ ਨੇ ਆਪਣੇ ਹੱਕਾਂ, ਹਿੱਤਾਂ ਨੂੰ ਕੁਰਬਾਨ ਕਰਕੇ ਐਮਰਜੈਂਸੀ ਮੌਕੇ ਭਾਰਤੀ ਲੋਕਾਂ ਦਾ ਸਾਥ ਦਿੱਤਾ, ਉਸੇ ਦੌਰ ਦੇ ਵਿਰੋਧ ਵਿੱਚ ਕੰਗਨਾ ਰਾਣੌਤ ਵੱਲੋਂ ਬਣਾਈ ਫ਼ਿਲਮ ਵਿੱਚ ਸਿੱਖਾਂ ਦੀ ਅਸਲ ਭੂਮਿਕਾ ਦਿਖਾਉਣ ਦੀ ਬਜਾਏ ਉਹਨਾਂ ਦੀ ਕਿਰਦਾਰਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਹਰਕਤ ਨੂੰ ਕੰਗਨਾ ਦੀ ਬੇਸਮਝੀ ਤਾਂ ਨਹੀਂ ਕਿਹਾ ਜਾ ਸਕਦਾ, ਬਲਕਿ ਇੱਕ ਸੋਚੀ ਸਮਝੀ ਸਾਜ਼ਿਸ਼ ਜ਼ਰੂਰ ਕਿਹਾ ਜਾ ਸਕਦਾ ਹੈ। ਕੰਗਨਾ, ਕਿਸਾਨੀ ਅੰਦੋਲਨ ਦੌਰਾਨ ਪੰਜਾਬ ਦੇ ਕਿਸਾਨਾਂ ਅਤੇ ਪੰਜਾਬ ਦੀਆਂ ਔਰਤਾਂ ਪ੍ਰਤੀ ਦਿੱਤੇ ਨਫ਼ਰਤ ਬਿਆਨ ਤੋ ਬਾਅਦ ਜ਼ਿਆਦਾ ਚਰਚਾ ਵਿੱਚ ਆਈ ਸੀ। ਉਸ ਮੌਕੇ ਇਸਦੇ ਵੱਲੋਂ ਕਿਸਾਨਾਂ ਅਤੇ ਪੰਜਾਬ ਦੀਆਂ ਔਰਤਾਂ ਪ੍ਰਤੀ ਜਿਸ ਤਰ੍ਹਾਂ ਦੀ ਸ਼ਬਦਾਵਲੀ ਵਰਤੀ ਗਈ, ਉਹਦੇ ਤੋਂ ਕਈ ਗੱਲਾਂ ਸਪੱਸ਼ਟ ਹੋ ਗਈਆਂ ਸਨ। ਇੱਕ ਤਾਂ ਇਹ ਕਿ ਕੰਗਨਾ ਕੋਈ ਕਲਾਕਾਰ ਜਾਂ ਅਭਿਨੇਤਰੀ ਨਹੀਂ ਬਲਕਿ ਉਹ ਇੱਕ ਖਾਸ ਮਿਸ਼ਨ ਦੀ ਪੂਰਤੀ ਕਈ ਕੰਮ ਕਰਨ ਵਾਲੀ ਕਾਰਕੁਨ ਹੈ,ਜਿਸ ਦਾ ਕੰਮ ਨਫ਼ਰਤ ਫੈਲਾ ਕੇ ਵੱਖ ਵੱਖ ਫਿਰਕਿਆਂ ਦੀ ਭਾਈਚਾਰਕ ਸਾਂਝ ਨੂੰ ਤੋੜਨਾ ਹੈ,ਤਾਂ ਕਿ ਚੋਣਾਂ ਮੌਕੇ ਉਸ ਦਾ ਲਾਭ ਸਿੱਧੇ ਰੂਪ ਵਿੱਚ ਉਨ੍ਹਾਂ ਤਾਕਤਾਂ ਨੂੰ ਮਿਲ ਸਕੇ,ਜਿੰਨਾਂ ਦੇ ਮਿਸ਼ਨ ਨੂੰ ਉਹ ਅੱਗੇ ਵਧਾ ਰਹੀ ਹੈ। ਦੂਜਾ ਉਸਦਾ ਮੁੱਖ ਮਕਸਦ ਅਜਿਹੀ ਨਫ਼ਰਤ ਫੈਲਾ ਕੇ ਸਿਆਸਤ ਵਿੱਚ ਆਪਣੇ ਪੈਰ ਜਮਾਉਣਾ ਸੀ,ਜਿਸ ਵਿੱਚ ਉਹ ਕਾਫ਼ੀ ਹੱਦ ਤੱਕ ਕਾਮਯਾਬ ਵੀ ਹੋ ਚੁੱਕੀ ਹੈ। ਕੰਗਨਾ ਇਹ ਗੱਲ ਬਹੁਤ ਚੰਗੀ ਤਰ੍ਹਾਂ ਸਮਝਦੀ ਸੀ ਕਿ ਉਹ ਬਤੌਰ ਕਲਾਕਾਰ/ ਅਭਿਨੇਤਰੀ ਸਫ਼ਲ ਨਹੀਂ ਹੋ ਸਕਦੀ ਇਸ ਲਈ ਉਹਦਾ ਗ਼ੈਰ ਹਿੰਦੂ ਲੋਕਾਂ ਪ੍ਰਤੀ ਨਫ਼ਰਤ ਵਾਲਾ ਰਵੱਈਆ ਉਹਨੂੰ ਲੀਡਰ ਜ਼ਰੂਰ ਬਣਾ ਸਕਦਾ ਹੈ। ਇਸ ਲਈ ਉਹਨੇ ਨਫ਼ਰਤ ਵਾਲਾ ਰਾਹ ਚੁਨਣ ਨੂੰ ਤਰਜੀਹ ਦਿੱਤੀ ਹੈ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਉਹ ਅਠਾਰਵੀਂ ਲੋਕ ਸਭਾ ਲਈ ਹਿਮਾਚਲ ਪਰਦੇਸ ਤੋਂ ਮੈਂਬਰ ਪਾਰਲੀਮੈਂਟ ਚੁਣੀ ਗਈ। ਮੈਂਬਰ ਪਾਰਲੀਮੈਂਟ ਬਣਦਿਆਂ ਜਿਸ ਤਰ੍ਹਾਂ ਚੰਡੀਗੜ੍ਹ ਦੇ ਏਅਰ ਪੋਰਟ 'ਤੇ ਥੱਪੜ ਖਾਣ ਦੇ ਬਾਵਜੂਦ ਉਸ ਘਟਨਾ ਤੋਂ ਸਬਕ ਲੈਣ ਦੀ ਬਜਾਏ ਉਹਨੇ ਫਿਰ ਸਿੱਖਾਂ ਅਤੇ ਪੰਜਾਬ ਦੇ ਖ਼ਿਲਾਫ਼ ਜ਼ਹਿਰ ਉਗਲ ਕੇ ਆਪਣੀ ਤੰਗ ਦਿਲੀ ਸੋਚ ਦਾ ਪ੍ਰਗਟਾਵਾ ਕੀਤਾ। ਉਹਦੀ ਉਸ ਹਰਕਤ ਨੇ ਪੰਜਾਬੀਆਂ ਅਤੇ ਹਿਮਾਚਲੀਆਂ ਦਰਮਿਆਨ ਇੱਕ ਦਰਾੜ ਪੈਦਾ ਕਰ ਦਿੱਤੀ ਹੈ,ਜਿਹੜੀ ਭਾਈਚਾਰਕ ਸਾਂਝਾਂ ਲਈ ਵੱਡਾ ਖ਼ਤਰਾ ਬਣ ਗਈ ਹੈ।

ਉਹਨੇ ਐਥੇ ਹੀ ਬੱਸ ਨਹੀਂ ਕੀਤਾ ਬਲਕਿ ਇਸ ਤਂ ਵੀ ਅੱਗੇ ਕਦਮ ਪੁੱਟਦਿਆਂ ਇੱਕ ਅਜਿਹੀ ਫ਼ਿਲਮ ਦਾ ਮੁੱਖ ਕਿਰਦਾਰ ਬਣ ਗਈ ਜਿਸ ਵਿੱਚ ਫ਼ੁੱਟ ਪਾਊ ਤਾਕਤਾਂ ਨੂੰ ਲਾਭ ਪਹੁੰਚਾਉਣ ਲਈ ਜਿੱਥੇ ਉਹਨੇ ਕਾਂਗਰਸ ਨੂੰ ਕਟਹਿਰੇ ਵਿੱਚ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਹੈ,ਓਥੇ ਉਹਨੇ ਆਪਣੀ ਅਤੇ ਸਟੇਟ ਦੀ ਸਿੱਖਾਂ ਪ੍ਰਤੀ ਨਫ਼ਰਤ ਸੋਚ ਦਾ ਵੀ ਖੁੱਲ ਕੇ ਇਜ਼ਹਾਰ ਕੀਤਾ ਹੈ। ਇਹ ਸੱਚ ਹੈ ਕਿ ਸਿੱਖ ਮੁੱਢੋਂ ਹੀ ਦਿੱਲੀ ਨੂੰ ਰਾਸ ਨਹੀਂ ਆਏ, ਫਿਰ ਉਹਨਾਂ ਪ੍ਰਤੀ ਦਿੱਲੀ ਤਖ਼ਤ ਦੀ ਨੀਅਤ ਸਾਫ਼ ਕਿਵੇਂ ਹੋ ਸਕਦੀ ਹੈ, ਇਸ ਲਈ ਕੇਂਦਰੀ ਤਾਕਤਾਂ ਇਹ ਕੋਸ਼ਿਸ਼ ਵਿੱਚ ਰਹਿੰਦੀਆਂ ਹਨ ਕਿ ਕਦੋਂ ਕਿਹੜੇ ਫਿਰਕੇ ਪ੍ਰਤੀ ਕਿਹੋ ਜਿਹੇ ਮਾਪਦੰਡ ਅਖਤਿਆਰ ਕਰਨੇ ਹਨ। ਜੰਮੂ-ਕਸ਼ਮੀਰ ਅਤੇ ਪੰਜਾਬ ਪ੍ਰਤੀ ਨਫ਼ਰਤ ਨੂੰ ਪੱਕੇ ਪੈਰੀਂ ਕਰਨ ਲਈ ਭਾਰਤੀ ਸਿਨੇਮਾ ਸਮੇਂ ਸਮੇਂ ਜ਼ਿਕਰਯੋਗ ਭੂਮਿਕਾ ਨਿਭਾਉਂਦਾ ਰਹਿੰਦਾ ਹੈ। ਲਿਹਾਜ਼ਾ ਦੇਸ਼ ਦੇ ਬਹੁ ਗਿਣਤੀ ਲੋਕ ਘੱਟ ਗਿਣਤੀਆਂ 'ਤੇ ਜਬਰ ਕਰਨਾ ਆਪਣਾ ਹੱਕ ਸਮਝਣ ਲੱਗਦੇ ਹਨ, ਕਿਉਂਕਿ ਉਹਨਾਂ ਦੇ ਮਨਾਂ ਵਿੱਚ ਇਹ ਹਊਆ ਬੈਠਾ ਦਿੱਤਾ ਗਿਆ ਹੈ ਕਿ ਪੰਜਾਬ ਇੱਕ ਅਜਿਹਾ ਲਟ ਲਟ ਬਲ਼ਦਾ ਭਾਂਬੜ ਹੈ,ਜਿਹੜਾ ਕਿਸੇ ਵੀ ਸਮੇਂ ਗੈਰ ਸਿੱਖ ਭਾਈਚਾਰੇ ਨੂੰ ਆਪਣੀ ਲਪੇਟ ਵਿੱਚ ਲੈ ਸਕਦਾ ਹੈ ਅਤੇ ਪਲਾਂ ਵਿੱਚ ਹੀ ਸਾੜ ਕੇ ਸਵਾਹ ਕਰ ਸਕਦਾ ਹੈ,ਜਦੋਂਕਿ ਹਕੀਕਤ ਵਿੱਚ ਅਜਿਹਾ ਕੁੱਝ ਵੀ ਨਹੀਂ ਹੈ।

ਬਿਨਾਂ ਸ਼ੱਕ ਜਦੋਂ ਅਜਿਹੀ ਸੋਚ ਭਾਰੂ ਹੋਣ ਲੱਗਦੀ ਹੈ,ਉਦੋਂ ਫਿਰਕੂ ਰਾਜਨੀਤੀ ਤਾਕਤ ਵਿੱਚ ਆਉਂਦੀ ਹੈ। ਜਦੋਂ ਅਜਿਹੀ ਸੋਚ ਰਾਜਸੀ ਤੌਰ 'ਤੇ ਤਾਕਤਵਰ ਹੁੰਦੀ ਹੈ, ਉਸ ਮੌਕੇ ਕੰਗਨਾ ਰਾਣੌਤ ਵਰਗੇ ਕਿਰਦਾਰ ਪੈਦਾ ਹੁੰਦੇ ਹਨ। ਮਰਹੂਮ ਇੰਦਰਾ ਗਾਂਧੀ ਨੂੰ ਆਪਣਾ ਰੋਲ ਮਾਡਲ ਮੰਨਣ ਵਾਲੀ ਭਾਜਪਾ ਦੀ ਮੈਂਬਰ ਪਾਰਲੀਮੈਂਟ ਕੰਗਣ ਰਾਣੌਤ ਇੱਕ ਪਾਸੇ ਫ਼ਿਲਮ ਵਿੱਚ ਕਾਂਗਰਸ ਨੂੰ ਲੋਕ ਵਿਰੋਧੀ ਦਿਖਾਉਣ ਦੀ ਕੋਸ਼ਿਸ਼ ਕਰਦੀ ਹੈ, ਜਦੋਂ ਕਿ ਉਹ ਖੁਦ ਇੰਦਰਾ ਗਾਂਧੀ ਤੋਂ ਐਨੀ ਪ੍ਰਭਾਵਤ ਹੈ ਕਿ ਕਿਸਾਨੀ ਅੰਦੋਲਨ ਦੌਰਾਨ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਪੰਜਾਬੀ ਕਿਸਾਨਾਂ ਦੇ ਮਾਮਲੇ ਵਿੱਚ ਇੰਦਰਾ ਗਾਂਧੀ ਦੇ ਨਕਸ਼ੇ ਕਦਮਾਂ ਤੇ ਚੱਲਣ ਦੀ ਸਲਾਹ ਦਿੰਦੀ ਹੈ।

(ਬਾਕੀ ਸਫ਼ਾ 31 'ਤੇ)



# ਕੀ ਖੇਤੀ ਸੁਧਾਰਾਂ ਦੇ ਨਾਂਅ 'ਤੇ ਕਾਰਪੋਰੇਟ ਦੀ ਸ਼ਮੂਲੀਅਤ ਖ਼ਤਰਨਾਕ ਹੈ ?

ਡਾ. ਅਮਨਪ੍ਰੀਤ ਸਿੰਘ ਬਰਾੜ

ਅੱਜ ਦੁਨੀਆ ਵਿੱਚ ਹਰ ਪਾਸੇ ਖੇਤੀ ਵਿੱਚ ਸੁਧਾਰਾਂ ਬਾਰੇ ਚਰਚਾ ਹੋ ਰਹੀ ਹੈ। ਕਦੇ ਗੱਲ ਖੇਤੀ ਦੀ ਉਪਜ ਵਧਾਉਣ ਵਿੱਚ ਕਿਸਾਨਾਂ ਦੀ ਕੁਸ਼ਲਤਾ, ਕਦੇ ਰਸਾਇਣਾਂ ਦੀ ਵਰਤੋਂ ਅਤੇ ਆਰਗੈਨਿਕ ਖੇਤੀ ਸੰਬੰਧੀ. ਕਦੇ ਉਪਜ ਦੀ ਗੁਣਵੱਤਾ ਅਤੇ ਕਦੇ ਵਧਦੇ ਤਾਪਮਾਨ ਅਤੇ ਗ੍ਰੀਨ ਹਾਊਸ ਗੈਸਾਂ ਨਾਲ ਜੋੜੀ ਜਾਂਦੀ ਹੈ। ਦੁਨੀਆਂ ਭਰ ਵਿੱਚ ਹੀ ਕਿਸਾਨਾਂ ਦੀ ਹਾਲਤ ਤਕਰੀਬਨ ਇਕੋ ਜਿਹੀ ਹੈ, ਇਹ ਗੱਲ ਵੱਖਰੀ ਹੈ ਕਿ ਵਿਕਸਿਤ ਦੇਸ਼ਾਂ ਵਿੱਚ ਕਿਸਾਨਾਂ ਦੀ ਗਿਣਤੀ ਉਥੋਂ ਦੀ ਆਬਾਦੀ ਦੇ ਲਿਹਾਜ਼ ਨਾਲ ਬਹੁਤ ਥੋੜ੍ਹੀ ਹੈ ਅਤੇ ਭਾਰਤ ਵਰਗੇ ਘੱਟ ਵਿਕਸਿਤ ਦੇਸ਼ਾਂ ਵਿੱਚ ਇਹ ਅੰਕੜਾ 50 ਤੋਂ 60 ਫ਼ੀਸਦੀ ਤੱਕ ਜਾ ਪਹੁੰਚਦਾ ਹੈ। ਸਰਕਾਰਾਂ ਵੱਲੋਂ ਇਹ ਵੀ ਕਿਹਾ ਜਾਂਦਾ ਹੈ ਕਿ ਕਿਉਂਕਿ ਕਿਸਾਨਾਂ ਕੋਲ ਨਿਵੇਸ਼ ਲਈ ਪੈਸਾ ਨਹੀਂ, ਇਸ ਲਈ ਕਾਰਪੋਰੇਟ ਨੂੰ ਖੇਤੀ ਵਿੱਚ ਲਿਆਉਣ ਦੀ ਲੋੜ ਹੈ। ਪਿਛਲੇ ਤਿੰਨ ਕਾਨੂੰਨ ਇਸੇ ਸੋਚ ਦੀ ਦੇਣ ਸਨ, ਜਿਨ੍ਹਾਂ ਨੂੰ ਹੁਣ ਵੀ ਵਿੰਗੇ ਟੇਢੇ ਢੰਗ ਨਾਲ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਅਸਲ ਗੱਲ ਇਹ ਹੈ ਕਿ ਖੇਤੀ ਇੱਕ ਅਜਿਹਾ ਧੰਦਾ ਹੈ ਜੋ ਪੈਸੇ ਵਾਲੇ ਦੇ ਹੱਥ ਵਿੱਚ ਕਦੇ ਵੀ ਫ਼ੇਲ੍ਹ ਹੋਣ ਵਾਲਾ ਨਹੀਂ। ਇਸ ਧੰਦੇ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ, ਪੈਦਾਵਾਰ, ਰੱਖ ਰਖਾਓ, ਪ੍ਰੋਸੈਸਿੰਗ ਅਤੇ ਮਾਰਕੀਟਿੰਗ। ਪਿਛਲੇ ਤਿੰਨ ਹਿੱਸੇ ਸਟੋਰੇਜ, ਪ੍ਰੋਸੈਸਿੰਗ ਅਤੇ ਮੰਡੀਕਰਨ ਪਹਿਲਾਂ ਹੀ ਕਾਰਪੋਰੇਟਸ ਦੇ ਹੱਥ ਵਿੱਚ ਹਨ ਜੇ ਪੈਦਾਵਾਰ ਵੀ ਇਨ੍ਹਾਂ ਦੇ ਹੱਥ ਵਿੱਚ ਆ ਜਾਵੇ ਤਾਂ ਸਮੁੱਚਾ ਖ਼ੁਰਾਕ ਉਦਯੋਗ ਇਨ੍ਹਾਂ ਦੇ ਕਬਜ਼ੇ ਵਿੱਚ ਹੋਵੇਗਾ। ਕਾਰਪੋਰੇਟਸ ਨੂੰ ਜ਼ਮੀਨ ਮਾਰਕੀਟ ਰੇਟ 'ਤੇ ਖਰੀਦਣ ਦੀ ਆਦਤ ਹੀ ਨਹੀਂ । ਸਰਕਾਰਾਂ ਇਨ੍ਹਾਂ ਨੂੰ ਜ਼ਮੀਨਾਂ ਆਪ ਅਕੁਆਇਰ ਕਰਕੇ ਸਸਤੇ ਭਾਅ 'ਤੇ ਜਾਂ ਮੁਫ਼ਤ ਉਦਯੋਗ ਲਗਾਉਣ ਨੂੰ ਦਿੰਦੀਆਂ ਰਹੀਆਂ ਹਨ। ਇਸੇ ਕਰਕੇ ਸੁਧਾਰਾਂ ਵਿੱਚ ਠੇਕੇ ਦੀ ਖੇਤੀ 'ਤੇ ਜ਼ੋਰ ਹੈ ਜ਼ਮੀਨ ਕੰਪਨੀ ਨੂੰ ਠੇਕੇ 'ਤੇ ਦੇਣ ਵਿੱਚ ਅਤੇ ਆਮ ਕਿਸਾਨ ਨੂੰ ਠੇਕੇ 'ਤੇ ਦੇਣ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਕੁਝ ਵਰ੍ਹੇ ਪਹਿਲਾਂ ਇੱਕ ਪੰਜਾਬੀ ਸਰਦਾਰ ਜਿਸ ਨੂੰ ਗਰਾਊਂਡ ਨਟ ਕਿੰਗ ਦੇ ਨਾਮ ਨਾਲ ਨਿਵਾਜ਼ਿਆ ਗਿਆ ਉਸ ਦੀ ਸਕਸੈਸ ਸਟੋਰੀ ਦੇਖੋ ਤਾਂ ਉਹ ਵੀ ਇੱਕ ਮਲਟੀਨੈਸ਼ਨਲ ਕੰਪਨੀ ਜੋ ਸਿੰਗਾਪੁਰ ਤੋਂ ਚਲਦੀ ਹੈ ਉਸਦਾ ਮੁਲਾਜ਼ਮ ਹੈ। ਉਸਨੂੰ ਓਲਮ ਇੰਟਰਨੈਸ਼ਨਲ ਕੰਪਨੀ ਵੱਲੋਂ 2005 ਵਿੱਚ ਅਰਜਨਟੀਨਾ ਮੂੰਗਫ਼ਲੀ ਖਰੀਦਣ ਲਈ ਭੇਜਿਆ ਗਿਆ। ਉਸਨੇ ਉਥੇ ਜਾ ਕਿ ਰਿਪੋਰਟ ਦਿੱਤੀ ਕਿ ਸਾਨੂੰ ਇਥੋਂ ਖਰੀਦਣ ਦੀ ਬਜਾਏ ਜ਼ਮੀਨ ਠੇਕੇ 'ਤੇ ਲੈ ਕੇ ਆਪ ਮੂੰਗਫਲੀ ਦੀ ਖੇਤੀ ਕਰਨੀ ਚਾਹੀਦੀ ਹੈ, ਕੰਪਨੀ ਨੇ ਉਸ ਦੀ ਸਲਾਹ ਮੰਨ ਲਈ। 2016 ਤੱਕ ਕੰਪਨੀ ਤਕਰੀਬਨ 9000 ਏਕੜ ਜ਼ਮੀਨ 'ਤੇ ਖੇਤੀ ਕਰਨ ਲੱਗ ਗਈ। ਇਕੱਲਾ ਖੇਤੀ ਵਿੱਚ ਨਹੀਂ ਬਲਕਿ ਸਹਾਇਕ ਧੰਦਿਆਂ ਵਿੱਚ ਵੀ ਕਾਰਪੋਰੇਟਸ ਦਾ ਦਾਖਲਾ ਹੋ ਚੁੱਕਿਆ ਹੈ। ਜਿਵੇਂ ਕਿ ਡੇਅਰੀ ਅਤੇ ਮੀਟ ਦੇ ਧੰਦੇ ਨੂੰ ਅਮਰੀਕਾ ਵਿੱਚ ਫੈਕਟਰੀ ਫਾਰਮਿੰਗ ਦਾ ਨਾਮ ਦਿੱਤਾ ਗਿਆ ਤਾਂ ਜੋ ਜਾਨਵਰਾਂ ਨੂੰ ਥੋੜ੍ਹੀ ਜਗ੍ਹਾ ਵਿੱਚ ਰੱਖ ਕਿ ਵੱਧ ਖ਼ੁਰਾਕ ਅਤੇ ਹਾਰਮੋਨ ਦੇ ਕੇ ਉਸ ਤੋਂ ਵੱਧ ਤੋਂ ਵੱਧ ਪੈਦਾਵਾਰ ਲਈ ਜਾ ਸਕੇ। ਜਦੋਂ ਅਮਰੀਕਾ ਦੀ ਯੂ.ਕੇ. ਨਾਲ ਬਰੈਕਜ਼ਿਟ ਤੋਂ ਬਾਅਦ ਸੰਧੀ ਹੋਈ ਤਾਂ ਅਮਰੀਕਾ ਨੇ ਸਾਫ਼ ਕਹਿ ਦਿੱਤਾ ਕਿ ਜਾਂ ਤਾਂ ਆਪਣੇ ਖੁਰਾਕ ਦੇ ਨਿਯਮ (ਸੇਫਟੀ ਸਟੈਂਡਰਡ) ਹੇਠਾਂ ਕਰ ਲਓ ਜਾਂ ਖ਼ਤਮ ਹੋ ਜਾਓ । ਇਨ੍ਹਾਂ ਗੱਲਾਂ ਨੂੰ ਕੁਝ ਕਿਸਾਨ ਤਾਂ ਸਮਝਣ ਲੱਗ ਪਏ ਹਨ ਪਰ ਆਮ ਜਨਤਾ ਨੂੰ ਇਸਦੀ ਸਮਝ ਨਹੀਂ ਆ ਰਹੀ। ਅੱਜ ਅਮਰੀਕਾ ਦੇ ਪਿੰਡਾਂ ਦਾ ਹਾਲ ਦੇਖੋ ਤਾਂ ਉਥੇ ਪਿੰਡਾਂ ਦੇ ਪਿੰਡ ਖ਼ਤਮ ਹੋ ਗਏ ਹਨ। ਉਥੋਂ ਇਕੱਲੇ ਕਿਸਾਨ ਨਹੀਂ ਨਿਕਲੇ, ਉਹਨਾਂ ਪਿੰਡਾਂ ਵਿੱਚ ਕਿਸਾਨਾਂ ਨੂੰ ਸੇਵਾਵਾਂ ਦੇਣ ਵਾਲੇ ਛੋਟੇ ਵਪਾਰੀ, ਡਾਕਟਰ, ਮਾਸਟਰ, ਮਨੋਰੰਜਨ ਦੇ ਸਾਧਨ ਅਤੇ ਹੋਟਲ ਰੈਸਟੋਰੈਂਟ ਆਦਿ ਚਲਾਉਣ ਵਾਲੇ ਪਰਿਵਾਰਾਂ ਦਾ ਵੀ ਉਜਾੜਾ ਹੋ ਗਿਆ ਹੈ। ਉਥੇ ਇਹ ਸਭ ਕੁਝ ਚੱਲ ਗਿਆ ਕਿਉਂਕਿ ਉਥੇ ਅਬਾਦੀ ਸਿਰਫ 33 ਕਰੋੜ ਦੀ ਹੈ। ਪਰ ਹਾਲਾਤ ਨੂੰ ਘੋਖੋ ਤਾਂ ਪਤਾ ਲਗਦਾ ਹੈ ਕਿ 11 ਫੀਸਦੀ ਲੋਕ ਉਥੇ ਵੀ ਗਰੀਬੀ ਰੇਖਾ ਤੋਂ ਹੇਠਾਂ ਹਨ। ਇਸ ਵੇਲੇ ਇਨ੍ਹਾਂ ਕਾਰਪੋਰੇਟਸ ਦਾ ਸਾਰਾ ਧਿਆਨ ਅਫ਼ਰੀਕਾ ਅਤੇ ਭਾਰਤ ਦੀਆਂ ਜ਼ਮੀਨਾਂ ਉੱਪਰ ਹੈ। ਇਸ ਵਿੱਚ ਜੇ ਭਾਰਤ ਦੀ ਗੱਲ ਕਰੀਏ ਤਾਂ ਸਭ ਤੋਂ ਵੱਧ ਨਿਗਾਹ ਇਨ੍ਹਾਂ ਦੀ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਕੁਝ ਹਿੱਸੇ 'ਤੇ ਹੈ। ਉਸਦਾ ਮੁੱਖ ਕਾਰਨ ਹੈ ਕਿ ਇਥੋਂ ਦੀ ਜ਼ਮੀਨ ਅਤੇ ਪੌਣ ਪਾਣੀ ਖੇਤੀ ਲਈ ਸਭ ਤੋਂ ਜ਼ਿਆਦਾ ਅਨੁਕੂਲ ਹੈ। ਇਨ੍ਹਾਂ ਇਲਾਕਿਆਂ ਵਿੱਚ ਪਾਣੀ ਦੀ ਉਪਲੱਭਤਾ ਵੀ ਹੈ। ਦੂਜਾ ਇਹ ਕੰਪਨੀਆਂ ਸਿਲਕ ਰੂਟ ਚਲਵਾ ਲੈਣਗੀਆਂ ਭਾਵ ਪਾਕਿਸਤਾਨ ਜ਼ਰੀਏ ਯੂਰਪ ਤੱਕ ਦਾ ਮਾਰਗ ਜੋ ਅੱਜ ਬੰਦ ਕੀਤਾ ਹੋਇਆ ਹੈ। ਸਿਰਫ ਇੰਤਜ਼ਾਰ ਹੈ ਜ਼ਮੀਨਾਂ ਇਨ੍ਹਾਂ ਦੇ ਹੱਥ ਵਿੱਚ ਆਉਣ ਦਾ।

**ਪੈਦਾਵਾਰ ਦੀ ਗੁਣਵੱਤਾ** : ਇਸ ਵੇਲੇ ਭਾਰਤ ਵਿੱਚ ਜ਼ਮੀਨਾਂ ਹਥਿਆਉਣ ਲਈ ਇਨ੍ਹਾਂ ਨੇ ਇੱਕ ਨਵਾਂ ਪ੍ਰਾਪੇਗੰਡਾ ਛੱਡਿਆ ਹੈ ਕਿ ਕਿਸਾਨ ਜਿਹੜਾ ਉਗਾ ਰਹੇ ਹਨ ਉਹ ਕੁਆਲਟੀ ਪੱਖੋਂ ਠੀਕ ਨਹੀਂ। ਭਾਵ ਕਹਿਣ ਦਾ ਭਾਵ ਕਿ ਫ਼ਸਲ ਦੇ ਰੂਪ ਵਿੱਚ ਲੋਕਾਂ ਨੂੰ ਜ਼ਹਿਰ ਖਵਾਇਆ ਜਾ ਰਿਹਾ ਹੈ। ਅੱਜ ਇਹ ਲੋਕ ਹਰੀ ਕ੍ਰਾਂਤੀ ਨੂੰ ਕੋਸਦੇ ਹਨ। ਜਿਸ ਸਦਕਾ ਆਮ ਬੰਦੇ ਦੇ ਮੂੰਹ ਵਿੱਚ ਬੁਰਕੀ ਪੈਣ ਲੱਗੀ ਅਤੇ ਸਾਡਾ ਖਹਿੜਾ ਛੁੱਟਿਆ ਅਮਰੀਕਾ ਦੀ ਡੀ ਟੀ ਡੀ ਵਾਲੀ ਪੀ ਐੱਲ-480 ਕਣਕ ਤੋਂ। ਇਹ ਸਦਕਾ ਅਸੀਂ ਆਤਮ ਨਿਰਭਰ ਤਾਂ ਹੋਏ ਹੀ ਨਾਲ ਦੀ ਨਾਲ ਅਸੀਂ ਦੂਜੇ ਦੇਸ਼ ਨੂੰ ਅਨਾਜ ਬਰਾਮਦ ਵੀ ਕਰਨ ਲੱਗ ਪਏ। ਇਹ ਲੋਕ ਕਈ ਬੁੱਧੀਜੀਵੀਆਂ ਅਤੇ ਵਿਗਿਆਨੀਆਂ ਨੂੰ ਆਪਣੇ ਨਾਲ ਜੋੜ ਕੇ ਉਨ੍ਹਾਂ ਤੋਂ ਇਹ ਪ੍ਰਚਾਰ ਕਰਵਾ ਰਹੇ ਹਨ ਕਿ ਕਿਸਾਨਾਂ ਦੀ ਖੇਤੀ ਉਤਪਾਦਨ ਮਿਆਰੀ ਨਹੀਂ ਹੈ। ਇਸ ਦੇ ਵਿੱਚ ਵੱਡਾ ਸਵਾਲ ਹੈ ਕਿ ਰਸਾਇਣਕ ਖਾਦਾਂ ਅਤੇ ਕੀਟਨਾਸ਼ਕ ਬਣਦੇ ਕਿਸਦੇ ਕਾਰਖਾਨਿਆਂ ਵਿਚ ਹਨ। ਉਨ੍ਹਾਂ ਲੋਕਾਂ ਦੇ ਕਾਰਖਾਨਿਆਂ ਵਿੱਚ ਜੋ ਆਰਗੈਨਿਕ ਅਤੇ ਕੁਦਰਤੀ ਖਾਣੇ ਦਾ ਰੌਲਾ ਪਾਉਂਦੇ ਹਨ। ਇਸ ਵਿੱਚ ਜ਼ਿਕਰਯੋਗ ਹੈ ਕਿ ਖੇਤ ਤੋਂ ਪਲੇਟ ਤੱਕ ਪਹੁੰਚਣ ਦੀ ਸਟੋਰੇਜ ਅਤੇ ਪ੍ਰੋਸੈਸਿੰਗ ਫਿਰ ਕਾਰਪੋਰੇਟ ਵਾਲੇ ਹੀ ਕਰਦੇ ਹਨ। ਉਸ ਅਨਾਜ ਨੂੰ ਬਚਾਉਣ ਲਈ ਕੈਮੀਕਲ ਵਰਤੇ ਜਾਂਦੇ ਹਨ। ਉਸ ਤੋਂ ਬਾਅਦ ਉਸ ਨੂੰ ਪ੍ਰੋਸੈਸ ਕਰਕੇ ਆਟਾ, ਦਾਲਾਂ, ਬਰੈੱਡ, ਬਰਗਰ, ਪੀਜ਼ੇ, ਚਿਪਸ, ਬਿਸਕੁਟ ਆਦਿ ਬਣਾਉਣ ਵੇਲੇ ਪ੍ਰੈਜ਼ਰਵੇਟਿਵ ਪਾਏ ਜਾਂਦੇ ਹਨ ਉਹ ਅਸਲ ਜੜ੍ਹ ਹਨ ਲੋਕਾਂ ਦੀ ਸਿਹਤ ਖ਼ਰਾਬ ਕਰਨ। ਉਦਾਹਰਨ ਦੇ ਤੌਰ 'ਤੇ ਪਹਿਲਾਂ ਦੇਸੀ ਘਿਓ ਨੂੰ ਭੰਡਿਆ ਗਿਆ ਉਸ ਦੇ ਬਦਲ ਵਿੱਚ ਡਾਲਡਾ ਫੇਰ ਰਿਫਾਇੰਡ ਉਸ ਤੋਂ ਅੱਗੇ ਓਲਿਵ ਆਇਲ ਵਗੈਰਾ ਲਿਆਂਦੇ ਗਏ। ਜਦੋਂ ਕਾਰਪੋਰੇਟ ਨੇ ਡੇਅਰੀ ਇੰਡਸਟਰੀ ਵਿੱਚ ਪੈਰ ਧਰ ਲਏ, ਅੱਜ ਮੁੜ ਕੇ ਉਹੀ ਦੇਸੀ ਘਿਓ ਠੀਕ ਹੋ ਗਿਆ । ਇਹੀ ਹਾਲ ਇਨ੍ਹਾਂ ਨੇ ਸਾਡੀਆਂ ਜ਼ਮੀਨਾਂ ਦਾ ਕਰਨਾ ਹੈ। ਅੱਜ ਆਰਗੈਨਿਕ ਅਤੇ ਕੁਦਰਤੀ ਦੇ ਨਾਮ 'ਤੇ ਪੈਦਾਵਾਰ ਅੱਧ 'ਤੇ ਪਹੁੰਚਾ ਦੇਣੀ ਹੈ। ਇੱਕ ਜਾਂ ਦੂਜੇ ਸੀਜ਼ਨ ਰਹਿੰਦੇ ਕਿਸਾਨ ਵੀ ਜ਼ਮੀਨਾਂ ਤੋਂ ਭੱਜਣਗੇ, ਫਿਰ ਆਊ ਅਸਲੀ ਖੇਡ। ਅੱਜ ਜਿਹੜੇ ਦੇਸ਼ ਸਭ ਤੋਂ ਵੱਧ ਆਰਗੈਨਿਕ ਜਾਂ ਕੁਦਰਤੀ ਖੇਤੀ ਦਾ ਝੰਡਾ ਚੁੱਕੀ ਫਿਰਦੇ ਹਨ, ਉਨ੍ਹਾਂ ਦਾ ਹਾਲ ਇਹ ਹੀ ਹੈ। ਜਪਾਨ ਜੋ ਦੁਨੀਆਂ ਲਈ ਮਿਸਾਲ ਬਣਦਾ ਹੈ ਉਹ ਸਭ ਤੋਂ ਘੱਟ ਜ਼ਮੀਨ 'ਤੇ ਖੇਤੀ ਕਰਦਾ ਹੈ ਪਰ ਦੁਨੀਆਂ ਵਿੱਚ ਸਭ ਤੋਂ ਜ਼ਿਆਦਾ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕ ਵਰਤਦਾ ਹੈ। ਆਸਟ੍ਰੇਲੀਆ ਕੁਦਰਤੀ ਖੇਤੀ ਵਿੱਚ ਇਸ ਲਈ ਹੈ ਕਿਉਂਕਿ ਉਸ ਕੋਲ ਜ਼ਮੀਨ ਹੀ ਬਰਾਨੀ ਹੈ। ਆਸਟ੍ਰੇਲੀਆ ਕੁੱਲ ਖੇਤੀ ਵਾਲੀ ਜ਼ਮੀਨ ਚੋਂ ਸਿਰਫ 9.9 ਫੀਸਦੀ ਹਿੱਸੇ 'ਤੇ ਆਰਗੈਨਿਕ ਖੇਤੀ ਕਰਦਾ ਹੈ।

ਇਥੇ ਇੱਕ ਗੱਲ ਹੋਰ ਸਮਝਣ ਦੀ ਲੋੜ ਹੈ ਕਿ ਜਦੋਂ ਪੈਦਾਵਾਰ ਚੌਥਾ ਹਿੱਸਾ ਰਹਿ ਗਈ ਤਾਂ ਅਨਾਜ ਹੋਰ ਮਹਿੰਗਾ ਹੋਊਗਾ। ਅੱਜ ਹੀ ਰੌਲਾ ਪਾਈ ਜਾਂਦੇ ਹਨ ਕਿ ਐੱਮ. ਐੱਸ. ਪੀ. ਦੇਣ ਨਾਲ ਅਨਾਜ ਦੀ ਮਹਿੰਗਾਈ ਵਧ ਰਹੀ ਹੈ। ਲੋਕਾਂ ਨੂੰ ਅੱਜ ਸਰਕਾਰੀ ਅਨਾਜ 'ਤੇ ਪਲਣਾ ਪੈ ਰਿਹਾ ਹੈ। ਜਦੋਂ ਇਹ ਕੰਮ ਹੋ ਗਿਆ ਫੇਰ ਅਨਾਜ ਦੀ ਮਹਿੰਗਾਈ ਕਿੱਥੇ ਪਹੁੰਚੇਗੀ। ਗੱਲ ਸਿਰਫ਼ 'ਤੇ ਸਿਰਫ਼ ਖੇਤੀ ਪੈਦਾਵਾਰ 'ਤੇ ਕਬਜ਼ਾ ਕਰਨ ਦੀ ਹੈ।

**ਲੈਬਾਰਟਰੀ ਖ਼ੁਰਾਕ** : ਕਾਰਪੋਰੇਟਸ ਹੁਣ ਖੋਜ ਕਰਕੇ ਕੁਝ ਇਹੋ ਜਿਹੇ ਖ਼ੁਰਾਕੀ ਪਦਾਰਥ ਵੀ ਬਾਜ਼ਾਰ ਵਿੱਚ ਲੈ ਕੇ ਆ ਰਹੇ ਹਨ ਜਿਹੜੇ ਫੈਕਟਰੀਆਂ ਵਿੱਚ ਬਣਨਗੇ। ਉਦਾਹਰਣ ਦੇ ਤੌਰ 'ਤੇ ਹੈਲਨਿਸਕੀ ਸ਼ਹਿਰ ਵਿੱਚ ਸਥਾਪਿਤ ਸੋਲਰ ਫੂਡ ਵਿੱਚ ਫੈਕਟਰੀ ਦੇ ਅੰਦਰ ਹੀ ਬੈਕਟੀਰੀਆ ਅਤੇ ਪਾਣੀ ਤੋਂ ਆਟੇ ਵਰਗਾ ਪਦਾਰਥ ਤਿਆਰ ਕਰਨ ਦੀ ਖੋਜ ਚੱਲ ਰਹੀ ਹੈ। ਇਸ ਦੇ ਨਾਲ ਹੀ ਕੁਝ ਲੋਕਾਂ ਨੇ ਜਾਨਵਰਾਂ 'ਤੇ ਤਸ਼ੱਦਦ ਨਾਮ ਦਾ ਇੱਕ ਨਵਾਂ ਸੋਸ਼ਾ ਛੱਡਿਆ ਹੋਇਆ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਪਸ਼ੂ ਆਧਾਰਿਤ ਖ਼ੁਰਾਕ ਨਹੀਂ ਖਾਣੀ ਚਾਹੀਦੀ। ਜਾਨਵਰਾਂ ਨੂੰ ਪਾਲ ਕੇ ਇਨ੍ਹਾਂ ਤੋਂ ਮਿਲਣ ਵਾਲੇ ਪਦਾਰਥ ਖਾਣ ਪੀਣ ਨਾਲ ਇਨ੍ਹਾਂ 'ਤੇ ਅੱਤਿਆਚਾਰ ਕਿਵੇਂ ਹੋਇਆ ? ਫੈਕਟਰੀ ਫਾਰਮਿੰਗ ਇਨ੍ਹਾਂ ਅਮੀਰਾਂ ਦੀ ਦੇਣ ਹੈ ਨਾ ਕਿ ਕਿਸਾਨਾਂ ਦੀ। ਕਿਸਾਨ ਤਾਂ ਇਨ੍ਹਾਂ ਨੂੰ ਖੁੱਲ੍ਹੀ ਹਵਾ ਵਿੱਚ ਰੱਖ ਕੇ ਪਾਲਦੇ ਸੀ। ਕਮਰਿਆਂ ਅਤੇ ਪਿੰਜਰਿਆਂ ਵਿੱਚ ਜਾਨਵਰਾਂ ਨੂੰ ਬੰਦ ਉਦਯੋਗਪਤੀਆਂ ਨੇ ਕੀਤਾ। ਅਸਲ ਵਿੱਚ ਹੁਣ ਇਹ ਲੋਕ ਇਸ ਤਰ੍ਹਾਂ ਲੋਕਾਂ ਨੂੰ ਗੁੰਮਰਾਹ ਕਰਕੇ ਆਪਣੀਆਂ ਫੈਕਟਰੀਆਂ ਵਿੱਚ ਤਿਆਰ ਲੈਬ ਗਰੋਨ ਮੀਟ, ਦੁੱਧ ਜਾਂ ਹੋਰ ਡੇਅਰੀ ਵਰਗੀਆਂ ਵਸਤੂਆਂ ਵੇਚਣਾ ਚਾਹੁੰਦੇ ਹਨ। ਅਮਰੀਕਾ ਦੀ ਐਫ.ਡੀ.ਏ. ਨੇ ਵੀ ਇਨ੍ਹਾਂ ਨੂੰ ਵੇਚਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਵੇਲੇ ਸਿੰਗਾਪੁਰ ਵਿੱਚ ਹੁਬਰ ਬੁਟਚੂਰੀ ਅਤੇ ਬਿਸਤਰੋ ਦੇ ਲੈਬ ਵਿੱਚ ਤਿਆਰ ਕੀਤਾ ਮੁਰਗੇ ਦਾ ਮੀਟ ਪਰੋਸਿਆ ਜਾਂਦਾ ਹੈ। ਇਸ ਵਿੱਚ ਸਵਾਦ ਅਤੇ ਬਨਾਵਟ ਦਾ ਖਾਸ ਧਿਆਨ ਰੱਖਿਆ ਗਿਆ ਹੈ ਤਾਂ ਜੋ ਇਹ ਅਸਲੀ ਮੀਟ ਵਰਗਾ ਹੀ ਲੱਗੇ। ਯੂਰਪੀਅਨ ਯੂਨੀਅਨ ਵਿੱਚ ਅਜੇ ਇਨ੍ਹਾਂ ਪਦਾਰਥਾਂ ਦੀ ਸ਼ੁਰੂਆਤ ਨਹੀਂ ਹੋਈ ਕਿਉਂਕਿ ਉਨ੍ਹਾਂ ਨੇ ਇਸ 'ਤੇ ਪੋਲਟਰੀ/ਡੇਅਰੀ ਦਾ ਲੇਬਲ ਲਾਉਣ ਤੋਂ ਮਨ੍ਹਾਂ ਕਰ ਦਿੱਤਾ ਹੈ।

**ਨਿਚੋੜ** : ਇਸ ਵਿੱਚ ਸਰਕਾਰਾਂ ਨੂੰ ਸੋਚਣਾ ਚਾਹੀਦਾ ਹੈ ਕਿ ਜੇ ਜ਼ਮੀਨਾਂ ਵੱਡੀਆਂ ਕੰਪਨੀਆਂ ਕੋਲ ਚਲੀਆਂ ਗਈਆਂ ਤਾਂ ਆਟੋਮੇਸ਼ਨ ਵਧੂ, ਜਿਸ ਨਾਲ ਬੇਰੁਜ਼ਗਾਰੀ ਜੋ ਪਹਿਲਾਂ ਹੀ ਬੇਲਗਾਮ ਹੋਈ ਫਿਰਦੀ ਹੈ ਹੋਰ ਵਧੂ। ਦੂਜੇ ਪਾਸੇ ਅਨਾਜ ਕਾਰਪੋਰੇਟਸ ਦੇ ਹੱਥਾਂ ਵਿੱਚ ਚਲਾ ਗਿਆ ਤਾਂ ਫਿਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਕੀ ਬਣੂੰ ? ਵਿਹਲੇ ਲੋਕ ਭੁੱਖੇ ਢਿੱਡ ਦੇਸ਼ ਵਿੱਚ ਅਸਥਿਰਤਾ ਫੈਲਾਉਣਗੇ।




# ਨਿੱਕੀ ਜਿਹੀ ਬੱਦਲੀ ਨੇ ਕਿਣ-ਮਿਣ ਲਾਈ ਆ.....



ਬਹਾਦਰ ਸਿੰਘ ਗੋਸਲ

ਮਨੁੱਖੀ ਜੀਵਨ ਵਿੱਚ ਕੁਝ ਵਸਤਾਂ ਅਜਿਹੀਆਂ ਹਨ ਜੋ ਸਦੀਆਂ ਤੋਂ ਮਨੁੱਖ ਦਾ ਸਾਥ ਦਿੰਦੀਆਂ ਆਈਆਂ ਹਨ। ਭਾਵੇਂ ਇਹ ਗੱਲ ਠੀਕ ਹੈ ਕਿ ਰੋਟੀ-ਕੱਪੜਾ ਅਤੇ ਮਕਾਨ ਮਨੁੱਖਾਂ ਦੀਆਂ ਮੁੱਢਲੀਆਂ ਜ਼ਰੂਰਤਾਂ ਹਨ, ਪਰ ਕੁਝ ਵਸਤਾਂ ਦੀ ਜ਼ਰੂਰਤ ਮਨੁੱਖ ਨੂੰ ਕਿਸੇ ਸੰਕਟ ਦੇ ਸਮੇਂ ਮਹਿਸੂਸ ਹੁੰਦੀ ਹੈ। ਅਜਿਹੀਆਂ ਵਸਤਾਂ ਬਹੁਤ ਛੋਟੀਆਂ ਹੋਣ ਦੇ ਕਾਰਨ ਭਾਵੇਂ ਹਰ ਵੇਲੇ ਵਰਤੋਂ ਵਿੱਚ ਨਹੀਂ ਆਉਂਦੀਆਂ,ਪਰ ਉਨ੍ਹਾਂ ਦੀ ਮਹੱਤਤਾ ਸਮੇਂ ਅਨੁਸਾਰ ਹੀ ਹੁੰਦੀ ਹੈ।

ਪੁਰਾਣੇ ਬਜ਼ੁਰਗ ਜਦੋਂ ਕਿਤੇ ਬਾਹਰ ਯਾਤਰਾ ਆਦਿ 'ਤੇ ਜਾਂਦੇ ਸਨ ਤਾਂ ਉਹ ਆਪਣੇ ਕੋਲ ਸੋਟੀ, ਗੜਵੀ ਅਤੇ ਛੱਤਰੀ ਲੈ ਕੇ ਚੱਲਦੇ ਸਨ। ਸੋਟੀ ਕਈ ਤਰ੍ਹਾਂ ਨਾਲ ਮੁਸ਼ਕਿਲ ਸਮੇਂ ਵਿੱਚ ਉਨ੍ਹਾਂ ਦੀ ਮਦਦ ਕਰਦੀ ਸੀ ਅਤੇ ਇਸੇ ਤਰ੍ਹਾਂ ਗੜਵੀ ਪਾਣੀ ਆਦਿ ਦੀ ਵਰਤੋਂ ਦੇ ਕੰਮ ਆਉਂਦੀ। ਧੁੱਪ, ਮੀਂਹ ਤੋਂ ਬਚਣ ਲਈ ਉਹ ਬਜ਼ੁਰਗ ਆਪਣੇ ਨਾਲ ਛੱਤਰੀ ਵੀ ਲੈ ਲੈਂਦੇ। ਇੱਕ ਸਾਧਾਰਨ ਛੱਤਰੀ ਬਹੁਤੀ ਮਹਿੰਗੀ ਨਹੀਂ ਸੀ ਹੁੰਦੀ ਅਤੇ ਇਸੇ ਕਰਕੇ ਪੁਰਾਣੇ ਸਮਿਆਂ ਵਿੱਚ ਹਰ ਘਰ ਵਿੱਚ ਛੱਤਰੀ ਰੱਖੀ ਮਿਲਦੀ ਸੀ। ਜਦੋਂ ਇਸ ਦੀ ਲੋੜ ਨਹੀਂ ਸੀ ਹੁੰਦੀ ਤਾਂ ਘਰ ਵਿੱਚ ਕਿਸੇ ਕੋਨੇ ਕਿੱਲੇ ਨਾਲ ਟੰਗੀ ਰਹਿੰਦੀ, ਪਰ ਮੀਂਹ ਸਮੇਂ ਜਾਂ ਧੁੱਪ ਵਿੱਚ ਬਾਹਰ ਜਾਣ ਸਮੇਂ ਬਜ਼ੁਰਗ ਇਸ ਛੱਤਰੀ ਦਾ ਫਾਇਦਾ ਉਠਾਉਂਦੇ। ਲੋਹੇ ਦੀਆਂ ਕੁਝ ਤਾਰਾਂ, ਕਾਲੇ ਕੱਪੜੇ ਅਤੇ ਲੱਕੜ ਦੀ ਖੂੰਡੀ ਵਾਲੀ ਛੱਤਰੀ ਯਾਤਰੂਆਂ ਦੀ ਸਹਿਯੋਗੀ ਮਿੱਤਰ ਬਣ ਜਾਂਦੀ ਸੀ।

ਇੰਨਾ ਹੀ ਨਹੀਂ ਇਹ ਛੱਤਰੀ ਪੰਜਾਬੀ ਸੱਭਿਆਚਾਰ ਦਾ ਇੱਕ ਅਨਿੱਖੜਵਾਂ ਅੰਗ ਬਣ ਗਈ। ਪਤਾ ਨਹੀਂ ਕਿੰਨੇ ਕੁ ਗੀਤ, ਲੋਕ ਗੀਤ, ਕਵਿਤਾਵਾਂ, ਕਹਾਣੀਆਂ ਜਾਂ ਨਾਵਲਾਂ ਦਾ ਇਹ ਛੱਤਰੀ ਸ਼ਿੰਗਾਰ ਬਣ ਗਈ। ਇੱਥੋਂ ਤੱਕ ਕੇ ਜਦੋਂ ਕਿਸੇ ਭੈਣ ਨੂੰ ਆਪਣੇ ਭਰਾ ਦੀ ਯਾਦ ਆਉਂਦੀ ਹੈ ਤਾਂ ਉਹ ਕਹਿ ਉੱਠਦੀ ਹੈ;

**ਉਹ ਵੀਰ ਮੇਰਾ ਕੁੜੀਓ**
**ਹੱਥ ਛੱਤਰੀ ਨਹਿਰ ਦੀ ਪਟੜੀ ਜਾਵੇ।**

ਪੰਜਾਬੀ ਬੋਲੀਆਂ ਵਿੱਚ ਜਦੋਂ ਦਿਓਰ-ਭਰਜਾਈ ਦੇ ਰਿਸ਼ਤੇ ਦੀ ਗੱਲ ਛਿੜਦੀ ਹੈ ਤਾਂ ਛੱਤਰੀ ਵੀ ਆਪਣਾ ਨਿਵੇਕਲਾ ਜਿਹਾ ਰੋਲ ਅਦਾ ਕਰ ਜਾਂਦੀ ਹੈ। ਇੱਕ ਬੋਲੀ ਅਨੁਸਾਰ;

**ਬਾਰੀ ਬਰਸੀ ਖੱਟਣ ਗਿਆ ਸੀ, ਖੱਟ ਕੇ ਲਿਆਂਦੀ ਚਾਂਦੀ**
**ਦਿਓਰਾ ਕਰ ਛੱਤਰੀ, ਭਾਬੀ ਅੰਬ ਚੂਪਦੀ ਜਾਂਦੀ।**

ਇਸੇ ਤਰ੍ਹਾਂ 40-50 ਸਾਲ ਪਹਿਲਾਂ ਪੰਜਾਬ ਦੇ ਪੇਂਡੂ ਖੇਤਰ ਵਿੱਚ ਜਿਨ੍ਹਾਂ ਪੰਜਾਬੀ ਗੀਤਾਂ ਦੀ ਭਰਮਾਰ ਹੁੰਦੀ ਸੀ, ਉਨ੍ਹਾਂ ਵਿੱਚ ਕਿਸੇ ਪੱਖੋਂ ਛੱਤਰੀ ਦੀ ਗੱਲ ਜ਼ਰੂਰ ਕੀਤੀ ਜਾਂਦੀ ਸੀ। ਇਸ ਤਰ੍ਹਾਂ ਇੱਕ ਪੰਜਾਬੀ ਗੀਤ ਜੋ ਪੰਜਾਬੀਆਂ ਦੇ ਦਿਲਾਂ ਨੂੰ ਖ਼ੁਸ਼ ਕਰ ਗਿਆ



ਸੀ ਅਤੇ ਪੰਜਾਬੀ ਸੱਭਿਆਚਾਰ ਵਿੱਚ ਬਹੁਤ ਹੀ ਮਿਠਾਸ ਘੋਲ ਗਿਆ ਸੀ, ਉਸ ਦੀਆਂ ਇਹ ਸਤਰਾਂ ਮਨ ਨੂੰ ਮੋਹ ਲੈਂਦੀਆਂ ਸਨ;

**ਸੁਣ ਵੇ ਚੀਰੇ ਵਾਲਿਆ, ਮੈਂ ਕਹਿੰਦੀ ਆ**
**ਕਰ ਛੱਤਰੀ ਦੀ ਛਾਂ, ਮੈਂ ਛਾਵੇਂ ਬਹਿੰਦੀ ਆ।**

ਇਸ ਤਰ੍ਹਾਂ ਇਹ ਛੱਤਰੀ, ਪੰਜਾਬੀਆਂ ਦੇ ਹਰ ਰੰਗ, ਦੁੱਖ, ਸੁੱਖ ਵਿੱਚ ਸਹਾਈ ਹੁੰਦੀ ਸੀ ਅਤੇ ਇਹ ਸਾਡੇ ਵਿਰਸੇ ਦੀ ਇੱਕ ਅਹਿਮ ਕੜੀ ਬਣੀ ਹੋਈ ਸੀ। ਪੰਜਾਬ ਦੇ ਪਿੰਡਾਂ ਵਿੱਚ ਵਿਆਹਾਂ ਵਿੱਚ ਵੀ ਛੱਤਰੀ ਨਹੀਂ ਸੀ ਭੁੱਲਦੀ। ਜਦੋਂ ਜੰਞ ਰਥਾਂ, ਗੱਡਿਆਂ ਅਤੇ ਊਠਾਂ-ਘੋੜਿਆਂ 'ਤੇ ਜਾਇਆ ਕਰਦੀ ਸੀ ਤਾਂ ਲਾੜੇ ਦੇ ਰਥ ਨੂੰ ਸ਼ਿੰਗਾਰ ਕੇ ਉਸ ਉੱਪਰ ਸ਼ਗਨਾਂ ਦੇ ਤੌਰ 'ਤੇ ਛੱਤਰੀ ਲਗਾਈ ਜਾਂਦੀ ਸੀ। ਜਿਸ ਤਰ੍ਹਾਂ ਇਸ ਬੋਲੀ ਵਿੱਚ ਸੁਣਨ ਨੂੰ ਮਿਲਦਾ ਹੈ;

**ਵਿਆਂਦੜ ਗੱਭਰੂ ਰਥ ਵਿੱਚ ਬਹਿ ਗਿਆ**
**ਉੱਪਰ ਛੱਤਰੀ ਲਾ ਕੇ**
**ਵੀਰ ਉਹਦੇ ਚੜ੍ਹ ਗਏ ਊਠਾਂ 'ਤੇ**
**ਪੈਰੀ ਝਾਂਜਰਾਂ ਪਾ ਕੇ**
**ਚਾਚੇ, ਤਾਏ, ਮਾਮੇ, ਦੋਸਤ ਜੰਞ ਚੜ੍ਹਗੇ ਹੁੰਮ ਹੁੰਮਾ ਕੇ**
**ਭੰਗੜਾ ਖ਼ੂਬ ਪਿਆ, ਜਦ ਜੰਞ ਢੁੱਕੀ ਦਰਵਾਜ਼ੇ।**

ਅੱਜ ਮੈਂ ਜਿਸ ਛੱਤਰੀ ਦੀ ਗੱਲ ਦੱਸਣ ਲੱਗਿਆ ਹਾਂ ਉਹ ਛੱਤਰੀ ਮੇਰੇ ਦਿਲ-ਦਿਮਾ.ਗ 'ਤੇ ਪਿਛਲੇ ਚਾਰ ਦਹਾਕਿਆ ਤੋਂ ਛਾਈ ਹੋਈ ਹੈ। ਗੱਲ ਉਸ ਸਮੇਂ ਦੀ ਹੈ ਜਦੋਂ 1964 ਵਿੱਚ ਮੈਂ ਆਪਣੇ ਪਿੰਡ ਦੇ ਨਾਲ ਦੇ ਪਿੰਡ ਵਿੱਚ ਨੌਵੀਂ ਜਮਾਤ ਵਿੱਚ ਪੜ੍ਹਦਾ ਸੀ। ਸਤੰਬਰ ਦੇ ਮਹੀਨੇ ਸਕੂਲ ਵਿੱਚ ਪੇਪਰ ਚੱਲ ਰਹੇ ਸਨ ਅਤੇ ਇੱਕ ਦਿਨ ਛੁੱਟੀ ਜਲਦੀ ਹੋ ਗਈ। ਉਦੋਂ ਸਾਨੂੰ ਪਤਾ ਲੱਗਿਆ ਕਿ ਉਸ ਪਿੰਡ ਵਿੱਚ ਗਾਉਣ ਵਾਲੀ ਦਾ ਅਖਾੜਾ ਹੈ ਤਾਂ ਅਸੀਂ ਸਕੂਲ ਤੋਂ ਸਿੱਧੇ ਉਸ ਅਖਾੜੇ ਵਿੱਚ ਪਹੁੰਚ ਗਏ। ਉੱਥੇ ਲੋਕਾਂ ਦਾ ਭਾਰੀ ਇਕੱਠ ਸੀ ਅਤੇ ਅਸੀਂ ਵੀ ਇੱਕ ਕੋਨੇ ਵਿੱਚ ਜਾ ਖੜ੍ਹੇ ਹੋਏ। ਬੱਦਲ ਜਿਹੇ ਛਾਏ ਹੋਏ ਸਨ ਅਤੇ ਇਸ ਤਰ੍ਹਾਂ ਮੌਸਮ ਵੀ ਬੜਾ ਖ਼ੁਸ਼ਗਵਾਰ ਸੀ। ਲੋਕ ਗਾਇਕ ਜੋੜੀ ਵੱਲੋਂ ਗਾਏ ਜਾ ਰਹੇ ਗੀਤਾਂ ਦਾ ਭਰਪੂਰ ਆਨੰਦ ਲੈ ਰਹੇ ਸਨ। ਗਾਇਕ ਜੋੜੀ ਨੇ ਵੀ ਚੰਗੇ ਗੀਤਾਂ ਨਾਲ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਸਭ ਦੇ ਮਨਾਂ ਨੂੰ ਵਸ ਕਰ ਲਿਆ ਸੀ। ਲੋਕ ਹਿੱਲਣ ਦਾ ਨਾ ਨਹੀਂ ਸਨ ਲੈਂਦੇ, ਪਰ ਅਚਾਨਕ ਹੀ ਬੱਦਲਾਂ ਵਿੱਚੋਂ ਬੂੰਦਾ-ਬਾਂਦੀ ਜਿਹੀ ਹੋਣ ਲੱਗੀ ਅਤੇ ਸਰੋਤਿਆਂ ਵਿੱਚ ਵੀ ਘੁਸਰ-ਮੁਸਰ ਜਿਹੀ ਦੇਖੀ ਜਾਣ ਲੱਗੀ, ਪਰ ਉਸ ਗਾਇਕ ਜੋੜੀ ਦੀ ਗਾਇਕਾ ਨੇ ਤੁਰੰਤ ਮੌਕਾ ਸੰਭਾਲਿਆ ਅਤੇ ਇਹ ਗੀਤ ਗਾਉਣਾ ਸ਼ੁਰੂ ਕਰ ਦਿੱਤਾ;

**ਨਿੱਕੀ ਜਿਹੀ ਬੱਦਲੀ ਨੇ ਕਿਣ-ਮਿਣ ਲਾਈ ਆ**
**ਤਾਣ ਛੱਤਰੀ ਵੇ ਜਿਹੜੀ ਲੰਡਨੋਂ ਮੰਗਾਈ ਆ**
**ਤਾਣ ਛੱਤਰੀ ਵੇ ਜਿਹੜੀ.......**

ਇੰਨੀ ਮਿੱਠੀ ਆਵਾਜ਼, ਮੌਕੇ ਦੀ ਨਜ਼ਾਕਤ ਅਤੇ ਗਾਉਣ ਦੀ ਕਲਾ ਨੇ ਜਿਵੇਂ ਲੋਕ ਕੀਲ ਹੀ ਦਿੱਤੇ ਹੋਣ, ਸਭ ਆਪਣੀ ਆਪਣੀ ਥਾਂ 'ਤੇ ਕਿਣ-ਮਿਣ ਨੂੰ ਭੁੱਲ ਕੇ ਸ਼ਾਂਤ ਹੋ ਕੇ ਬੈਠ ਗਏ। ਅੱਜ ਵੀ ਜਦੋਂ ਕਦੇ ਮੈਨੂੰ ਮੀਂਹ ਵਿੱਚ ਬਾਹਰ ਜਾਣ ਦਾ ਮੌਕਾ ਮਿਲਦਾ ਹੈ ਤਾਂ ਮਨ ਆਪਣੇ ਆਪ ਹੀ ਇਹ ਗੀਤ ਗੁਣਗੁਣਾਉਣ ਲੱਗ ਜਾਂਦਾ ਹੈ ਅਤੇ ਅੱਖਾਂ ਸਾਹਮਣੇ ਆ ਜਾਂਦਾ ਹੈ, ਪਿੰਡ ਦੇ ਉਸ ਅਖਾੜੇ ਦਾ ਦ੍ਰਿਸ਼।

ਸਾਡੇ ਸਮਾਜ ਵਿੱਚ ਛੱਤਰੀ ਦੀ ਸਦੀਆਂ ਤੋਂ ਹੀ ਮਹੱਤਤਾ ਰਹੀ ਹੈ। ਇੱਥੋਂ ਤੱਕ ਕਿ ਇਸ ਨੂੰ ਸਜਾਵਟੀ ਰੂਪ ਦੇ ਕੇ ਸ਼ਾਨ ਦਾ ਪ੍ਰਤੀਕ ਬਣਾਇਆ ਜਾਂਦਾ ਰਿਹਾ ਹੈ। ਪੁਰਾਣੇ ਬਾਦਸ਼ਾਹ ਜਦੋਂ ਹਾਥੀਆਂ 'ਤੇ ਬੈਠ ਕੇ ਆਪਣੀ ਖਲਕਤ ਵਿੱਚ ਜਾਂਦੇ ਸਨ ਤਾਂ ਛੱਤਰੀ ਨੂੰ ਵੱਡਾ ਕਰਕੇ ਸਜਾ ਕੇ ਵੱਡਾ ਛੱਤਰ ਬਣਾਇਆ ਜਾਂਦਾ ਅਤੇ ਉਹ ਬਾਦਸ਼ਾਹ ਦੇ ਸਿਰ ਉੱਪਰ ਸ਼ਾਹੀ ਠਾਠ ਦਾ ਨਜ਼ਾਰਾ ਦੇਣ ਲਈ ਝੁਲਾਇਆ ਜਾਂਦਾ। ਦੂਜੇ ਪਾਸੇ ਗਰੀਬਾਂ ਕੋਲ ਉਹੀ ਕਾਲੇ ਕੱਪੜੇ ਵਾਲੀ ਹੱਥ ਖੂੰਡੀ ਵਾਲੀ ਛੱਤਰੀ ਹੀ ਹੁੰਦੀ ਸੀ ਜਿਸ ਨੂੰ ਉਹ ਆਪਣੇ ਕੋਲ ਰੱਖ ਕੇ ਆਪਣੀ ਸ਼ਾਨ ਸਮਝਦੇ ਸਨ। ਜਿਉਂ-ਜਿਉਂ ਸਮਾਂ ਬਦਲਦਾ ਗਿਆ ਇਹ ਛੱਤਰੀ ਵੀ ਨਵਾਂ ਰੰਗ-ਰੂਪ ਅਪਣਾਉਣ ਲੱਗੀ। ਫੈਸ਼ਨਾਂ ਦੀ ਬਦਲਦੀ ਦੁਨੀਆ ਵਿੱਚ ਇਸ ਕਾਲੀ ਛੱਤਰੀ ਨੂੰ ਰੰਗ ਚੜ੍ਹਨ ਲੱਗੇ। ਸ਼ਹਿਰਾਂ ਵਿੱਚ ਇਨ੍ਹਾਂ ਛੱਤਰੀਆਂ ਦੇ ਡਿਜ਼ਾਇਨਾਂ ਦੀ ਹੋੜ ਜਿਹੀ ਲੱਗ ਗਈ। ਸ਼ਹਿਰੀ ਮੁਟਿਆਰਾਂ ਲਈ ਛੱਤਰੀ ਨਵਾਂ ਫੈਸ਼ਨ ਬਣਨ ਲੱਗੀ। ਇਹ ਮੁਟਿਆਰਾਂ ਧੁੱਪ ਵਿੱਚ ਕਦੇ ਵੀ ਛੱਤਰੀ ਤੋਂ ਬਿਨਾਂ ਬਾਹਰ ਨਾ ਨਿਕਲਦੀਆਂ। ਸ਼ਹਿਰਾਂ ਵਿੱਚ ਕੰਮਕਾਜੀ ਔਰਤਾਂ ਤਾਂ ਆਪਣੇ ਪਹਿਰਾਵੇ ਨਾਲ ਮੈਚ ਕਰਦੀਆਂ, ਰੰਗਦਾਰ ਛੱਤਰੀਆਂ ਵੀ ਖਰੀਦ ਦੀਆਂ ਦੇਖੀਆਂ ਜਾਂਦੀਆਂ ਹਨ। ਛੋਟੇ ਬੱਚਿਆਂ ਲਈ ਰੰਗਦਾਰ ਛੋਟੀਆਂ-ਛੋਟੀਆਂ ਛੱਤਰੀਆਂ ਤੋਂ ਦੁਕਾਨਦਾਰ ਖ਼ੂਬ ਲਾਭ ਕਮਾਉਣ ਲੱਗੇ ਹਨ। ਬੱਚੇ ਵੀ ਸੋਹਣੀ ਤੋਂ ਸੋਹਣੀ ਛੱਤਰੀ ਲੈਣ ਦੀ ਜ਼ਿੱਦ ਕਰਦੇ ਹਨ। ਇੱਥੋਂ ਤੱਕ ਕਿ ਬੱਚਿਆਂ ਲਈ ਤਾਂ ਤਰ੍ਹਾਂ ਤਰ੍ਹਾਂ ਦੇ ਰੰਗਾਂ ਦੇ ਨਾਲ ਨਾਲ ਉਨ੍ਹਾਂ ਦੇ ਪਸੰਦੀਦਾ ਕਾਰਟੂਨ ਕਰੈਕਟਰਾਂ ਦੀਆਂ ਤਸਵੀਰਾਂ ਵਾਲੀਆਂ ਵੀ ਛੱਤਰੀਆਂ ਆਉਣ ਲੱਗੀਆਂ ਹਨ।

ਇਹੀ ਕਾਰਨ ਹੈ ਕਿ ਅੱਜ ਬਾਜ਼ਾਰਾਂ ਵਿੱਚ ਨਵੀਆਂ-ਨਵੀਆਂ ਕਿਸਮਾਂ ਦੀਆਂ ਛੱਤਰੀਆਂ ਆ ਰਹੀਆਂ ਹਨ। ਸ਼ਹਿਰਾਂ ਵਿੱਚ ਤਾਂ ਮੁਟਿਆਰਾਂ ਧੁੱਪ ਤੋਂ ਬਚਾਉਣ ਲਈ ਸੁਰੱਖਿਆ ਕਵਚ ਦੇ ਤੌਰ 'ਤੇ ਛੱਤਰੀ ਲੈ ਕੇ ਚੱਲਦੀਆਂ ਹਨ। ਧੁੱਪ ਭਾਵੇਂ ਥੋੜ੍ਹੀ ਹੋਵੇ ਜਾਂ ਬਹੁਤੀ ਉਨ੍ਹਾਂ ਵੱਲੋਂ ਛੱਤਰੀ ਲੈਣਾ ਠੀਕ ਸਮਝਿਆ ਜਾਂਦਾ ਹੈ। ਕਈ ਵਾਰ ਤਾਂ ਦਸਬੰਰ ਦੇ ਮਹੀਨੇ ਵਿੱਚ ਜਦੋਂ ਧੁੱਪ ਚਮਕਦੀ ਹੈ ਤਾਂ ਵੀ ਉਹ ਛੱਤਰੀ ਲੈਣ ਨੂੰ ਤਰਜੀਹ ਦਿੰਦੀਆਂ ਹਨ। ਅਜਿਹੀਆਂ ਮੁਟਿਆਰਾਂ ਨੂੰ ਦੇਖ ਕੇ ਤਾਂ ਕਿਸੇ ਨੇ ਲਿਖਿਆ ਹੋਵੇਗਾ;

**ਮੇਰੀ ਜੁਗਨੀ ਆ ਇੱਕ ਨੰਬਰ ਦੀ**
**ਧੁੱਪ ਸਹਿ ਨਾ ਸਕੇ ਦਸੰਬਰ ਦੀ।**

ਇਸ ਤਰ੍ਹਾਂ ਹੀ ਛੱਤਰੀ ਦੇ ਗੁਣ ਦੇਖ ਕੇ ਪਿੰਡਾਂ ਵਿੱਚ ਬਹੁਤੇ ਨੌਜਵਾਨ ਜੋ ਕਬੂਤਰ ਪਾਲਣ ਦੇ ਸ਼ੌਕੀਨ ਹਨ, ਉਹ ਆਪਣੇ ਘਰਾਂ ਦੀਆਂ ਛੱਤਾਂ 'ਤੇ ਕਬੂਤਰਾਂ ਦੇ ਬੈਠਣ ਲਈ ਛੱਤਰੀ ਲਗਵਾ ਲੈਂਦੇ ਹਨ। ਕਬੂਤਰ ਵੀ ਅਜਿਹੇ ਆਦੀ ਹੋ ਜਾਂਦੇ ਹਨ ਕਿ ਲੰਬਾ ਸਮਾਂ ਦੂਰ-ਦੂਰ ਘੁੰਮ ਕੇ ਉਸ ਛੱਤਰੀ 'ਤੇ ਆ ਕੇ ਬੈਠ ਜਾਂਦੇ ਹਨ। ਇਸ ਤਰ੍ਹਾਂ ਬਹੁਤ ਸਾਰੇ ਚੀਨੇ ਕਬੂਤਰ ਉਸ ਛੱਤਰੀ 'ਤੇ ਆ ਬੈਠਦੇ ਹਨ ਅਤੇ ਨੌਜਵਾਨ ਉਨ੍ਹਾਂ ਨੂੰ ਪਾਲਤੂ ਬਣਾ ਲੈਂਦੇ ਹਨ। ਕਿੰਨੇ ਹੀ ਗੀਤ ਅਤੇ ਬੋਲੀਆਂ ਕੋਠੇ 'ਤੇ ਲੱਗੀ ਇਸ ਛੱਤਰੀ ਬਾਰੇ ਲਿਖੇ ਗਏ ਹਨ;

**ਨੀਂ ਸੁਣ ਚੀਨੀ ਕਬੂਤਰੀ ਏ**
**ਤੂੰ ਨਿੱਤ ਮੇਰੀ ਛੱਤਰੀ 'ਤੇ ਆ।**

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਹ ਛੱਤਰੀ ਸਾਡੇ ਸੱਭਿਆਚਾਰਕ ਜੀਵਨ ਵਿੱਚ ਸ਼ਿੰਗਾਰ ਰਸ ਦਾ ਕਾਰਨ ਬਣਦੀ ਹੈ। ਬਹੁਤ ਛੋਟੀ ਵਸਤੂ ਹੋਣ ਦੇ ਬਾਵਜੂਦ ਇਹ ਸਾਡੇ ਵੱਡੇ ਕੰਮ ਦੀ ਚੀਜ਼ ਹੈ।



# ਪਿੰਡਾਂ ਵਿੱਚੋਂ ਗਾਇਬ ਹੋਈ ਸੱਥਾਂ ਦੀ ਰੌਣਕ

ਜਗਤਾਰ ਸਮਾਲਸਰ

ਅਜੋਕੇ ਸਮੇਂ ਦੌਰਾਨ ਨਿਰੰਤਰ ਬਦਲ ਰਹੇ ਸਮਾਜਿਕ ਹਾਲਾਤ ਵਿੱਚ ਪਿੰਡਾਂ ਦੀਆਂ ਸੱਥਾਂ ਵਿੱਚੋਂ ਹੁਣ ਬਜ਼ੁਰਗਾਂ ਦੀ ਰੌਣਕ ਖ਼ਤਮ ਹੋਣ ਲੱਗੀ ਹੈ। ਇੱਕ ਸਮਾਂ ਅਜਿਹਾ ਸੀ ਜਦੋਂ ਪਿੰਡ ਦੀ ਸੱਥ ਨੂੰ ਪਿੰਡ ਦੀ ਸੰਸਦ ਵਜੋਂ ਜਾਣਿਆ ਜਾਂਦਾ ਸੀ। ਜਿੱਥੇ ਪਿੰਡ ਵਿੱਚ ਵਾਪਰੇ ਕਿਸੇ ਵੀ ਤਰ੍ਹਾਂ ਦੇ ਘਟਨਾਕ੍ਰਮ, ਗ਼ਮੀ, ਵਿਆਹ ਦੀ ਪੂਰੀ ਜਾਣਕਾਰੀ ਸੱਥ ਵਿੱਚ ਮਿਲਦੀ ਸੀ, ਉੱਥੇ ਹੀ ਪਿੰਡ ਦੇ ਮਸਲੇ ਵੀ ਸੱਥ ਵਿੱਚ ਨਿਪਟਾਏ ਜਾਂਦੇ ਸਨ। ਹਰ ਘਰ ਵਿੱਚ ਬਜ਼ੁਰਗਾਂ ਦੀ ਐਨੀ ਅਹਿਮੀਅਤ ਹੁੰਦੀ ਸੀ ਕਿ ਉਨ੍ਹਾਂ ਵੱਲੋਂ ਆਖੀ ਗਈ ਕਿਸੇ ਵੀ ਗੱਲ ਨੂੰ ਨਕਾਰਨ ਦੀ ਪਰਿਵਾਰ ਦੇ ਕਿਸੇ ਵੀ ਮੈਂਬਰ ਵਿੱਚ ਹਿੰਮਤ ਨਹੀਂ ਹੁੰਦੀ ਸੀ। ਸੱਥਾਂ ਵਿੱਚ ਬਜ਼ੁਰਗਾਂ ਦੀ ਰਹਿਨੁਮਾਈ ਵਿੱਚ ਹੁੰਦੇ ਫ਼ੈਸਲੇ ਅਤੇ ਸਮਝੌਤੇ ਵੀ ਲੋਹੇ 'ਤੇ ਲਕੀਰ ਵਾਂਗ ਸਨ। ਬਜ਼ੁਰਗ ਪਿੰਡਾਂ ਦੀਆਂ ਸੱਥਾਂ ਦੀ ਰੌਣਕ ਹੋਇਆ ਕਰਦੇ ਸਨ।

ਵੱਡੇ ਪਿੰਡਾਂ ਵਿੱਚ ਕਈ-ਕਈ ਸੱਥਾਂ ਹੁੰਦੀਆਂ ਸਨ ਜਿੱਥੇ ਬਜ਼ੁਰਗ ਅਤੇ ਵਿਹਲੇ ਸਮੇਂ ਦੌਰਾਨ ਹੋਰ ਲੋਕ ਵੀ ਤਾਸ਼ ਆਦਿ ਖੇਡਦੇ ਅਤੇ ਆਪਸੀ ਹਾਸਾ-ਠੱਠਾ ਕਰਦੇ ਨਜ਼ਰ ਆਉਂਦੇ ਸਨ। ਸਵੇਰੇ ਅਤੇ ਆਥਣ ਵੇਲੇ ਪਿੰਡਾਂ ਦੀਆਂ ਸੱਥਾਂ ਵਿੱਚ ਰੌਣਕ ਜ਼ਿਆਦਾ ਹੁੰਦੀ ਸੀ। ਬਹੁਤੇ ਬਜ਼ੁਰਗ ਦੁਪਹਿਰ ਨੂੰ ਵੀ ਸੱਥਾਂ ਵਿੱਚ ਪਿੱਪਲਾਂ ਅਤੇ ਬੋਹੜਾਂ ਦੀਆਂ ਛਾਵਾਂ ਥੱਲੇ ਹੀ ਮੰਜੇ ਡਾਹ ਕੇ ਸੁੱਤੇ ਰਹਿੰਦੇ ਸਨ। ਸਮਾਂ ਅਜਿਹਾ ਸੀ ਕਿ ਜਦੋਂ ਵੀ ਘਰ ਕਿਸੇ ਮਹਿਮਾਨ ਨੇ ਆਉਣਾ ਤਾਂ ਘਰ ਦੀਆਂ ਔਰਤਾਂ ਨੇ ਬੱਚਿਆਂ ਨੂੰ ਵੀ ਇਹੀ ਕਹਿਣਾ 'ਜਾ ਆਪਣੇ ਬਾਬੇ ਨੂੰ 'ਵਾਜ਼ ਮਾਰ ਕੇ ਲਿਆ ਸੱਥ ਵਿੱਚ ਬੈਠੇ ਹੋਣੇ।" ਯਾਨਿ ਸੱਥ ਪਿੰਡ ਦੇ ਬਜ਼ੁਰਗਾਂ ਦੀ ਵਿਸ਼ੇਸ਼ ਠਾਹਰ ਹੁੰਦੀ ਸੀ।



ਜਿਹੜੇ ਲੋਕ ਬਜ਼ੁਰਗਾਂ ਦੀ ਸੰਗਤ ਵਿੱਚ ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਦਾ ਕੁਝ ਨਾ ਕੁਝ ਸਮਾਂ ਗੁਜ਼ਾਰਦੇ ਹਨ, ਉਹ ਜਵਾਨੀ ਵਿੱਚ ਹੀ ਸਿਆਣੇ ਹੋ ਜਾਂਦੇ ਹਨ ਕਿਉਂਕਿ ਬੁਢਾਪੇ ਦੀ ਉਮਰ ਜ਼ਿੰਦਗੀ ਦੇ ਕੌੜੇ-ਮਿੱਠੇ ਅਨੁਭਵ ਦਾ ਨਿਚੋੜ ਹੁੰਦੀ ਹੈ। ਭਾਵੇਂ ਨੌਜਵਾਨ ਪੀੜ੍ਹੀ ਦੇ ਵੱਡੇ ਹਿੱਸੇ ਨੇ ਬਜ਼ੁਰਗਾਂ ਦੀਆਂ ਗੱਲਾਂ ਨੂੰ ਅਹਿਮੀਅਤ ਦੇਣ ਤੋਂ ਕਿਨਾਰਾ ਕਰ ਲਿਆ ਹੈ, ਪਰ ਬਜ਼ੁਰਗਾਂ ਦੇ ਮੂੰਹੋਂ ਨਿਕਲੀ ਇੱਕ-ਇੱਕ ਗੱਲ ਸੱਚ ਸਾਬਤ ਹੁੰਦੀ ਹੈ। ਬਜ਼ੁਰਗ ਕਿਸੇ ਵੱਡੀ ਡਿਕਸ਼ਨਰੀ ਤੋਂ ਘੱਟ ਨਹੀਂ। ਬਜ਼ੁਰਗਾਂ ਦੇ ਤਜਰਬਿਆਂ ਵਿੱਚੋਂ ਨਿਕਲੀਆਂ ਗੱਲਾਂ ਕਿਤਾਬਾਂ ਵਿੱਚ ਵੀ ਨਹੀਂ ਮਿਲਦੀਆਂ। ਇਸੇ ਲਈ ਆਖਿਆ ਜਾਂਦਾ ਹੈ ਕਿ ਬਜ਼ੁਰਗਾਂ ਦੇ ਜੀਵਨ ਅਨੁਭਵ ਦਾ ਫਾਇਦਾ ਲੈਣ ਵਾਲਾ ਹਰ ਇਨਸਾਨ ਆਪਣੀ ਜ਼ਿੰਦਗੀ ਵਿੱਚ ਕਿਧਰੇ ਵੀ ਮਾਰ ਨਹੀਂ ਖਾਂਦਾ। ਹੁਣ ਸਮਾਂ ਬਦਲ ਗਿਆ ਹੈ। ਪਿੰਡਾਂ ਦੀਆਂ ਸੱਥਾਂ ਦੀ ਰੌਣਕ ਬਣਨ ਵਾਲੇ ਬਜ਼ੁਰਗ ਹੁਣ ਘਰਾਂ ਦੇ ਜਿੰਦਰਿਆਂ ਦਾ ਕੰਮ ਦੇਣ ਲੱਗੇ ਹਨ। ਵਿਦੇਸ਼ ਜਾਣ ਦੀ ਲਾਲਸਾ ਅਧੀਨ ਹੀ ਪੰਜਾਬ ਦੇ ਪਿੰਡ ਨਿੱਤ ਖਾਲੀ ਹੋ ਰਹੇ ਹਨ। ਵੱਡੀਆਂ-ਵੱਡੀਆਂ ਕੋਠੀਆਂ ਹੁਣ ਵਿਰਾਨ ਨਜ਼ਰ ਆਉਣ ਲੱਗੀਆਂ ਹਨ। ਪਰਿਵਾਰਾਂ ਦੇ ਪਰਿਵਾਰ ਹੁਣ ਵਿਦੇਸ਼ ਜਾ ਵਸੇ ਹਨ। ਬਜ਼ੁਰਗ ਹੁਣ ਇਨ੍ਹਾਂ ਮਹਿਲਨੁਮਾ ਕੋਠੀਆਂ ਵਿੱਚ ਹੀ ਕੈਦੀਆਂ ਵਾਲੀ ਜ਼ਿੰਦਗੀ ਬਸਰ ਕਰਦੇ ਨਜ਼ਰ ਆਉਂਦੇਹਨ ਜਾਂ ਬਹੁਤੇ ਬਜ਼ੁਰਗ ਵੀ ਆਪਣੇ ਧੀਆਂ-ਪੁੱਤਾਂ ਨਾਲ ਵਿਦੇਸ਼ੀ ਧਰਤੀ 'ਤੇ ਜਾ ਵਸੇ ਹਨ। ਜਿੱਥੇ ਉਹ ਅੱਜ ਵੀ ਪਿੰਡਾਂ ਦੀਆਂ ਸੱਥਾਂ ਵਿੱਚ ਲੱਗਦੀਆਂ ਰੌਣਕਾਂ ਨੂੰ ਯਾਦ ਕਰਕੇ ਆਪਣੀ ਜ਼ਿੰਦਗੀ ਨੂੰ ਅਗਾਂਹ ਤੋਰ ਰਹੇ ਹਨ।

ਸੱਥਾਂ ਵਿੱਚ ਚੱਲਦੇ ਹਾਸੇ-ਠੱਠੇ ਅਤੇ ਦੁੱਖ-ਸੁੱਖ ਸਾਂਝਾ ਕਰਨ ਨਾਲ ਬਜ਼ੁਰਗਾਂ ਦੇ ਚਿਹਰਿਆਂ 'ਤੇ ਵੀ ਰੌਣਕ ਨਜ਼ਰ ਆਉਂਦੀ ਸੀ, ਪਰ ਹੁਣ ਬਹੁਤੇ ਘਰਾਂ ਵਿੱਚ ਪਏ ਬਜ਼ੁਰਗ ਵੀ ਇਕੱਲਤਾ ਨੂੰ ਹੰਢਾ ਰਹੇ ਹਨ। ਸਾਰਾ ਦਿਨ ਸੋਚਾਂ ਵਿੱਚ ਪਿਆ ਮਨ ਫਿਕਰਾਂ ਵਿੱਚ ਵਾਧਾ ਕਰ ਰਿਹਾ ਹੈ ਜੋ ਜ਼ਿੰਦਗੀ ਦੇ ਆਖਰੀ ਪੜਾਅ ਨੂੰ ਵੱਡਾ ਖੋਰਾ ਲਗਾ ਰਿਹਾ ਹੈ। ਦਿਨੋਂ-ਦਿਨ ਵਧ ਰਹੇ ਪਰਵਾਸ ਅਤੇ ਪੈਸੇ ਦੀ ਦੌੜ ਵਿੱਚ ਲੱਗੇ ਮਨੁੱਖੀ ਜੀਵਨ ਕਾਰਨ ਹੁਣ ਉਨ੍ਹਾਂ ਪੁਰਾਣੀਆਂ ਰੌਣਕਾਂ ਦੇ ਮੁੜ ਆਉਣ ਦੀ ਉਡੀਕ ਕਰਨਾ ਸਿਰਫ਼ ਦਿਲ ਨੂੰ ਧਰਵਾਸਾ ਦੇਣ ਵਾਲੀ ਗੱਲ ਹੀ ਜਾਪਦੀ ਹੈ। ਅੱਜ ਭਾਵੇਂ ਇਨਸਾਨ ਨੇ ਪੈਸੇ ਦੇ ਬਲਬੂਤੇ ਆਪਣੀ ਜ਼ਿੰਦਗੀ ਨੂੰ ਆਰਾਮਦਾਇਕ ਤਾਂ ਬਣਾ ਲਿਆ ਹੈ, ਪਰ ਦਿਲ ਦੀ ਬੇਚੈਨੀ ਨੂੰ ਵਧਾ ਲਿਆ ਹੈ। ਮਿਲ ਕੇ ਬੈਠਣ ਦੌਰਾਨ ਹੁੰਦੇ ਹਾਸੇ-ਮਜ਼ਾਕ ਅਤੇ ਦੁੱਖਾਂ-ਸੁੱਖਾਂ ਦੀ ਸਾਂਝ ਨਾ ਰਹਿਣ ਕਾਰਨ ਹੁਣ ਜਿੱਥੇ ਆਮ ਲੋਕ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹਨ, ਉੱਥੇ ਹੀ ਉਮਰਾਂ ਦੇ ਪੜਾਅ ਵੀ ਹੁਣ ਛੋਟੇ ਹੁੰਦੇ ਜਾ ਰਹੇ ਹਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨਤਾ ਦਿਵਸ 'ਤੇ ਵਿਸ਼ੇਸ਼

# ਅਜੋਕੇ ਯੁੱਗ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਭੂਮਿਕਾ

ਦਿਲਜੀਤ ਸਿੰਘ ਬੇਦੀ

ਗੁਰੂ ਨਾਨਕ ਦੇਵ ਜੀ ਨੇ ਚਾਰਾਂ ਦਿਸ਼ਾਵਾਂ ਦੀ ਯਾਤਰਾ ਕਰਕੇ ਸਮੇਂ ਦੇ ਧਰਮੀ ਚਿੰਤਕਾਂ ਨਾਲ ਸੰਵਾਦ ਰਚਾਉਂਦੇ ਹੋਏ ਨਵੀਨਤਮ ਕ੍ਰਾਂਤੀਕਾਰੀ ਵਿਗਿਆਨਕ ਯੁੱਗ ਦੇ 'ਧਰਮ ਗ੍ਰੰਥ' ਦੇ ਸੰਕਲਨ ਦਾ ਬੀਜ ਬੀਜਿਆ, ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ 1604 ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ 'ਆਦਿ ਗ੍ਰੰਥ' ਵਜੋਂ ਰੂਪਮਾਨ ਕੀਤਾ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਰ ਬਚਨ ਸਰਬ-ਸਾਂਝੀਵਾਲਤਾ ਦਾ ਸੰਚਾਰ ਤੇ ਪ੍ਰਸਾਰ ਕਰਦਾ ਹੈ। ਅੱਜ ਗਲੋਬਲ ਪੱਧਰ 'ਤੇ ਸੰਜਮ ਵਿਹੂਣੇ ਸਭਿਆਚਾਰ ਦਾ ਪਸਾਰਾ ਹੈ। ਸਮੁੱਚੀ ਮਨੁੱਖਤਾ ਕਈ ਤਰ੍ਹਾਂ ਦੇ ਵਖਰੇਵਿਆਂ ਵੰਡਾਂ-ਦਰ-ਵੰਡਾਂ ਦੇ ਘੇਰਿਆਂ ਵਿੱਚ ਬੁਰੀ ਤਰ੍ਹਾਂ ਫਸੀ ਹੋਈ ਮਹਿਸੂਸ ਹੋ ਰਹੀ ਹੈ। ਵੱਖਰੇ-ਵੱਖਰੇ ਦੇਸ਼ਾਂ, ਕੌਮਾਂ ਅਤੇ ਧਾਰਮਿਕ ਵਖਰੇਵਿਆਂ ਵਿਚਕਾਰ ਖੋਹਾ-ਖਿੰਝੀ ਨਫਰਤੀ ਖਿੱਚੋਤਾਣ ਜਾਰੀ ਹੈ।ਖੁਸ਼ਹਾਲ ਬਹੁ-ਧਰੁਵੀ ਸੰਸਾਰ ਸਿਰਜਣ ਦੇ ਸਮਰੱਥ ਗੁਰੂ ਗ੍ਰੰਥ ਸਾਹਿਬ ਦੀਆਂ ਦਾਰਸ਼ਨਿਕ, ਵਿਗਿਆਨਕ ਤੇ ਵਿਚਾਰਧਾਰਕ ਸੰਭਾਵਨਾਵਾਂ ਅਸੀਂ ਅਜੇ ਤੱਕ ਜਗਤ-ਜਲੰਦੇ ਅੱਗੇ ਸਹੀ ਦਿਸ਼ਾ ਵਿੱਚ ਰੱਖ ਨਹੀਂ ਸਕੇ। ਸਮਾਂ ਤੇਜ਼ੀ ਨਾਲ ਬਦਲ ਰਿਹਾ ਹੈ। ਸੁਹਿਰਦਤਾ ਤੇ ਸੁਚੇਤਨਾ ਨਾਲ ਗਲੋਬਲ ਪੱਧਰੀ ਵੱਸ ਰਹੇ ਸਿੱਖ ਹੁਣ ਗੁਰੂ ਗ੍ਰੰਥ ਸਾਹਿਬ ਦੇ ਮਹੱਤਵ ਨੂੰ ਵਿਸ਼ਵ ਸਾਹਮਣੇ ਪ੍ਰਗਟ ਕਰਕੇ 'ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ' ਦੇ ਅਧਿਕਾਰੀ ਬਣ ਸਕਦੇ ਹਨ। ਜਦੋਂ ਕਦੇ ਵੀ ਸਿੱਖਾਂ ਵਿੱਚ ਨਿਰਾਸ਼ਤਾ ਪਸਰੀ ਉਦੋਂ ਹੀ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਸਮੇਂ-ਸਮੇਂ ਗੁਰਮਤਿ ਸਮਾਗਮਾਂ ਰਾਹੀਂ ਸਿੱਖੀ ਪ੍ਰਚਾਰ ਨੂੰ ਪ੍ਰਚੰਡ ਕਰਨ ਦੇ ਉੱਦਮ ਕਰਦੀ ਰਹੀ ਹੈ। ਜਿਸ ਦੇ ਸਿੱਟੇ ਵਜੋਂ ਸਿੱਖਾਂ ਨੇ ਹਰ ਚੁਣੌਤੀ ਨੂੰ ਕਬੂਲਿਆ ਤੇ ਉਸ ਦਾ ਡਟ ਕੇ ਮੁਕਾਬਲਾ ਕੀਤਾ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਉਪਦੇਸ਼ਾਂ ਸਦਕਾ ਪੈਰੋਕਾਰ ਜਮਾਂਦਰੂ ਹੀ ਸੰਘਰਸ਼ੀ ਹਨ।

ਸਭ ਤੋਂ ਵੱਡਾ ਸੰਕਟ ਇਸ ਸਮੇਂ ਇਹ ਹੈ ਕਿ ਕਲਾਸਕੀ ਪੂੰਜੀਵਾਦ ਤੇ ਕਲਾਸਕੀ ਸਾਮਵਾਦ ਦੋਵੇਂ ਹੀ ਖੀਣ ਹੋ ਚੁੱਕੇ ਹਨ। ਦੋਨਾਂ ਦੀ ਅਸਮਰੱਥਾ ਸਾਹਮਣੇ ਆ ਚੁੱਕੀ ਹੈ। ਪੱਛਮ ਦਾ ਵਿਕਸਿਤ, ਕੰਪਿਊਟਰੀ ਯੁੱਗ ਤੋਂ ਪਿਛੋਂ ਦਾ ਪੂੰਜੀਵਾਦ ਜੋ ਵਿਸ਼ਵੀਕਰਨ ਦੇ ਨਾਂ 'ਤੇ ਸਮੁੱਚੀ ਦੁਨੀਆਂ ਨੂੰ ਆਪਣੀ ਲਪੇਟ ਵਿੱਚ ਲੈਣ ਦੇ ਆਹਰ ਵਿੱਚ ਹੈ, ਕਿਤੇ ਬਹੁ-ਕੌਮੀ ਕੰਪਨੀਆਂ ਦੇ ਵਪਾਰ ਰਾਹੀਂ, ਕਿਤੇ ਜੰਗ ਰਾਹੀਂ, ਕਿਤੇ ਧੌਂਸ ਰਾਹੀਂ, ਉਸ ਦਾ ਸੰਕਟ ਪਹਿਲਾਂ ਹੀ ਸਾਹਮਣੇ ਹੈ ਤੇ ਸੰਸਾਰ ਉਸ ਨੂੰ ਵਿਚਾਰਧਾਰਕ ਤੌਰ 'ਤੇ ਸਵੀਕਾਰ ਨਹੀਂ ਕਰ ਰਿਹਾ। ਸੱਭਿਆਚਾਰਾਂ ਦੇ ਤਣਾਅ ਸਾਹਮਣੇ ਹਨ। ਅਜਿਹੀ ਸਥਿਤੀ ਵਿਚਾਰਧਾਰਾ ਦੇ ਸੰਕਟ ਨੂੰ ਜਨਮ ਦਿੰਦੀ ਹੈ। ਮਨੁੱਖ ਨੂੰ ਭਵਿੱਖ ਲਈ ਇੱਕ ਵਾਰੀ ਫਿਰ ਵਿਚਾਰਧਾਰਾ ਦੀ ਤਲਾਸ਼ ਹੈ। ਅਜਿਹੀ ਸਥਿਤੀ ਦੇ ਸਾਹਵੇਂ ਹੁੰਦਿਆਂ ਗੁਰੂ ਗ੍ਰੰਥ ਸਾਹਿਬ ਦੀ ਇਸ ਵਿਸ਼ਵ ਵਿਚਾਰਧਾਰਾ ਨੂੰ ਸਪੱਸ਼ਟ ਕਰਨ ਦੀ ਲੋੜ ਹੈ ਜੋ ਸਮੁੱਚੇ ਮਨੁੱਖ ਲਈ ਭਵਿੱਖਮੁਖੀ ਰਾਹ ਲਈ ਬੈਠੀ ਹੈ। ਲੋੜ ਇਸ ਨੂੰ ਤੰਗ ਵਲਗਣਾਂ ਵਿਚੋਂ ਕੱਢਣ ਦੀ ਹੈ। ਸੰਸਾਰ ਉੱਤਰ ਆਧੁਨਿਕਤਾਵਾਦ ਅਤੇ ਗਲੋਬਲਾਈਜ਼ੇਸ਼ਨ ਤੱਕ ਜਿਸ ਦੌਰ ਵਿੱਚ ਪਹੁੰਚਿਆ ਹੈ, ਲੋੜ ਉਸ ਵਿੱਚ ਇਸ ਦੀ ਯੋਗਤਾ ਨੂੰ ਪਛਾਨਣ ਦੀ ਹੈ। ਗੁਰੂ ਨਾਨਕ ਦੇਵ ਜੀ ਦੇ ਅਗੰਮੀ ਪ੍ਰਕਾਸ਼ ਨਾਲ ਭਾਰਤੀ ਉਪ ਮਹਾਂਦੀਪਾਂ ਵਿੱਚ ਇੱਕ ਸਫ਼ਲ ਕ੍ਰਾਂਤੀ ਦਾ ਜਨਮ ਹੋਇਆ। ਭਾਈ ਗੁਰਦਾਸ ਜੀ ਲਿਖਦੇ ਹਨ:

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ॥

ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥

ਪੰਜਵੀਂ ਪਾਤਸ਼ਾਹੀ ਰਾਹੀਂ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਸਾਂਝੀਵਾਲਤਾ, ਨਿਆਂ, ਸੱਚ, ਹੱਕ, ਜਾਤ-ਪਾਤ ਤੋਂ ਉੱਪਰ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦਾ ਗੁਰਮਤਿ ਸਿਧਾਂਤ ਹੈ। ਇਸ ਗ੍ਰੰਥ ਵਿੱਚ ਬਿਨਾਂ ਕਿਸੇ ਵਿਤਕਰੇ ਦੇ ਹਰ ਧਰਮ ਦੇ ਭਗਤਾਂ ਦੀ ਬਾਣੀ ਉਸੇ ਸਤਿਕਾਰ ਨਾਲ ਦਰਜ ਹੈ, ਜਿਸ ਸਤਿਕਾਰ ਨਾਲ ਗੁਰੂਆਂ ਦੀ ਬਾਣੀ।

ਧਰਮ ਗ੍ਰੰਥਾਂ ਵਿੱਚ ਦਰਜ ਸਿਧਾਂਤ ਮਨੁੱਖਤਾ ਨੂੰ ਉਨ੍ਹਾਂ ਦੇ ਪੈਰੋਕਾਰਾਂ ਨਾਲ ਜੁੜੇ ਰਹਿਣ ਦਾ ਰਾਹ ਦੱਸਦੇ ਹਨ। ਧਾਰਮਿਕ ਪੈਰੋਕਾਰਾਂ ਨੇ ਆਪਣੀ ਅਧਿਆਤਮਿਕਤਾ ਦੇ ਸਿਖਰ 'ਤੇ ਪਹੁੰਚ ਕੇ ਕੁਝ ਅਜਿਹੇ ਉਪਦੇਸ਼ ਮਨੁੱਖਤਾ ਦੇ ਰੂਬਰੂ ਕੀਤੇ ਹੁੰਦੇ ਹਨ, ਜਿਨ੍ਹਾਂ ਨੂੰ ਅਪਣਾ ਕੇ ਮਨੁੱਖ ਆਪਣੀ ਜ਼ਿੰਦਗੀ ਦਾ ਅੰਤਿਮ ਲਕਸ਼ ਭਾਵ ਪ੍ਰਭੂ ਪ੍ਰਾਪਤੀ ਅਤੇ ਆਪਣੇ ਸੰਸਾਰ ਵਿੱਚ ਆਉਣ ਦੇ ਮਨੋਰਥ ਨੂੰ ਸਮਝਣ ਦੇ ਸਮਰੱਥ ਹੋ ਜਾਂਦਾ ਹੈ। ਸੰਸਾਰ ਦੇ ਇਤਿਹਾਸ ਵਿੱਚ ਅਨੇਕਾਂ ਅਜਿਹੇ ਹਵਾਲੇ ਮਿਲਦੇ ਹਨ ਜਿਨ੍ਹਾਂ ਅੰਦਰ ਇਹ ਜ਼ਿਕਰ ਹੈ ਕਿ ਜਿਨ੍ਹਾਂ ਧਰਮਾਂ ਨੇ ਆਪਣੇ ਧਰਮ ਗ੍ਰੰਥਾਂ ਦੀ ਸੰਭਾਲ ਵਿੱਚ ਕੁਤਾਹੀ ਵਰਤੀ ਉਹ ਆਪਣੇ ਰਹਿਬਰਾਂ ਦੇ ਅਨਮੋਲ ਵਚਨਾਂ ਤੋਂ ਵਾਂਝੇ ਹੋ ਗਏ, ਇੱਥੋਂ ਤੱਕ ਕਿ ਉਨ੍ਹਾਂ ਗ੍ਰੰਥਾਂ ਨੂੰ ਸਤਿਕਾਰ ਵੀ ਨਹੀਂ ਮਿਲ ਸਕਿਆ। ਧਰਮ ਗ੍ਰੰਥਾਂ ਦੇ ਰੂਪ ਵਿਚ ਉਪਲਬਧ ਅਧਿਆਤਮਕ ਖ਼ਜ਼ਾਨੇ ਨੂੰ ਆਪਣੀ ਵਿਰਾਸਤ ਸਮਝ ਕੇ ਸੰਭਾਲਣਾ ਅਤਿ ਜ਼ਰੂਰੀ ਹੈ।

ਵਿਸ਼ਵ ਪੱਧਰ 'ਤੇ ਭਵਿੱਖ ਦਾ ਜੋ ਖ਼ਾਕਾ ਉੱਭਰ ਰਿਹਾ ਹੈ, ਉਹ ਉਤਸ਼ਾਹਜਨਕ ਵੀ ਹੈ ਅਤੇ ਨਿਰਾਸ਼, ਤਬਾਹਕੁੰਨ ਵੀ। ਐਟਮੀ ਤਾਕਤਾਂ ਗਿਆਨ ਵਿਗਿਆਨ ਦੇ ਉਭਾਰ ਨਾਲ ਮਾਨਵਤਾ ਲਈ ਕਈ ਚੁਨੌਤੀਆਂ ਵੀ ਸਾਹਮਣੇ ਆ ਖਲੋਈਆਂ ਹਨ। ਵਿਭਿੰਨ ਤਰ੍ਹਾਂ ਦੇ ਪ੍ਰਦੂਸ਼ਣ ਕਾਰਨ ਆਕਾਸ਼ ਵਿਚਲੀ ਓਜ਼ੋਨ ਦੀ ਬਹੁ ਪਰਤ ਵਿੱਚ ਛੇਕ ਹੋ ਗਿਆ ਹੈ। ਕਾਦਰ ਦੀ ਕੁਦਰਤ ਇਨ੍ਹਾਂ ਆਕਾਸ਼ੀ ਤੱਤਾਂ 'ਤੇ ਆਧਾਰਿਤ ਹੈ।

ਮਨੁੱਖ ਨੇ ਟੈਕਨੌਲੋਜੀ ਦੇ ਪੱਖੋਂ ਬੜੀ ਤਰੱਕੀ ਕੀਤੀ ਹੈ। ਜਿਸ ਕਾਰਨ ਮਾਨਵ ਜੀਵਨ ਸੁਖੀ ਵੀ ਹੋਇਆ ਹੈ। ਦੂਜੇ ਪਾਸੇ ਅਮਾਨਵੀ ਅਤੇ ਅਨੈਤਿਕ ਬੁਰਾਈਆਂ ਦੀ ਭਰਮਾਰ ਵੀ ਹੈ। ਜੰਗ ਮਾਨਵੀ ਹਿੰਸਾ ਹੈ। ਅਮਨ ਸਰਬਪੱਖੀ ਖੁਸ਼ਹਾਲੀ ਹੈ। ਕੁਦਰਤੀ ਵਸੀਲਿਆਂ ਦੀ ਅੰਧਾ ਧੁੰਦ ਵਰਤੋਂ ਅਤੇ ਦੁਰਉਪਯੋਗ ਨਾਲ ਬਹੁਤ ਸਾਰੇ ਜੀਵ ਜੰਤੂ, ਪਸ਼ੂ ਪੰਛੀ, ਪੌਦੇ ਅਤੇ ਦਵਾਈਆਂ ਲਈ ਅਨੇਕ ਤਰ੍ਹਾਂ ਦੀਆਂ ਜੜ੍ਹੀਆਂ ਬੂਟੀਆਂ ਧਰਤੀ ਤੋਂ ਅਲੋਪ ਹੋ ਰਹੇ ਹਨ। ਇਹ ਜੀਵ ਸ੍ਰਿਸ਼ਟੀ ਅਤੇ ਪ੍ਰਕ੍ਰਿਤੀ ਵੀ ਸਾਡਾ ਸਭ ਦਾ ਸਾਂਝਾ ਭਾਈਚਾਰਾ ਹੈ। ਇਸ ਦੀ ਰੱਖਿਆ ਸੰਭਾਲ ਅਤੇ ਸਰਬਪੱਖੀ ਉਸਾਰੀ ਦੇ ਅਸੀਂ ਸਭ ਜ਼ਿੰਮੇਵਾਰ ਹਾਂ। ਵਿਗਿਆਨ ਤੇ ਵਿਸਫੋਟ ਨੇ ਭੁਚਾਲ, ਸੁਨਾਮੀ, ਹੜ੍ਹ, ਤੁਫਾਨ, ਸੋਕਾ, ਫਸਲਾਂ ਫੁੱਲ ਅਤੇ ਸਬਜ਼ੀਆਂ, ਅਨਾਜ ਜ਼ਹਿਰੀਲੇ ਕਰ ਦਿੱਤੇ ਹਨ। ਇਹ ਵਿਗਿਆਨਕ ਦੁਖਾਂਤ ਬਣਦਾ ਹੈ। ਕਾਰਖ਼ਾਨਿਆਂ ਨੇ ਅਨਾਜ ਦੀ ਪੈਦਾਵਾਰ ਨੂੰ ਘਟਾਇਆ ਹੈ। ਪ੍ਰਦੂਸ਼ਣ ਅਤੇ ਵਿਗਿਆਨਕ ਕਾਢਾਂ ਤੋਂ ਪੈਦਾ ਹੋਏ ਅਸਾਂਵਲੇਪਣ ਦੇ ਸੰਕਟ ਨਾਲ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਇਲਾਹੀ ਸੰਦੇਸ਼ ਦੀ ਰੌਸ਼ਨੀ ਵਿੱਚ ਇਨ੍ਹਾਂ ਸਭ ਖ਼ਤਰਿਆਂ, ਵਿਰੋਧਾਂ ਨਾਲ ਨਿਪਟ ਸਕਦੇ ਹਾਂ।

ਨਸ਼ੀਲੇ ਪਦਾਰਥਾਂ ਦਾ ਸੇਵਨ ਹੋ ਰਿਹਾ ਹੈ। ਏਡਜ਼ ਵਰਗੀਆਂ ਲਾ-ਇਲਾਜ ਬਿਮਾਰੀਆਂ ਫੈਲ ਰਹੀਆਂ ਹਨ। ਭਰੂਣ ਹੱਤਿਆ ਜਿਹਾ ਘੋਰ ਨਰਕ ਅਤੇ ਵਿਕਲਪ ਗੈਰ ਅਮਾਨਵੀ ਹੈ। ਇਸ ਸੰਦਰਭ ਵਿੱਚ ਵਿਸ਼ਵ ਪੱਧਰ 'ਤੇ ਸਿਹਤਮੰਦ ਤੇ ਸਭਿਅਕ ਸਮਾਜ ਦੀ ਸਿਰਜਣਾ ਕਰਨੀ ਤੇ ਆਦਰਸ਼ਕ ਨਾਗਰਿਕ, ਸੂਰਮੇ ਪੈਦਾ ਕਰਨੇ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਅਤੇ ਉਪਦੇਸ਼ ਵਿਸ਼ੇਸ਼ ਲਾਭਕਾਰੀ ਹੈ। ਗੁਰੂ ਘਰ ਵਿੱਚ ਨਾਰੀ ਦਾ ਸਤਿਕਾਰ ਹੈ। ਸਤਿਕਾਰ ਹੀ ਨਹੀਂ ਇਸਤਰੀਆਂ ਨਾਲ ਹੋ ਰਹੇ ਵਿਤਕਰੇ ਅਤੇ ਅਨਿਆਂ ਪ੍ਰਤੀ ਵੀ ਸਿੱਖ ਪੰਥ ਦਾ ਸੰਪੂਰਨ ਸੰਘਰਸ਼ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਔਰਤ ਨੂੰ ਮਰਦ ਦੇ ਈਮਾਨ ਦੀ ਰਖਵਾਲੀ ਦੱਸਿਆ ਹੈ। ਭਾਈ ਗੁਰਦਾਸ ਜੀ ਔਰਤ ਦੇ ਸਤਿਕਾਰ ਵਿੱਚ ਲਿਖਦੇ ਹਨ:

(ਬਾਕੀ ਸਫ਼ਾ 31 'ਤੇ)

# ਦੂਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ

ਡਾ. ਮਨਿੰਦਰ ਸਿੰਘ

ਆਦਿ ਧੁਨੀ ਦੀ ਇਕਸਾਰਤਾ ਵਿਚੋਂ ਉਪਜੇ ਇਨ੍ਹਾਂ ਦੋ ਸ਼ਬਦਾਂ 'ਕੁਦਰਤ' ਅਤੇ 'ਕਾਦਰ' ਦੀ ਸਥੂਲਤਾ ਅਤੇ ਸੂਖ਼ਮਤਾ ਹੀ ਗੁਰੂ ਨਾਨਕ ਦਰਸ਼ਨ ਵਿੱਚ ਸਰਗੁਣ ਅਤੇ ਨਿਰਗੁਣ ਸਰੂਪ ਦਾ ਆਧਾਰ ਬਣਦੀ ਹੈ। ਗੁਰੂ ਨਾਨਕ ਦੇ ਮੁਖਾਰਬਿੰਦ ਵਿਚੋਂ ਉਚਰਿਤ ਹੋਈ ਬਾਣੀ 'ਅਨੰਦ' ਸਿਰਜਦੀ ਹੈ; ਕੁਦਰਤ ਵਿਚੋਂ ਇਹ 'ਅਨੰਦ' ਦ੍ਰਿਸ਼ਟਮਾਨ ਹੋ ਕਾਦਰ ਦੇ ਝਲਕਾਰੇ ਸਿਰਜਦਾ ਹੈ। ਗੁਰੂ ਨਾਨਕ ਦੀ ਬਾਣੀ ਖੇੜਾ ਹੈ, ਅਨੰਦ ਹੈ, ਅਸਚਰਜ ਹੈ; ਕਾਦਰ ਦਾ ਰਹੱਸ ਕੁਦਰਤ ਵਿੱਚ ਰੂਪਮਾਨ ਹੈ, ਕੁਦਰਤ ਦਾ ਰਹੱਸ ਗੁਰੂ ਨਾਨਕ ਬਾਣੀ ਵਿੱਚ ਰੂਪਮਾਨ ਹੈ। ਇਹ ਅਸਚਰਜਤਾ ਹੀ ਹੈ ਕਿ ਸੈਂਕੜੇ ਬੁੱਧੀਆਂ ਮਿਲ ਕੇ ਵੀ 'ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ॥' ਇੱਕ ਬੂੰਦ ਜਿੰਨਾ ਵੀ ਇਕੱਤਰ ਨਹੀਂ ਕਰ ਸਕਦੀਆਂ ਪਰ ਕੁਦਰਤ ਦੇ ਝਲਕਾਰੇ ਦਾ ਅਨੰਦ ਸਭ ਕੁਝ ਪ੍ਰਤੱਖ ਕਰ ਦਿੰਦਾ ਹੈ। ਫਿਰ ਕਿਸੇ ਦੁਨਿਆਵੀ ਆਰਤੀ ਦੀ ਲੋੜ ਨਹੀਂ ਰਹਿੰਦੀ, ਨਾ ਹੀ ਥਾਲ ਸਜਾ ਉਸ ਵਿੱਚ ਦੀਪਕ ਆਦਿ ਧਰਨ ਦੀ ਲੋੜ ਰਹਿੰਦੀ ਹੈ; ਬਸ ਅਨੰਦ ਦੇ ਅਨੁਭਵ ਦੀ ਜ਼ਰੂਰਤ ਹੈ। ਜੇਕਰ ਇਹ ਅਨੰਦ ਅੰਤਹਕਰਨ ਵਿੱਚ ਸਾਕਾਰ ਹੋ ਗਿਆ ਤਾਂ ਗੁਰੂ ਨਾਨਕ ਦੇ ਮੁਖਾਰਬਿੰਦ ਦੀਆਂ ਰਹੱਸਮਈ ਧੁਨੀਆਂ ਦਾ ਰਸ ਮਾਣਦਿਆਂ ਕੁਦਰਤ ਆਪਣੇ ਕਾਦਰ ਨੂੰ ਹਰ ਪਾਸੇ ਚਉਰ ਕਰਦੀ ਜਾਪੇਗੀ;

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥

ਕਾਦਰ ਜਦ ਕੁਦਰਤ ਹੋ ਜਾਂਦਾ ਹੈ ਤਾਂ ਧੁਨੀਆਂ ਦਾ ਵਾਧਾ ਸਰੂਪ ਨੂੰ ਵਿਸਤਾਰ ਦਿੰਦਾ



ਹੈ। ਗੁਰੂ ਨਾਨਕ ਦੇ ਇਸ ਚੇਤੰਨ ਸਿਧਾਂਤ ਅਨੁਸਾਰ ਕਾਦਰ ਨਿਰਗੁਣ ਤੋਂ ਸਰਗੁਣ ਹਰ ਸਰੂਪ ਵਿੱਚ ਵਿਗਸਦਾ ਹੈ। ਕਾਦਰ ਜੀਵ ਤੋਂ ਲੈ ਕੇ ਕਿਣਕੇ ਤੱਕ ਹਰ ਇੱਕ ਵਿੱਚ ਸਾਕਾਰ ਹੈ। ਇਹ ਕਾਦਰ ਪੁਲਾੜ ਦੀਆਂ ਅਦ੍ਰਿਸ਼ ਤਹਿਆਂ, ਸਾਗਰ ਦੀਆਂ ਡੂੰਘਾਣਾਂ ਅਤੇ ਧਰਤੀ ਦਿਆਂ ਤਲਾਂ ਵਿੱਚ ਵੱਸ ਰਿਹਾ ਹੈ। ਰਜੋ-ਤਮੋ-ਸਤੋ ਗੁਣਾਂ ਦੇ ਘੇਰੇ ਵਿੱਚ ਘੁੰਮ ਰਿਹਾ ਬ੍ਰਹਿਮੰਡ ਹੀ ਕਾਦਰ ਦੀ ਸਰਗੁਣਤਾ ਹੈ। ਜਿੱਥੇ ਅੱਖਾਂ ਬੇਵਸ ਹੋ ਜਾਂਦੀਆਂ ਹਨ, ਉਥੇ ਵਿਸਮਾਦੀ ਅਵਸਥਾ ਵਿੱਚ ਗ੍ਰਸਤ ਚੇਤੰਨਤਾ, ਨਾਦ-ਅਨਾਦ ਤੇ ਰੋਸ਼ਨੀ ਦੀਆਂ ਪਗਡੰਡੀਆਂ ਤੋਂ ਅਗਾਂਹ ਲੰਘ ਕੇ, ਦੁੱਖ-ਸੁੱਖ ਦੀ ਸਮਤਲਤਾ ਦੇ ਆਸ਼ੇ ਦੇ ਮੁਤਾਬਿਕ ਹੋ, ਜੀਵਨ-ਮੌਤ ਦੇ ਆਵਾਗਵਣ ਦੀ ਸੋਝੀ ਰੱਖ ਕੇ ਭਾਵ 'ਹੁਕਮ' ਨੂੰ ਸਮਝ ਕੇ ਕਾਦਰ ਦਾ ਨਿਰਗੁਣੀ ਅਨੰਦ ਮਾਣ ਸਕਦੀ ਹੈ। ਦੋਵਾਂ ਸਰੂਪਾਂ ਦੀ ਅਨੰਦ ਪ੍ਰਾਪਤੀ ਦੀ ਸਮਰੱਥਾ ਲਈ ਇਹ ਵੀ ਮਹੱਤਵਪੂਰਨ ਹੈ ਕਿ ਅੱਖਾਂ ਤੇ ਆਤਮਾ ਦੀ ਅਗਵਾਈ ਗੁਰੂ ਨਾਨਕ ਦੀਆਂ ਮੁਖਾਰਬਿੰਦੀ ਧੁਨੀਆਂ ਕੋਲ ਹੋਵੇ। ਇਹ ਅਗਵਾਈ ਅਨੁਭਵ ਦਾ ਆਧਾਰ ਹੈ। ਗੁਰੂ ਨਾਨਕ ਦੇ ਬਲਵਾਨ ਅਨੁਭਵ ਸਦਕਾ ਹੀ ਉਨ੍ਹਾਂ ਦੀ 'ਧੁਰ ਕੀ ਬਾਣੀ' ਆਤਮਕ ਗਿਆਨ ਦੇ ਪ੍ਰਗਟਾਵੇ ਦੇ ਸਮਰੱਥ ਹੈ। ਅਨੁਭਵ ਗ੍ਰਹਿਣਤਾ ਦੀਆਂ ਆਰੰਭਿਕ ਅਵਸਥਾਵਾਂ ਕੁਦਰਤ ਨੂੰ ਆਧਾਰ ਬਣਾ ਸਰਗੁਣਤਾ ਨੂੰ ਪ੍ਰਗਟ ਕਰਦੀਆਂ ਅਤੇ ਇਸ ਅਨੁਭਵ ਗ੍ਰਹਿਣਤਾ ਦੀਆਂ ਉੱਚੀਆਂ ਅਵਸਥਾਵਾਂ ਨਿਰਗੁਣਤਾ ਦਾ ਪੂਰਨ ਪ੍ਰਕਾਸ਼ ਪ੍ਰਗਟਾਉਂਦੀਆਂ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ 'ਜਪੁ' ਵਿੱਚ ਪਰਮਾਤਮਾ ਦੀ ਸਰਬਕਾਲੀਨਤਾ ਭਾਵ 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥' ਵੀ ਅਨੁਭਵ ਦੀ ਵਿਸ਼ਾਲਤਾ ਵਿਚੋਂ ਪੈਦਾ ਹੋਇਆ ਕਾਦਰ ਦਾ ਪ੍ਰਗਟਾਵਾ ਹੀ ਹੈ। ਕਾਦਰ ਦੀ ਵਿਸ਼ਾਲਤਾ ਵਿੱਚ ਹੀ ਉਸਦੇ ਅਨੰਦ ਦਾ ਰਹੱਸ ਹੈ; ਧਰਤੀ ਦੇ ਪੰਨੇ 'ਤੇ ਲਿਖੇ ਕਾਲੇ ਹਰਫ਼, ਕੁੱਲੁ ਕਾਨੀਆਂ ਦੀਆਂ ਨੋਕਾਂ ਦੀ ਘਿਸਾਵਟ, ਸਿਆਹੀ ਦੇ ਘੋਲੇ ਸਾਗਰਾਂ ਦੇ ਸਾਗਰ ਕਾਦਰ ਨੂੰ ਬਿਆਨ ਨਹੀਂ ਸਕਦੇ ਬਸ 'ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ' ਦੀ ਸ਼ੁੱਭ ਭਾਵਨਾ ਕਾਦਰ ਤੋਂ ਬਲਿਹਾਰ ਜਾਣ ਦੀ ਪ੍ਰੇਰਨਾ ਦਿੰਦੀ ਹੈ। ਕਾਦਰ ਦੀ ਇੱਕ ਤੋਂ ਅਨੇਕ ਹੋਣ ਦੀ ਪ੍ਰਕਿਰਿਆ ਭਾਵ ਨਿਰਗੁਣ ਤੋਂ ਸਰਗੁਣ ਹੋਣ ਦਾ ਵਿਸ਼ੇਸ਼ ਕ੍ਰਮ ਰੂਪ ਹੈ-

'ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥

ਕਾਦਰ ਆਪਣੀ ਇੱਛਾ ਅਨੁਸਾਰ ਹੀ ਇਸ ਕ੍ਰਮ ਨੂੰ ਗ੍ਰਹਿਣ ਕਰਦਾ ਹੈ ਤੇ ਇਸ ਨੂੰ ਭੰਗ ਵੀ ਕਰ ਸਕਦਾ ਹੈ। ਉਹ ਅਜਿਹਾ ਕਰਨ ਦੇ ਸਮਰੱਥ ਹੈ-

'ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥'

ਦਾ ਭਾਵ ਕਾਦਰ ਦੀ ਇੱਛਾ-ਸ਼ਕਤੀ ਦੀ ਵਿਸ਼ਾਲਤਾ ਦਾ ਪ੍ਰਗਟਾਅ ਹੈ। ਕਾਦਰ ਨੂੰ ਉਸਦੀ ਇੱਛਾ ਦੇ ਵਿਰੁੱਧ ਕੁਝ ਕਰਨ ਲਈ ਹੁਕਮ ਦੇਣਾ ਸੰਭਵ ਨਹੀਂ ਹੈ।

### ਪਰਮੇਸ਼ਰ ਦੀ ਭਗਤੀ ਦੇ ਮਾਰਗ

ਨਿਰੰਕਾਰ ਏਕੰਕਾਰ ਜਾਂ ਪਾਰਬ੍ਰਹਮ ਪਰਮੇਸ਼ਰ ਦੀ ਭਗਤੀ ਜਾਂ ਪੂਜਾ ਦੋ ਤਰ੍ਹਾਂ ਕੀਤੀ ਜਾਂਦੀ ਹੈ ; ਇਕ ਤਰੀਕਾ ਹੈ ਸਰਗੁਣ ਜਾਂ ਅਕਾਰੀ ਰੂਪ ਵਿੱਚ ਭਗਤੀ ਕਰਨ ਦਾ ਅਤੇ ਦੂਜਾ ਤਰੀਕਾ ਹੈ ਅਰੂਪ ਜਾਂ ਨਿਰਾਕਾਰੀ ਰੂਪ ਵਿੱਚ ਭਗਤੀ ਕਰਨ ਦਾ। ਇਸ ਵਿੱਚ ਭਿੰਨਤਾ ਵਾਲੀ ਜੇਕਰ ਕੋਈ ਗੱਲ ਹੈ ਤਾਂ ਉਹ ਕੇਵਲ ਪੜਾਅ ਦੀ ਹੈ। ਅਕਾਰੀ ਢੰਗ ਦੀ ਪੂਜਾ ਸਨਾਤਨੀ ਜਾਂ ਮੁੱਢਲਾ ਤਰੀਕਾ ਹੈ ਅਤੇ ਨਿਰਾਕਾਰੀ ਸਿਖਿਅਤ ਚੇਤਨ ਢੰਗ ਦਾ ਦੂਜਾ ਤਰੀਕਾ ਹੈ। ਭਗਤੀ ਦੇ ਇਹ ਦੋ ਮਾਰਗ ਹੀ ਪਰਮਾਤਮਾ ਨੂੰ ਸਰਗੁਣ ਅਤੇ ਨਿਰਗੁਣ ਸਰੂਪ ਵਿੱਚ ਚਿਤਰਦੇ ਹਨ। ਨਿਰੰਕਾਰ ਦਾ ਸਰਗੁਣ ਸਰੂਪ ਰਜੋ ਤਮੋ ਸਤੋ ਗੁਣਾਂ ਵਿੱਚ ਵਿਕਸਿਤ ਹੁੰਦਾ ਹੈ ਅਤੇ ਨਿਰਗੁਣ ਸਰੂਪ ਇਨ੍ਹਾਂ ਤਿੰਨਾਂ ਗੁਣਾਂ ਤੋਂ ਬਾਹਰ ਹੈ। ਸਰਗੁਣ ਭਗਤੀ ਪਹਿਲੇ ਪੜਾਵਾਂ ਵਿੱਚ ਹੁੰਦੀ ਹੈ ਅਤੇ ਨਿਰਗੁਣ ਭਗਤੀ ਚੇਤੰਨ ਪੜਾਅ ਉਪਰ। ਗੁਰਮਤਿ ਵਿਚਾਰਧਾਰਾ ਨਿਰਗੁਣ ਭਗਤੀ ਦੀ ਲਿਖਾਇਕ ਹੈ ਜਿਸ ਦਾ ਵਿਸਥਾਰ ਸਾਨੂੰ ਜਪ ਅਤੇ ਜਾਪ ਵਿਚੋਂ ਮਿਲਦਾ ਹੈ ਪਰ ਗੁਰਮਤਿ ਵਿਚਾਰਧਾਰਾ ਦਾ ਸਰਗੁਣੀ ਸਰੂਪ ਸਨਾਤਨੀ ਵਿਚਾਰ ਨਾਲੋਂ ਵੱਖਰਾ ਹੈ । ਗੁਰਮਤਿ ਵਿੱਚ ਪਰਮਾਤਮਾ ਦਾ ਸ੍ਰਿਸ਼ਟੀ ਦੇ ਕਣ ਕਣ ਵਿੱਚ ਹੋਣਾ ਹੀ ਸਰਗੁਣ ਹੈ । ਗੁਰਬਾਣੀ ਦੇ ਚੇਤਨ ਸਿਧਾਂਤ ਅਨੁਸਾਰ ਨਿਰੰਕਾਰ ਸਰਗੁਣ ਅਤੇ ਨਿਰਗੁਣ ਹੋਣ ਦੇ ਨਾਲ-ਨਾਲ ਸੁੰਨ ਰੂਪ ਵਿੱਚ ਵੀ ਹੈ। ਅਸਲੀਅਤ ਇਹ ਹੈ ਕਿ ਆਤਮਿਕ ਗਿਆਨ ਦਾ ਮੁੱਖ ਆਧਾਰ ਅਨੁਭਵ ਹੈ। ਜਿਨਾ ਅਨੁਭਵ ਬਲਵਾਨ ਹੋਵੇਗਾ ਉਨਾ ਹੀ ਆਤਮਿਕ ਅਨੁਭਵ ਵੀ ਬਲਵਾਨ ਹੋਵੇਗਾ। ਸਰਗੁਣ ਭਗਤੀ ਅਧੀਨ ਮਨੁੱਖ ਦਾ ਅਨੁਭਵ ਅਲਪ ਹੁੰਦਾ ਹੈ ਪਰ ਨਿਰਗੁਣ ਭਗਤੀ ਦੀ ਅਵਸਥਾ ਸਮੇਂ ਪੂਰਨ ਪ੍ਰਕਾਸ਼ ਹੋ ਜਾਂਦਾ ਹੈ। ਇਸ ਲੇਖ ਵਿੱਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਅਨੁਭਵ ਦੀ ਵਿਸ਼ਾਲਤਾ ਵਿਚੋਂ ਗੁਰਮਤਿ ਦੀ ਭਗਤੀ ਦੇ ਸੰਕਲਪ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਜੇਕਰ ਉਸ ਗਿਆਨ ਦੇ ਵਿਸ਼ਾਲ ਸਾਗਰ ਵਿਚੋਂ ਇੱਕ ਬੂੰਦ ਜਿੰਨਾ ਵੀ ਭੇਦ ਖੋਲ੍ਹ ਲਿਆ ਜਾਵੇ ਤਾਂ ਇਹ ਉਹ ਦੀ ਬਖ਼ਸ਼ਿਸ਼ ਹੀ ਹੋਵੇਗੀ।

### ਕਾਦਰ ਦੇ ਅਨੰਦ ਦਾ ਅਨੁਭਵ

ਗੁਰੂ ਨਾਨਕ ਦੀ ਬਾਣੀ ਕਾਦਰ ਅਤੇ ਕੁਦਰਤ ਦੀ ਸੁਮੇਲਤਾ ਵਿਚੋਂ ਪੈਦਾ ਤਰੰਗ ਦੀ ਧੁਨ ਹੈ; ਇਸ ਦੀ ਸੂਖ਼ਮਤਾ ਤੇ ਸਥੂਲਤਾ ਦੀ ਵਿਆਖਿਆ ਹੈ। ਕੁਦਰਤ ਦਾ ਕਾਦਰ ਅਨੰਦ ਦਾ ਵਿਸ਼ਾ ਹੈ, ਪ੍ਰਾਪਤੀ ਦਾ ਨਹੀਂ। ਸ੍ਰਿਸ਼ਟੀ ਉਸ ਦੇ ਨੂਰ ਦਾ ਪ੍ਰਗਟਾਵਾ ਹੈ, ਕਾਦਰ ਸਭ ਥਾਈਂ ਕੁਦਰਤ ਰੂਪ ਵਿੱਚ ਇੱਕ ਰਸ ਹੈ। ਗੁਰੂ ਨਾਨਕ ਦੀ ਬਾਣੀ ਕਾਦਰ ਦੇ ਇੱਕ ਰਸਤੇ ਦਾ ਪ੍ਰਗਟਾਵਾ ਹੈ, ਨਾ ਕਿ ਇਕਰਸ ਕਾਦਰ ਦੀ ਪ੍ਰਾਪਤੀ ਹੈ। ਉਸ ਦੇ ਅਨੰਦ ਦਾ ਅਨੁਭਵ 'ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥' ਉਸ ਤੋਂ ਬਲਿਹਾਰ ਜਾਣ ਲਈ ਪ੍ਰੇਰਦਾ ਹੈ ।

## ਸੰਪੂਰਨਤਾ ਦਿਵਸ 'ਤੇ ਵਿਸ਼ੇਸ਼

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

(ਸ਼ਬਦ ਗੁਰ ਪੀਰਾ)



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਅਗਿਆਨ ਅਤੇ ਵਹਿਮਾਂ ਭਰਮਾਂ ਵਿੱਚ ਭਟਕਦੀ ਮਨੁੱਖਤਾ ਨੂੰ ਰਾਹ ਵਿਖਾਉਣ ਲਈ ਅਵਤਾਰੀ ਪੁਰਸ਼ ਸੰਸਾਰ ਵਿੱਚ ਆਉਂਦੇ ਹਨ। ਅੱਠਵੀਂ ਸਦੀ ਮੱਧ ਕਾਲ ਵਿੱਚ ਭਗਤੀ ਲਹਿਰ ਦਾ ਆਰੰਭ ਦੱਖਣੀ ਭਾਰਤ ਬਨਾਰਸ ਵਿੱਚ ਹੋਇਆ। ਇਹ ਇੱਕ ਧਾਰਮਿਕ ਜਾਗ੍ਰਿਤੀ ਦੀ ਲਹਿਰ ਸੀ। ਇਸ ਲਹਿਰ ਦੇ ਬਾਨੀ ਸਮਾਜ ਸੁਧਾਰਕਾਂ ਨੇ ਆਪਣੀ ਬਾਣੀ ਰਾਹੀਂ ਸਮਾਜਿਕ ਨਾਬਰਾਬਰੀ ਅਤੇ ਨਫ਼ਰਤ ਨੂੰ ਖਤਮ ਕਰਕੇ ਸਾਂਝੀਵਾਲਤਾ ਨਾਲ ਜੋੜਿਆ। ਸਿੱਖ ਧਰਮ ਦੇ ਪਹਿਲੇ ਗੁਰੂ , ਗੁਰੂ ਨਾਨਕ ਦੇਵ ਜੀ ਨੇ ਭਗਤੀ ਲਹਿਰ ਦੇ ਇਸ ਅਧਿਆਤਮਕ ਕਾਰਜ ਨੂੰ ਬੜੀ ਸ਼ਿੱਦਤ ਨਾਲ ਕ੍ਰਾਂਤੀਕਾਰੀ ਢੰਗ ਰਾਹੀਂ ਪਸਾਰਿਆ। ਬਾਕੀ ਸਿੱਖ ਗੁਰੂ ਸਾਹਿਬਾਨ ਨੇ ਵੀ ਰੱਬੀ ਬਾਣੀ ਦਾ ਪ੍ਰਚਾਰ ਕਰਦਿਆਂ ਇਸ ਅਧਿਆਤਮਕ ਕਾਰਜ ਨੂੰ ਅੱਗੇ ਵਧਾਇਆ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖ ਧਰਮ ਦੀ ਉੱਨਤੀ ਵਿੱਚ ਹਰਿਮੰਦਰ ਸਾਹਿਬ ਦੀ ਉਸਾਰੀ ਉਪਰੰਤ ਸੰਸਾਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਵੱਡੀ ਬਖਸ਼ਿਸ਼ ਕੀਤੀ ਹੈ। ਆਪ ਜੀ ਨੇ ਅਨੁਭਵ ਕੀਤਾ ਕਿ ਜਦ ਹੁਣ ਸਿੱਖਾਂ ਦਾ ਧਾਰਮਿਕ ਕੇਂਦਰ ਸਥਾਪਤ ਹੋ ਗਿਆ ਹੈ ਤਾਂ ਇੱਕ ਅਜਿਹੇ ਧਾਰਮਿਕ ਗ੍ਰੰਥ ਦੀ ਲੋੜ ਹੈ, ਜਿਸ ਵਿੱਚ ਜਾਤ ਪਾਤ ਦੇ ਵਿਤਕਰਿਆਂ ਤੋਂ ਉੱਪਰ ਉੱਠ ਕੇ ਗੁਰਬਾਣੀ ਦਰਜ਼ ਹੋਵੇ ਕਿ ਜਿਸ ਦੇ ਗਿਆਨ ਅਤੇ ਅਮਲ ਨਾਲ ਸਮੁੱਚੀ ਮਾਨਵਤਾ ਦਾ ਕਲਿਆਣ ਹੋ ਸਕੇ। ਜਿਵੇਂ ਪਰਮਾਤਮਾ ਆਪ ਸਰਬ ਵਿਆਪੀ ਹੈ, ਉਸੇ ਤਰਾਂ ਉਸ ਦਾ ਉਪਦੇਸ਼ ਵੀ ਸਰਬ ਵਿਆਪਕ ਹੈ।

ਗੁਰੂ ਗ੍ਰੰਥ ਸਾਹਿਬ ਅਧਿਆਤਮਕ ਮਿਆਰੀ ਗਿਆਨ ਦਾ ਅਥਾਹ ਸਾਗਰ ਹੈ। ਜਿਸ ਵਿੱਚ ਟੁੱਭੀ ਲਗਾ ਕੇ ਹਰ ਜਗਿਆਸੂ ਆਪਣੀ ਆਤਮਾ ਦੀ ਭੁੱਖ ਦੂਰ ਕਰਨ ਵਾਸਤੇ ਆਤਮਿਕ ਭੋਜਨ ਪ੍ਰਾਪਤ ਕਰਕੇ ਸਦਾ ਲਈ ਤ੍ਰਿਪਤੀ ਪ੍ਰਾਪਤ ਕਰ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਹਰ ਮਨੁੱਖ ਆਪਣੀ ਆਤਮਾ ਨੂੰ ਬ੍ਰਹਮ ਵਿੱਚ ਲੀਨ ਦਾ ਮਾਰਗ ਪ੍ਰਾਪਤ ਕਰ ਸਕਦਾ ਹੈ। ਬ੍ਰਹਮ ਵਿੱਚ ਸਮਾਈ ਕਰ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਸਹਿਜ ਸੁਹੇਲਾ ਜੀਵਨ ਜਿਉਣ ਦੀ ਅਗਵਾਈ ਮਿਲਦੀ ਹੈ। ਮਾਰਗ ਦਰਸ਼ਨ ਅਨੁਸਾਰ ਪ੍ਰਭੂ ਵਿੱਚ ਅਭੇਦਤਾ ਲਈ ਕੋਈ ਕਠਿਨ ਯਤਨ ਕਰਨ ਦੀ ਲੋੜ ਨਹੀਂ ਹੈ। ਸੰਸਾਰ ਵਿੱਚ ਰਹਿੰਦਿਆਂ ਦੁਨਿਆਵੀ ਹਰ ਥਾਂ 'ਤੇ ਪ੍ਰਭੂ ਮੌਜੂਦ ਹੈ। ਪ੍ਰਭੂ ਨੂੰ ਹਰ ਥਾਂ ਹਰ ਸਥਿਤੀ ਵਿੱਚ ਸਹਿਜ ਮਾਰਗ 'ਤੇ ਚੱਲ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਸਹਿਜ ਸੁਹੇਲਾ ਸੰਤੁਲਨ ਵਿੱਚ ਰਹਿ ਕੇ ਰਸ ਭਰਿਆ ਜੀਵਨ ਬਤੀਤ ਕਰਨ ਦੀ ਜਾਂਚ ਪ੍ਰਦਾਨ ਹੁੰਦੀ ਹੈ।

ਹੇ ਨਾਨਕ ! ਜੇ ਸਤਿਗੁਰੂ ਮਿਲ ਪਏ ਤਾਂ ਜੀਵਨ ਦੀ ਠੀਕ ਜਾਚ ਆ ਜਾਂਦੀ ਹੈ ਤੇ ਜੀਵਨ ਹੱਸਦਿਆਂ ਖੇਡਦਿਆਂ ਖਾਂਦਿਆਂ ਪਹਿਨਦਿਆਂ ਭਾਵ ਦੁਨੀਆਂ ਦੇ ਸਾਰੇ ਕੰਮ ਕਾਰ ਕਰਦਿਆਂ ਮਾਇਆ ਵਿੱਚ ਵਰਤਦਿਆਂ ਹੀ ਕਾਮਾਦਿਕ ਵਿਕਾਰਾਂ ਤੋਂ ਬਚੇ ਰਹੀਦਾ ਹੈ।

ਜਿਹੜੇ ਮਨੁੱਖ ਹਰ ਵੇਲੇ ਸਤਿਗੁਰੂ ਦੀ ਬਾਣੀ ਵਿੱਚ ਜੁੜੇ ਰਹਿੰਦੇ ਹਨ, ਉਹਨਾਂ ਨੂੰ ਬੇਅੰਤ ਪਰਮਾਤਮਾ ਦਾ ਉਹ ਨਾਮ ਰਤਨ ਮਿਲ ਜਾਂਦਾ ਹੈ। ਜਿਸ ਦੇ ਬਰਾਬਰ ਦੀ ਕੀਮਤ ਦਾ ਹੋਰ ਕੋਈ ਪਦਾਰਥ ਨਹੀਂ ਹੈ। ਜਾਂ ਫਿਰ ਹੇ ਭਾਈ! ਪਰਮਾਤਮਾ ਦੀ ਭਗਤੀ ਸਤਿਗੁਰੂ ਦੀ ਬਾਣੀ ਮਾਨੋ ਲਾਲਾਂ ਦੇ ਖ਼ਜ਼ਾਨੇ ਹਨ। ਗੁਰਬਾਣੀ ਗਾਉਂਦਿਆਂ ਸੁਣਦਿਆਂ ਤੇ ਕਮਾਉਂਦਿਆਂ ਮਨ ਸਦਾ ਖਿੜਿਆ ਰਹਿੰਦਾ ਹੈ।

ਹੇ ਗੁਰ ਸਿੱਖੋ ਹਰ ਰੋਜ਼ ਭਾਵ ਹਰ ਵੇਲੇ ਨਾਮ ਜਪੋ ਤਾਂ ਕਿ ਸਿਰਜਣਹਾਰ ਹਰੀ ਇਹੋ ਜਿਹਾ ਸਤਿਗੁਰੂ ਤੁਹਾਡੇ ਹਿਰਦੇ ਵਿੱਚ ਵਸਾ ਦੇਵੇ। ਹੇ ਗੁਰਸਿੱਖੋ ਸਤਿਗੁਰੂ ਦੀ ਬਾਣੀ ਸੱਚ ਸਮਝੋ ਕਿਉਂਕਿ ਸਿਰਜਣਹਾਰ ਪ੍ਰਭੂ ਆਪ ਇਹ ਬਾਣੀ ਸਤਿਗੁਰੂ ਦੇ ਮੂੰਹ ਤੋਂ ਅਖਵਾਉਂਦਾ ਹੈ।

ਹੇ ਭਾਈ! ਦੰਮ -ਬ-ਦੰਮ ਪ੍ਰਭੂ ਨੂੰ ਯਾਦ ਕਰ ਤਾਂ ਜੁ ਤੇਰੇ ਮਨ ਦੇ ਅੰਦਰ ਦੀ ਚਿੰਤਾ ਮਿੱਟ ਜਾਏ। ਜਾਂ ਫਿਰ ਭਾਈ ਕੰਨਾ ਨਾਲ ਪਰਮਾਤਮਾ ਦੀ ਆਤਮਿਕ ਜੀਵਨ ਦੇਣ ਵਾਲੀ ਸਿਫ਼ਤ ਸਲਾਹ ਸੁਣਦੇ ਰਹਿਣਾ ਚਾਹੀਦਾ ਹੈ। ਜਿਸ ਦੇ ਸੁਣਿਆ ਸਦਾ ਆਤਮਿਕ ਅਨੰਦ ਪੈਦਾ ਹੁੰਦਾ ਹੈ ਤੇ ਮਨ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪਹਿਲੇ ਪੰਜ ਗੁਰੂ ਸਾਹਿਬਾਨ ਜੀ ਦੀ ਬਾਣੀ ਅਤੇ ਭਗਤ ਭੱਟਾਂ, ਸੰਤਾਂ, ਸਿੱਖ ਬਾਣੀਕਾਰਾਂ ਦੀ ਬੜੀ ਪਵਿੱਤਰ ਰਚਨਾਂ ਨੂੰ ਸੰਭਾਲਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰੱਬੀ ਬਾਣੀ ਹੈ। ਥਾਂਵਾਂ ਥਾਂਵਾਂ ਤੋਂ ਗੁਰੂ ਕੀ ਬਾਣੀ ਇਕਤ੍ਰਤ ਕੀਤੀ। ਗੋਇੰਦਵਾਲ ਸਾਹਿਬ ਤੋਂ ਵੀ ਬਾਣੀ ਦੀਆਂ ਪੋਥੀਆਂ ਬੜੇ ਅਦਬ ਸਤਿਕਾਰ ਨਾਲ ਪਾਲਕੀ ਸਾਹਿਬ ਵਿੱਚ ਬਿਰਾਜਮਾਨ ਕਰਕੇ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸੰਗਤਾਂ ਨਾਲ ਰਲ ਕੇ ਲਿਆਂਦੀਆਂ ਤੇ ਅੰਮ੍ਰਿਤਸਰ ਸਾਹਿਬ ਦੁੱਖ ਭੰਜਨੀ ਬੇਰੀ ਸਾਹਿਬ ਦੇ ਨੇੜੇ ਅੱਠ ਸੱਠ ਵਾਲੇ ਥਾਂ 'ਤੇ ਸਸ਼ੋਭਿਤ ਕਰਕੇ ਗੁਰਬਾਣੀ ਨੂੰ ਵਾਚਿਆ। ਗੁਰਾਂ ਨੇ ਖੁਸ਼ੀ ਅਤੇ ਵੈਰਾਗ ਵਿੱਚ ਉਚਾਰਨ ਕੀਤਾ ਕਿ ਅਸੀਂ ਬੜੇ ਭਾਗਸ਼ੀਲ ਹਾਂ ਜਿਹਨਾਂ ਕੋਲ ਆਦਿਲੇ ਸਾਹਿਬਾਂ ਦੀ ਗੁਰਬਾਣੀ ਦਾ ਅਮੋਲਕ ਖ਼ਜ਼ਾਨਾ ਹੈ। ਜੋ ਇਸ ਗੁਰਬਾਣੀ ਨਾਲ ਜੁੜੇਗਾ । ਉਹ ਸਹਿਜ ਸੁਭਾਅ ਹੀ ਪ੍ਰਭੂ ਨਾਲ ਜੁੜ ਜਾਵੇਗਾ।

ਗੁਰਬਾਣੀ ਦਾ ਸੰਕਲਨ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਇਆ। ਸੰਪਾਦਨਾ ਰਾਮ ਸਰੋਵਰ ਦੇ ਰਮਣੀਕ ਕੰਢੇ 'ਤੇ ਨਿਭਾਈ ਗਈ। ਗੁਰਬਾਣੀ ਦਾ ਕਾਰਜ 1601-1604 ਈ. ਤਕ ਸੰਪੂਰਨ ਹੋਇਆ। ਸਮੁੱਚੀ ਬਾਣੀ ਨੂੰ 31 ਰਾਗਾਂ ਵਿੱਚ ਤਰਤੀਬ ਦੇ ਕੇ 30 ਅਗਸਤ 1604 ਨੂੰ ਆਦਿ ਗ੍ਰੰਥ ਸੰਪੰਨ ਹੋਇਆ। ਉਪਰੰਤ 1 ਸਤੰਬਰ 1604 ਨੂੰ ਆਦਿ ਗ੍ਰੰਥ ਇੱਕ ਕੀਰਤਨ ਦੇ ਰੂਪ ਵਿੱਚ ਬੜੀ ਸ਼ਾਨ ਨਾਲ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਹੋਏ। ਭਾਈ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਅਰਜਨ ਦੇਵ ਜੀ ਦੇ ਨਾਲ ਸੰਗਤਾਂ ਵੀ ਆਦਿ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੈਠੀਆਂ। ਪਹਿਲੇ ਪ੍ਰਕਾਸ਼ ਸਮੇਂ ਹੁਕਮਨਾਮਾ ਪ੍ਰਾਪਤ ਹੋਇਆ " ਸੂਹੀ ਮਹਲਾ ਪੰਜਵਾਂ ਸੰਤਾ ਕੇ ਕਾਰਜ ਆਪਿ ਖਲੋਇਆ ਹਰਿ ਕੰਮ ਕਰਾਵਣ ਆਇਆ ਰਾਮ। "

ਆਦਿ ਗ੍ਰੰਥ ਸਾਹਿਬ ਜੀ ਨੂੰ ਹੋਰ ਵਿਸ਼ਾਲ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇੱਕਤਰ ਕਰਦਿਆਂ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਦੁਆਰਾ ਦਰਜ਼ ਕਰਵਾ ਕੇ 1705 ਵਿੱਚ ਸੰਪੂਰਨਤਾ ਬਖਸ਼ੀ। ਅਕਤੂਬਰ 20, 1708 ਈ. ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਇੱਕ ਦਿਨ ਪਹਿਲਾਂ ਨੰਦੇੜ ਸਾਹਿਬ ਵਿਖੇ ਗੁਰਤਾ ਗੱਦੀ ਆਦਿ ਗ੍ਰੰਥ ਸਾਹਿਬ ਜੀ ਨੂੰ ਸੌਂਪ ਦਿੱਤੀ ਤੇ ਨਾਮ 'ਗੁਰੂ ਗ੍ਰੰਥ ਸਾਹਿਬ ' ਹੋ ਗਿਆ। ਗੁਰੂ ਸੰਸਥਾ ਦੇ ਸਰੂਪ ਨੂੰ ਸੰਪੂਰਨ ਕੀਤਾ। ਗੁਰਾਂ ਨੇ ਉਪਦੇਸ਼ ਦਿੱਤਾ ਕਿ

ਆਗਿਆ ਭਈ ਅਕਾਲ ਦੀ ਤਬੈ ਚਲਾਯੋ ਪੰਥ॥
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

ਉਹਨਾਂ ਸਾਰੇ ਸਿੱਖ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਚੱਲਣ ਦਾ ਆਦੇਸ਼ ਦਿੱਤਾ। ਉਹਨਾਂ ਦੇ ਹੁਕਮ ਅਨੁਸਾਰ ' ਗੁਰੂ ਗ੍ਰੰਥ ਸਾਹਿਬ' ਜੀ ਹੀ ਹਰ ਸਿੱਖ ਦੇ ਗੁਰੂ ਹਨ। ਰੋਜ਼ਾਨਾ ਅਰਦਾਸ ਵਿੱਚ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਆਦੇਸ਼ ਦੁਹਰਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਸਿੱਖੀ ਦਾ ਧੁਰਾ ਹੈ। ਸਿੱਖ ਪੰਥ ਲਈ ਸ਼ਰਧਾ ਤੇ ਪ੍ਰੇਰਨਾ ਦਾ ਸ੍ਰੋਤ ਹੈ। ਇਸ ਦੀ ਅਗਵਾਈ ਹੇਠ ਹੀ ਸਿੱਖ ਕੌਮ ਦਾ ਗੌਰਵਮਈ ਵਿਰਸਾ ਅਤੇ ਇਤਿਹਾਸ ਹੈ।

ਗੁਰਬਾਣੀ ਜੀਵਨ ਦੇ ਹਰ ਪਹਿਲੂ ਜਿਵੇਂ ਅਧਿਆਤਮਕ, ਸਮਾਜਿਕ , ਰਾਜਸੀ ਅਤੇ ਆਰਥਿਕ ਉੱਨਤੀ ਲਈ ਅਗਵਾਈ ਕਰਦੀ ਹੈ। ਸਿੱਖ ਧਰਮ ਵਿੱਚ ਸ਼ਬਦ ਗੁਰੂ ਨੇ ਸਿੱਖ ਪੰਥ ਦੀ ਹਮੇਸ਼ਾ ਅਗਵਾਈ ਕੀਤੀ ਹੈ। ਧੁਰ ਕੀ ਬਾਣੀ ਜੁਗੋ ਜੁਗ ਅੱਟਲ ਹੈ। ਕੇਵਲ ਬਾਣੀ ਹੀ ਮਿਆਰੀ ਗੁਰੂ ਹੈ। ਗੁਰੂ ਦੇ ਸ਼ਬਦ ਨੂੰ ਵਿਚਾਰੇ, ਇਹੀ ਸਦਾ ਥਿਰ ਰਹਿਣ ਵਾਲਾ ਸੌਦਾ ਹੈ। ਇਹੀ ਸੱਚ ਹੱਟ ਹ। ਜਿਸ ਵਿੱਚ ਰਤਨਾਂ ਦੇ ਭੰਡਾਰ ਭਰੇ ਪਏ ਹਨ। ਜੋ ਦੇਣ ਵਾਲਾ ਹਰੀ ਦੇਵੇ ਤਾਂ ਇਹ ਖ਼ਜ਼ਾਨੇ ਸਤਿਗੁਰੂ ਦੀ ਕ੍ਰਿਪਾ ਨਾਲ ਮਿਲਦੇ ਹਨ।

ਹੇ ਨਾਨਕ ! ਜੋ ਮਨੁੱਖ ਸਦਾ ਉੱਚੇ ਆਤਮਿਕ ਮੰਡਲ ਵਿੱਚ ਵਸਦਾ ਹੈ , ਉਸ ਦੇ ਅੰਦਰ ਆਤਮਿਕ ਭਾਵ ਪੈਦਾ ਹੁੰਦੇ ਹਨ। ਆਤਮਿਕ ਗੁਣਾਂ ਨਾਲ ਉਹ ਡੂੰਘੀ ਸਾਂਝ ਪਾਈ ਰਖਦਾ ਹੈ। ਆਤਮਿਕ ਗੁਣਾਂ ਨਾਲ ਉਸ ਦੀ ਸੁਰਤ ਜੁੜੀ ਰਹਿੰਦੀ ਹੈ। ਉਸ ਦੇ ਮਨ ਨੂੰ ਪਰਮਾਤਮਾ ਦਾ ਨਾਮ ਪਿਆਰਾ ਲੱਗਦਾ ਹੈ। ਉਹ ਸਿਮਰਦਾ ਹੈ, ਪ੍ਰੇਰਦਾ ਹੈ। ਉਹ ਸਦਾ ਜਗਤ ਮੂਲ ਪ੍ਰਭੂ ਦੀ ਸਿਫ਼ਤ ਸਲਾਹ ਕਰਦਾ ਹੈ। ਗੁਰ ਪੀਰ ਦੇ ਸ਼ਬਦ ਨੂੰ ਹਿਰਦੇ ਵਿੱਚ ਟਿਕਾ ਕੇ ਉਹ ਡੂੰਘੇ ਜਿਗਰੇ ਵਾਲਾ ਬਣ ਜਾਂਦਾ ਹੈ ਪਰ ਗੁਰ ਸ਼ਬਦ ਤੋਂ ਖੁੰਝ ਕੇ ਜਗਤ ਮਾਇਆ ਦੇ ਮੋਹ ਵਿੱਚ ਕਮਲਾ ਹੋਇਆ ਫਿਰਦਾ ਹੈ। ਉਹ ਪੂਰਨ ਤਿਆਗੀ ਮਨੁੱਖ ਅਡੋਲ ਆਤਮਿਕ ਅਵਸਥਾ ਵਿੱਚ ਟਿੱਕ ਕੇ ਚੰਗੇ ਭਾਗਾਂ ਵਾਲਾ ਬਣ ਜਾਂਦਾ ਹੈ। ਉਸ ਦਾ ਮਨ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਯਾਦ ਨੂੰ ਹੀ ਆਪਣਾ ਜੀਵਨ ਨਿਸ਼ਾਨਾ ਮੰਨਦਾ ਹੈ।

ਵਾਹੁ ਵਾਹ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨਾ ਕੋਇ॥

ਗੁਰੂ ਗ੍ਰੰਥ ਸਾਹਿਬ ਜੀ ਸ਼ਬਦ ਰੂਪੀ ਸੰਦੀਵੀ ਗੁਰੂ ਹਨ। ਅਜਿਹਾ ਗ੍ਰੰਥ ਜਿਸ ਨੂੰ ਗੁਰੂ ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ, ਜਿਸ ਦੀ ਸਿੱਖਿਆ ਭਾਵਨਾ , ਚਿੰਤਨ, ਦ੍ਰਿਸ਼ਟੀਕੋਣ ਜਨ ਕਲਿਆਣ ਵਾਸਤੇ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਧਾਰਮਿਕ ਦੁਨੀਆਂ ਵਿੱਚ ਵੱਖਰੀ ਦਿੱਖ ਹੈ। ਧੁਰ ਕੀ ਬਾਣੀ ਬ੍ਰਹਮ ਵਿਚਾਰ ਹੈ, ਗੁਰਬਾਣੀ ਵਿੱਚ ਦਰਜ਼ ਬ੍ਰਹਮ ਉਪਦੇਸ਼ ਸਭਨਾਂ ਲਈ ਸਾ ਹੈ। ਜੋ ਵੀ ਇਸ ਉਪਦੇਸ਼ ਨੂੰ ਸੁਣ ਕੇ ਕਮਾਵੇਗਾ, ਉਸ ਦਾ ਨਿਸਚੈ ਹੀ ਪਾਰ ਉਤਾਰਾ ਹੋ ਜਾਵੇਗਾ। ਗੁਰਬਾਣੀ ਜਗਿਆਸੂ ਦਾ ਸੰਪਰਕ ਪਰਮਾਤਮਾ ਨਾਲ ਜੋੜ ਦਿੰਦੀ ਹੈ। ਸਿੱਖ ਗੁਰੂਆਂ ਨੇ ਦੇਹਧਾਰੀ ਗੁਰੂਆਂ ਤੋਂ ਹਟਾ ਕੇ ਸ਼ਬਦ ਗੁਰੂ ਦੇ ਲੜ ਲਾਇਆ ਹੈ। ਗੁਰਬਾਣੀ ਦੇ ਉਪਦੇਸ਼ ਤੋਂ ਨਿਰੰਕਾਰ ਨਾਲ ਜੁੜਨ ਦੀ ਸੋਝੀ ਆਉਂਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਸੁੱਖ ਆਸਣ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਸਾਹਿਬ ਵਿਖੇ ਹੁੰਦਾ ਹੈ। ਇਹ ਸਿੱਖ ਧਰਮ ਦੀ ਸ਼ਰਧਾ ਅਤੇ ਸ਼ਕਤੀ ਦਾ ਕੇਂਦਰੀ ਧੁਰਾ ਹੈ। ਸ਼ਬਦ ਗੁਰੂ ਦਾ ਸਤਿਕਾਰ ਪਰਮਾਤਮਾ ਦਾ ਸਤਿਕਾਰ ਹੈ ਜੋ ਸ਼ਬਦ ਗੁਰਪੀਰਾ ਹੈ। ਜੋ ਗੁਰੂ ਮੰਨਿਆ ਜਾਂਦਾ ਹੈ। ਕਿਸੇ ਦੇਹਧਾਰੀ ਜਾਂ ਮੂਰਤੀ ਨੂੰ ਨਹੀਂ ਮੰਨਿਆ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਰੱਬੀ ਬਾਣੀ ਦਾ ਸੰਪਾਦਨ ਕੀਤਾ ਤਾਂ ਆਪ ਜੀ ਨੇ ਭਗਤੀ ਦੇ ਜੋਗ ਨੂੰ ਜਿੱਤ ਲਿਆ ਹੈ। ਭਾਵ ਆਪਣੇ ਭਗਤੀ ਦਾ ਮਿਲਾਪ ਪਾ ਲਿਆ ਹੈ। ਹਰੀ ਨੇ ਆਪ ਨੂੰ ਜਨਕ ਪੈਦਾ ਕੀਤਾ ਹੈ। ਆਪਨੇ ਗੁਰੂ ਸ਼ਬਦ ਨੂੰ ਪ੍ਰਗਟ ਕੀਤਾ ਹੈ ਤੇ ਹਰੀ ਨੂੰ ਆਪ ਨੇ ਜੀਭ ਉੱਤੇ ਵਸਾਇਆ ਹੈ।

ਬਾਬਾ ਦੀਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਸੰਗਤਾਂ ਵਿੱਚ ਵੰਡੇ ਸਨ। ਹੁਣ ਇਹ 1430 ਅੰਗ ਵਾਲੀ ਬੀੜ ਦੀ ਛਪਾਈ ਦੀ ਮਾਨਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟਟੀ ਅੰਮ੍ਰਿਤਸਰ ਕੋਲ ਰਾਖਵੀਂ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਰਧਾ ਕਰਕੇ ਹੀ ਮਹਾਰਾਜਾ ਰਣਜੀਤ ਸਿੰਘ ਜੀ ਨੇ ਸੁਤੰਤਰ ਖਾਲਸਾ ਸਾਮਰਾਜ ਦੀ ਨੀਂਹ ਰੱਖੀ। ਸਭਨਾਂ ਦਾ ਸਾਂਝਾ ਸਿੱਖ ਰਾਜ ਸਥਾਪਿਤ ਕੀਤਾ। ਮਹਾਰਾਜਾ ਦਾ ਜੀਵਨ ਗੁਰੂ ਗਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਹੀ ਕੇਂਦਰਿਤ ਰਿਹਾ। ਮਹਾਰਾਜਾ ਪੰਥ ਦੇ ਸਮਾਗਮਾਂ ਵੇਲੇ ਹਰਿਮੰਦਰ ਸਾਹਿਬ ਜਾ ਕੇ ਮੱਥਾ ਟੇਕਦੇ ਅਤੇ ਸ਼ਰਧਾ ਦੇ ਫੁੱਲ ਭੇਂਟ ਕਰਦੇ।

ਸਿੱਖਾਂ ਵਾਸਤੇ ਸ਼ਰਧਾ ਦਾ ਇਕੋ ਇੱਕ ਸਮੁੱਚਾ ਗ੍ਰੰਥ ਹੈ। ਜਿਸ ਤੋਂ ਮਨੁੱਖਤਾ ਦੇ ਜੀਵਨ ਦੀ ਅਗਵਾਈ ਮਿਲਦੀ ਹੈ। ਸੰਗਤਾਂ ਦੇ ਅਥਾਹ ਵਿਸ਼ਵਾਸ ਅਤੇ ਸ਼ਰਧਾ ਨਾਲ ਆਸਾਂ ਪੂਰੀਆਂ ਹੁੰਦੀਆਂ ਹਨ। ਰੱਬ ਦੇ ਭਾਣੇ ਵਿੱਚ ਰਹਿ ਕੇ ਚੜ੍ਹਦੀ ਕਲਾ ਦਾ ਵਿਸ਼ਵਾਸ ਮਿਲਦਾ ਹੈ। ਜੀਵਨ ਵਿੱਚ ਉਤਸ਼ਾਹ ਅਤੇ ਖੇੜਾ ਆਉਂਦਾ ਹੈ।











ਹੋ ਰਿਹਾ ਹੈ ਤਾਂ ਵੱਡੀ ਬੇਬੇ ਬਣ ਉਨ੍ਹਾਂ ਨੂੰ ਸਮਝਾਇਆ ਵੀ ਹੈ ਤੇ ਸੰਭਾਲਿਆ ਵੀ ਹੈ, ਵੰਡਾਇਆ ਵੀ ਹੈ ਉਨ੍ਹਾਂ ਟੁੱਟੇ ਰਿਸ਼ਤਿਆਂ ਦੀਆਂ ਚੀਸਾਂ ਨੂੰ, ਜਿਨ੍ਹਾਂ ਨੇ ਸਾਰੀ ਉਮਰ ਉਸ ਨੂੰ ਧੁਰ ਅੰਦਰ ਤੱਕ ਝੰਜੋੜਿਆ ਹੈ। ਇਕਲੌਤੇ ਭਰਾ ਦੀ ਮੌਤ ਤੋਂ ਬਾਅਦ ਪੇਕੇ ਪਿੰਡ ਨਾਲ ਸਾਂਝ ਖ਼ਤਮ ਹੋਣ ਦਾ ਦਰਦ ਅੱਜ ਵੀ ਮੈਂ ਮਾਂ ਦੀਆਂ ਅੱਖਾਂ ’ਚ ਮਹਿਸੂਸ ਕਰਦੀ ਹਾਂ। ਮਾਂ ਦਾ ਅੱਖਾਂ ਭਰ ਕੇ ਕਹਿਣਾ ਕਿ ਧੀਆਂ ਤਾਂ ਮਰਨ ਤੋਂ ਬਾਅਦ ਵੀ ਪੇਕਿਆਂ ਦਾ ਕਫ਼ਣ ਉਡੀਕਦੀਆਂ ਨੇ, ਮੇਰੀਆਂ ਅੱਖਾਂ ਛਲਕਣ ਲਾ ਦਿੰਦਾ ਹੈ। ਦੁਆ ਕਰਦੀ



# ਬੱਚਿਆਂ ਦੀ ਮਾਂ ਹੁੰਦੀ ਹੈ ਰੱਬ ਦਾ ਦੂਜਾ ਰੂਪ

**ਮਨਪ੍ਰੀਤ ਕੌਰ ਮਿਨਹਾਸ**

ਮਾਂ ਛੋਟਾ ਜਿਹਾ ਸ਼ਬਦ ਹੈ ਪਰ ਪੂਰੀ ਕਾਇਨਾਤ ਇਸ ਵਿੱਚ ਵੱਸਦੀ ਹੈ। ਮੇਰੀ ਮਾਂ ਮੇਰੇ ਲਈ ਦੂਜਾ ਰੱਬ ਹੈ। ਭਾਵੇਂ ਮੇਰੀ ਮਾਂ ਨੂੰ ਆਪਣੀ ਮਾਂ ਦਾ ਪਿਆਰ ਨਹੀਂ ਮਿਲਿਆ ਪਰ ਸਾਡੀ ਮਾਂ ਨੇ ਬੱਚਿਆਂ ਨੂੰ ਇੰਨਾ ਕੁ ਪਿਆਰ ਦਿੱਤਾ ਹੈ ਕਿ ਅਸੀਂ ਸਾਰੇ ਭੈਣ-ਭਰਾ ਜ਼ਿੰਦਗੀ ਭਰ ਉਸ ਦੇ ਕਰਜ਼ਦਾਰ ਰਹਾਂਗੇ। ਮੰਮੀ ਦੱਸਦੇ ਨੇ ਕਿ ਜਦੋਂ ਮੈਂ ਪੈਦਾ ਹੋਈ ਸੀ, ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ, ਇਹ ਵੇਖ ਕੇ ਇੱਕ ਨਰਸ ਕਹਿਣ ਲੱਗੀ, ‘ਤੁਸੀਂ ਰੋਣ ਕਿਉਂ ਲੱਗ ਗਏ ਤਾਂ ਮੰਮੀ ਨੇ ਕਿਹਾ, ‘ਇਸ ਤੋਂ ਵੱਡੀ ਇੱਕ ਸੱਤ ਸਾਲ ਦੀ ਹੋਰ ਵੀ ਧੀ ਹੈ ਤੇ ਹੁਣ ਫੇਰ ਕੁੜੀ ਹੋ ਗਈ ਹੈ। ਨਰਸ ਨੇ ਉੱਤਰ ਦਿੱਤਾ, ‘ਤੁਸੀਂ ਵੀ ਤਾਂ ਕਿਸੇ ਦੀ ਧੀ ਹੋ! ਜਦੋਂ ਇਹ ਵੱਡੀ ਹੋ ਗਈ ਤਾਂ ਇਹਨੇ ਹੀ ਤੁਹਾਨੂੰ ਸੁੱਖ ਦੇਣਾ, ਇਹਦੇ ਨਾਲ ਹੀ ਦਿਲ ਦੀ ਗੱਲ ਸਾਂਝੀ ਕਰਿਆ ਕਰੋਗੇ, ਭਾਵੇਂ ਇਹਦੇ ਜੰਮਣ ’ਤੇ ਤੁਸੀਂ ਦੁੱਖ ਮਹਿਸੂਸ ਕੀਤਾ ਪਰ ਇਹ ਸੁੱਖ ਦੇਵੇਗੀ।’ ਮੇਰੀ ਮਾਂ ਸੱਚੀਂ ਇਹ ਗੱਲ ਸਹਿਜੇ ਹੀ ਸਮਝ ਗਈ।

ਜਦੋਂ ਮੈਂ ਪੇਕੇ ਜਾਂਦੀ ਹਾਂ ਤਾਂ ਤੜਕੇ ਤਕ ਸਾਡੀਆਂ ਗੱਲਾਂ ਹੀ ਨਹੀਂ ਮੁੱਕਦੀਆਂ। ਜਦੋਂ ਵੀ ਕਦੇ ਲੱਗਿਆ ਕਿ ਉਨ੍ਹਾਂ ਨੂੰ ਇਕੱਲਾਪਣ ਮਹਿਸੂਸ



ਹਾਂ ਕਿ ਕਿਸੇ ਧੀ ਦਾ ਪੇਕਾ ਪਿੰਡ ਨਾ ਛੁੱਟੇ ਤੇ ਨਾ ਕਿਸੇ ਦਾ ਵੀਰ ਬਿਗ਼ਾਨਾ ਹੋਵੇ। ਅੱਜ ਮਾਂ ਦੇ ਸਾਰੇ ਧੀ ਪੁੱਤਰ ਵਿਆਹੇ ਗਏ ਅਤੇ ਉਹ ਪੋਤੇ-ਦੋਹਤੇ ਅਤੇ ਦੋਹਤੀਆਂ ਵਾਲੀ ਹੋ ਗਈ। ਸੋ ਜੇਕਰ ਅਸੀਂ ਘਰ ਤੋਂ ਹੀ ਧੀ ਪੁੱਤਰਾਂ ਦੀ ਬਰਾਬਰੀ ਦੀ ਗੱਲ ਕਰੀਏ ਤਾਂ ਬਹੁਤ ਵਧੀਆ ਹੈ ਕਿਉਂਕਿ ਸ਼ੁਰੂਆਤ ਘਰ ਤੋਂ ਹੀ ਕਰਾਂਗੇ ਤਾਂ ਹੀ ਕਿਸੇ ਨੂੰ ਉਪਦੇਸ਼ ਦੇ ਸਕਾਂਗੇ। ਮੈਂ ਅਕਸਰ ਸੋਚਦੀ ਹੁੰਦੀ ਹਾਂ ਕਿ ਮੈਂ ਜਦੋਂ ਬਜ਼ੁਰਗ ਹੋ ਜਾਵਾਂਗੀ ਤਾਂ ਕਿਸ ਨਾਲ ਆਪਣਾ ਦਿਲ ਫੋਲਿਆ ਕਰਾਂਗੀ, ਮੇਰੀ ਤਾਂ ਕੋਈ ਧੀ ਹੀ ਨਹੀਂ। ਰੱਬ ਨੇ ਮੈਨੂੰ ਕਿਉਂ ਨਹੀਂ ਧੀ ਦੀ ਦਾਤ ਬਖ਼ਸ਼ੀ।

ਪੇਕਿਆਂ ਦੀ ਖ਼ੈਰ

ਕਈ ਵਾਰ ਨੂੰਹ ਦੇ ਰੂਪ ਵਿੱਚ ਆਈ ਧੀ ਨੂੰ ਇਹ ਗ਼ਲਤ ਫ਼ਹਿਮੀ ਹੋ ਜਾਂਦੀ ਹੈ ਕਿ ਮਾਪੇ ਘਰ ਆਈਆਂ ਧੀਆਂ ਨੂੰ ਘਰ ਲੁਟਾਈ ਜਾਂਦੇ ਨੇ। ਧੀਆਂ ਨੂੰ ਕੋਈ ਲੈਣ-ਦੇਣ ਦਾ ਲਾਲਚ ਨਹੀਂ ਹੁੰਦਾ, ਬਸ, ਮਾਪਿਆਂ ਦੇ ਘਰ ਇੱਕ ਆਸ ਹੁੰਦੀ ਹੈ, ਰਿਸ਼ਤਿਆਂ ਨੂੰ ਪੈਸਿਆਂ ਦੇ ਮਿਆਰ ਨਾਲ ਕਦੇ ਨਾ ਤੋਲੋ, ਇਹ ਮਾਇਆ ਤਾਂ ਬਹੁਤ ਤੁੱਛ ਜਿਹੀ ਹੈ। ਆਪਸੀ ਪਿਆਰ ਅਤੇ ਨਿੱਘ ਅੱਗੇ, ਇਹ ਤਾਂ ਆਉਂਦੀ ਜਾਂਦੀ ਰਹਿੰਦੀ ਹੈ। ਕਦੇ ਹੰਕਾਰ ਨਾ ਕਰੋ, ਕੌਣ ਹੈ, ਏਥੇ ਕਿਸੇ ਨੂੰ ਕੁਝ ਦੇਣ ਵਾਲਾ। ਬਸ ਸ਼ੁਕਰ ਮਨਾਇਆ ਕਰੋ ਕਿ ਤੁਹਾਡੇ ਸਿਰ ’ਤੇ ਠੰਢੀਆਂ ਛਾਵਾਂ ਕਰਨ ਵਾਲੇ ਮਾਪੇ ਮੌਜੂਦ ਨੇ ਤੇ ਪਰਵਾਹ ਕਰਨ ਵਾਲੇ ਭੈਣ-ਭਰਾ। ਮਾਵਾਂ ਜਦੋਂ ਇੱਕ ਵਾਰ ਤੁਰ ਜਾਂਦੀਆਂ ਹਨ ਤਾਂ ਉਹ ਮੁੜ ਨਹੀਂ ਲੱਭਦੀਆਂ, ਮਾਂ ਦਾ ਦਿਲ ਕਦੇ ਨਾ ਦੁਖੀ ਕਰਿਓ, ਮੁੜ ਕੇ ਮਾਂ ਕਦੇ ਵੀ ਨਹੀਂ ਮਿਲਣੀ।

# ਮਹਿਲਾਵਾਂ ਨੂੰ ਵਧੀਕੀਆਂ ਤੋਂ ਬਚਾਉਣ ਦੀ ਲੋੜ

**ਡਾ. ਗੁਰਤੇਜ ਸਿੰਘ**



ਸਾਡੇ ਦੇਸ਼ ਵਿੱਚ ਔਰਤ ਨੂੰ ਦੇਵੀ ਆਖ ਸਤਿਕਾਰਿਆ ਜਾਂਦਾ ਹੈ ਤੇ ਕੰਜਕਾਂ ਦੀ ਪੂਜਾ ਕੀਤੀ ਜਾਂਦੀ ਹੈ। ਚਾਹੇ ਸਾਰੇ ਧਰਮ ਉਸਦੀ ਆਜ਼ਾਦੀ ਅਤੇ ਬਿਹਤਰੀ ਦੀ ਦੁਹਾਈ ਦਿੰਦੇ ਹਨ ਪਰ ਕਈ ਧਾਰਮਿਕ ਸਥਾਨਾਂ ’ਤੇ ਉਸਦੀ ਮੌਜੂਦਗੀ ਧਰਮ ਦੇ ਠੇਕੇਦਾਰਾਂ ਨੂੰ ਸੂਲ ਵਾਂਗ ਚੁੱਭਦੀ ਹੈ। ਮਰਿਆਦਾ ਦਾ ਢੰਡੋਰਾ ਪਿੱਟ ਕੇ ਔਰਤਾਂ ਦੀ ਧਾਰਮਿਕ ਆਜ਼ਾਦੀ ਦਾ ਗਲਾ ਘੋਟਿਆ ਜਾ ਰਿਹਾ ਹੈ। ਪਿਛਲੇ ਸਮੇ ਦੌਰਾਨ ਮਹਾਰਾਸ਼ਟਰ ਵਿੱਚ ਸ਼ਨੀਦੇਵ ਦੇ ਮੰਦਿਰ ਵਿੱਚ ਸ਼ਨੀਦੇਵ ਦੀ ਮੂਰਤੀ ’ਤੇ ਤੇਲ ਚੜ੍ਹਾਉਣ ਲਈ ਔਰਤਾਂ ਨੂੰ ਮਨਾਹੀ ਦਾ ਮੁੱਦਾ ਸੁਰਖੀਆਂ ਵਿੱਚ ਰਿਹਾ ਹੈ ਅਤੇ ਸਬਰੀਮਾਲਾ ਦਾ ਵਿਵਾਦ ਵੀ ਚਰਚਾ ’ਚ ਰਿਹਾ ਹੈ। ਇਸ ਕਰਕੇ ਔਰਤਾਂ ਨੇ ਸੰਘਰਸ਼ ਦੀ ਚਿਤਾਵਨੀ ਦਿੱਤੀ ਸੀ ਅਤੇ ਬਹੁਤ ਜੱਦੋਜਹਿਦ ਮਗਰੋਂ ਉਨ੍ਹਾਂ ਨੂੰ ਉੱਥੇ ਪੂਜਾ ਦਾ ਅਧਿਕਾਰ ਮਿਲਿਆ ਸੀ। ਮੁਸਲਿਮ ਧਰਮ ਵਿੱਚ ਔਰਤ ਨੂੰ ਮਸਜਿਦ ’ਚ ਜਾਕੇ ਨਮਾਜ਼ ਪੜ੍ਹਨ ਦੀ ਇਜਾਜ਼ਤ ਨਹੀਂ ਹੈ। ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਧਾਰਮਿਕ ਪੱਖੋਂ ਔਰਤ ਅਜੇ ਵੀ ਵਧੀਕੀਆਂ ਦੀ ਸ਼ਿਕਾਰ ਹੈ।

ਇਸ ਤੋਂ ਬਾਅਦ ਗੱਲ ਰਾਜਨੀਤੀ ਦੀ ਕਰਦੇ ਹਾਂ ਜਿਸ ਵਿੱਚ 33 ਫ਼ੀਸਦੀ ਔਰਤਾਂ ਲਈ ਰਾਖਵਾਂਕਰਨ ਹੈ ਪਰ ਅਜੇ ਵੀ ਰਾਜਨੀਤੀ ਵਿੱਚ ਔਰਤਾਂ ਦੀ ਸ਼ਮੂਲੀਅਤ ਘੱਟ ਹੈ। ਪਿੰਡਾਂ ਵਿੱਚ ਮਹਿਲਾ ਸਰਪੰਚ ਸਿਰਫ ਨਾਂਅ ਦੀਆਂ ਸਰਪੰਚ ਹਨ ਕਿਉਂਕਿ ਪੰਚਾਇਤ ਦਾ ਕੰਮਕਾਜ ਉਨ੍ਹਾਂ ਦੇ ਪਤੀ, ਪੁੱਤ ਕਰਦੇ ਹਨ। ਕਿਸੇ ਵੀ ਫ਼ੈਸਲੇ ਸਮੇ ਉਹ ਉੱਥੇ ਮੌਜੂਦ ਤੱਕ ਨਹੀਂ ਹੁੰਦੀਆਂ। ਦਲਿਤ ਮਹਿਲਾ ਨੇਤਾਵਾਂ ਨੂੰ ਤਾਂ ਲੋਕ ਕੁਝ ਸਮਝਦੇ ਹੀ ਨਹੀਂ ਹਨ ਉਹ ਅਗਰ ਕੋਈ ਆਜ਼ਾਦ ਤੌਰ ’ਤੇ ਫ਼ੈਸਲਾ ਲੈਂਦੀਆਂ ਵੀ ਹਨ ਤਾਂ ਉਸ ’ਤੇ ਅਮਲ ਨਹੀਂ ਹੁੰਦਾ। ਅਕਸਰ ਉਨ੍ਹਾਂ ਔਰਤਾਂ ਨੂੰ ਮਾੜੀ ਸ਼ਬਦਾਵਲੀ ਨਾਲ ਸੰਬੋਧਨ ਤੱਕ ਕੀਤਾ ਜਾਂਦਾ ਹੈ।

ਔਰਤਾਂ ਦੀ ਸੁਰੱਖਿਆ ਦਾ ਮੁੱਦਾ ਖਾਸ ਕਰਕੇ ਵਿਚਾਰਨਯੋਗ ਹੈ, ਅਜੋਕੇ ਅਗਾਂਹਵਧੂ ਯੁੱਗ ਅੰਦਰ ਔਰਤਾਂ ਦੀ ਸੁਰੱਖਿਆ ਅੱਜ ਵੀ ਸ਼ੱਕ ਦੇ ਘੇਰੇ ਹੇਠ ਹੈ ਜਿਸਦੀ ਸ਼ੁਰੂਆਤ ਉਸ ਦੇ ਜਨਮ ਤੋਂ ਪਹਿਲਾਂ ਹੀ ਹੋ ਜਾਂਦੀ ਹੈ ਤੇ ਪੂਰੀ ਉਮਰ ਅਸੁਰੱਖਿਅਤਾ ਦੇ ਆਲਮ ’ਚ ਗੁਜਰਦੀ ਹੈ। ਜਨਮ ਤੋਂ ਬਾਅਦ ਜਵਾਨੀ ’ਚ ਪੈਰ ਧਰਦੇ ਹੀ ਸਮਾਜ ਦੇ ਖ਼ੁਦਗਰਜ਼ ਲੋਕਾਂ ਦੀਆਂ ਗੰਦੀਆਂ ਨਜ਼ਰਾਂ ਅਤੇ ਹਰਕਤਾਂ ਦੀ ਸ਼ਿਕਾਰ ਹੁੰਦੀ ਹੈ ਜੋ ਔਰਤ ਨੂੰ ਸਰੀਰਕ ਮਾਨਸਿਕ ਰੂਪ ’ਚ ਜ਼ਖਮੀ ਕਰਦੀਆਂ ਹਨ। ਇੱਕ ਅਨੁਮਾਨ ਅਨੁਸਾਰ ਸੰਸਾਰ ਅੰਦਰ ਔਸਤਨ ਤੇਜ਼ਾਬ ਸੁੱਟਣ ਦੇ 1500 ਕੇਸ ਹਰ ਸਾਲ ਰਿਕਾਰਡ ਹੁੰਦੇ ਹਨ। ਭਾਰਤ ਵਿੱਚ ਪਿਛਲੇ ਦਸ ਸਾਲਾਂ ਦੌਰਾਨ 174 ਤੇਜ਼ਾਬ ਸੁੱਟਣ ਦੇ ਕੇਸ ਸਾਹਮਣੇ ਆਏ ਜੋ ਸਰਕਾਰੀ ਫਾਈਲਾਂ ਦੇ ਨਾਲ ਸਮਾਜਿਕ ਚਿਹਰੇ ਮੋਹਰੇ ਨੂੰ ਕਰੂਪ ਕਰਦੇ ਹਨ। ਮਜ਼ਦੂਰੀ ਕਰਦੀਆਂ ਔਰਤਾਂ ਬਲਕਿ ਹਰ ਜਗ੍ਹਾ, ਹਰ ਵਿਭਾਗ ’ਚ ਔਰਤਾਂ ਨਾਲ ਸਹਿਕਰਮੀ ਜਾਂ ਉੱਚ ਅਧਿਕਾਰੀ ਛੇੜਛਾੜ ਕਰਦੇ ਹਨ ਅਤੇ ਬਹੁਤ ਵਾਰ ਉਹ ਉਨ੍ਹਾਂ ਦੀ ਹਵਸ ਦਾ ਸ਼ਿਕਾਰ ਵੀ ਬਣਦੀਆਂ ਹਨ। ਸਾਡੇ ਸੂਬੇ ਵਿੱਚ ਔਰਤਾਂ ਨਾਲ ਹੁੰਦੀ ਦਰਿੰਦਗੀ ਦੀਆਂ ਘਟਨਾਵਾਂ ਦੀ



ਗਵਾਹੀ ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜੇ ਭਰਦੇ ਹਨ। ਇਨ੍ਹਾਂ ਅੰਕੜਿਆਂ ਅਨੁਸਾਰ ਪੰਜਾਬ ਸੂਬੇ ਵਿੱਚ ਪ੍ਰਤੀ ਦਿਨ ਦੋ ਔਰਤਾਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਵਾਪਰੀਆਂ ਹਨ, ਸਾਲ 2020-21 ਵਿੱਚ 504 ਔਰਤਾਂ ਨਾਲ ਜਬਰ ਜਨਾਹ ਤੇ 53 ਤੋਂ ਵੱਧ ਔਰਤਾਂ ਨਾਲ ਦਰਿੰਦਗੀ ਕਰਨ ਦੀ ਕੋਸ਼ਿਸ਼ ਕੀਤੀ ਗਈ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਹੀ ਅੰਕੜੇ ਚੌਂਕਾਉਣ ਵਾਲੇ ਹਨ ਕਿ ਬਲਾਤਕਾਰ ਦੇ 94 ਫ਼ੀਸਦੀ ਦਰਜ ਮਾਮਲਿਆਂ ਵਿੱਚ ਦੋਸ਼ੀ ਪੀੜਿਤਾ ਦੇ ਕਰੀਬੀ ਸਨ ਜਿਸ ਵਿੱਚ ਦਾਦਾ, ਭਰਾ ਜਾਂ ਪੁੱਤਰ ਤੱਕ ਵੀ ਸ਼ਾਮਿਲ ਸਨ। ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ ਦੇਸ਼ ਅੰਦਰ ਸਾਲ 2010 ਤੋਂ ਬਾਅਦ ਬਲਾਤਕਾਰ ਮਾਮਲਿਆਂ ’ਚ 7.5 ਫ਼ੀਸਦੀ ਵਾਧਾ ਹੋਇਆ ਹੈ। ਜਬਰ ਜਿਨਾਹ ਸ਼ਿਕਾਰ ਜਿਆਦਾਤਰ ਔਰਤਾਂ ਜਿਨ੍ਹਾਂ ਦੀ ਉਮਰ 18 ਤੋਂ 30 ਸਾਲ ਹੈ, ਹਰ ਤੀਸਰੀ ਪੀੜਿਤਾ ਦੀ ਉਮਰ 18 ਸਾਲ ਤੋਂ ਘੱਟ ਹੈ। ਰਿਪੋਰਟ ਅਨੁਸਾਰ ਪੂਰੇ ਦੇਸ਼ ਵਿੱਚ ਬਲਾਤਕਾਰ ਦੇ 36859 ਮਾਮਲਿਆਂ ਵਿੱਚ ਬੱਚੀਆਂ ਜਾਂ ਔਰਤਾਂ ਦੇ ਜਿਸਮਾਨੀ ਸ਼ੋਸ਼ਣ ਵਿੱਚ ਮੁਲਜ਼ਮ ਜਾਣਕਾਰ ਪਾਏ ਗਏ ਹਨ। ਪਿਛਲੇ ਦੋ ਦਹਾਕਿਆਂ ਦੌਰਾਨ ਬਲਾਤਕਾਰ ਦੇ ਕੇਸਾਂ ਵਿੱਚ 30 ਫ਼ੀਸਦੀ ਵਾਧਾ ਹੋਇਆ ਹੈ। ਦੇਸ਼ ਵਿੱਚ ਹਰ ਰੋਜ਼ ਔਸਤਨ 92 ਬਲਤਾਕਾਰ ਦੇ ਕੇਸ ਦਰਜ ਹੁੰਦੇ ਹਨ ਜਦਕਿ ਦਿੱਲੀ ’ਚ ਰੋਜ਼ਾਨਾ 4 ਜਬਰ ਜਨਾਹ ਦੇ ਕੇਸ ਦਰਜ ਹੁੰਦੇ ਹਨ। ਦੁਨੀਆਂ ਦੇ ਦਸ ਦੇਸ਼ ਜਿੱਥੇ ਜਬਰ ਜਿਨਾਹ ਜਿਆਦਾ ਹੁੰਦੇ ਹਨ ਭਾਰਤ ਦਾ ਉਸ ਵਿੱਚ ਤੀਜਾ ਸਥਾਨ ਹੈ।

ਜਬਰ ਜਿਨਾਹ ਦੇ ਬਹੁਤੇ ਕੇਸ ਪਿਛਲੇ ਵੀਹ ਸਾਲਾਂ ਤੋਂ ਲਟਕੇ ਹੋਏ ਹਨ ਅਤੇ ਕਾਨੂੰਨ ਨਾਲ ਸਬੰਧਿਤ ਲੋਕ ਅਜੇ ਵੀ ਕਾਨੂੰਨ ਦੀਆਂ ਬਾਰੀਕੀਆਂ ਦਾ ਲਾਹਾ ਦੋਸ਼ੀਆਂ ਨੂੰ ਦਿਵਾ ਰਹੇ ਹਨ। ਬਲਾਤਕਾਰ ਦੇ ਕੇਸਾਂ ’ਚ ਕਾਨੂੰਨ ਦੀ ਸਖ਼ਤੀ ਉਦੋਂ ਤੱਕਸਾਰਥਿਕ ਸਿੱਧ ਨਹੀ ਹੋ ਸਕਦੀ ਜਦ ਤੱਕ ਲੋਕਾਂ ਦੀ ਮਾਨਸਿਕਤਾ ਨਹੀ ਬਦਲਦੀ। ਅਜੋਕੇ ਸਖ਼ਤ ਕਾਨੂੰਨ ਦੀ ਆੜ ਹੇਠ ਸ਼ੱਕੀ ਔਰਤਾਂ ਅਤੇ ਖ਼ੁਦਗਰਜ ਲੋਕਾਂ ਨੇ ਆਪਣੇ ਸੌੜੇ ਹਿਤ ਪੂਰੇ ਹਨ। ਇਸ ਪਹਿਲੂ ’ਤੇ ਵੀ ਕਾਨੂੰਨ ਸਾਜ਼ਜ਼ੂਰ ਧਿਆਨ ਦੇਣ।

ਅਜੋਕੇ ਸਮੇ ਅੰਦਰ ਸਮਾਜ ਅਤੇ ਸਰਕਾਰਾਂ ਨੂੰ ਅਜਿਹੇ ਪ੍ਰਬੰਧ ਕਰਨ ਦੀ ਲੋੜ ਹੈ ਤਾਂ ਜੋ ਕਿਸੇ ਦੀ ਆਬਰੂ ਤਾਰ ਤਾਰ ਨਾ ਹੋਵੇ। ਸ਼ੱਕੀ ਔਰਤਾਂ ’ਤੇ ਲਗਾਮ ਕਸੀ ਜਾਵੇ ਤੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇ। ਬਹੁਤੇ ਦੇਸ਼ਾਂ ’ਚ ਸਜ਼ਾ ਦੇ ਤੌਰ ’ਤੇ ਦੋਸ਼ੀਆਂ ਨੂੰ ਮੌਤ ਦੇ (ਬਾਕੀ ਸਫ਼ਾ 31 ’ਤੇ)

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035



ਜਸਵਿੰਦਰ ਸੁਰਗੀਤ

# ਵਗਦੀ ਗੰਗਾ ’ਚ....

“ਸਰ, ਵਗਦੀ ਗੰਗਾ ’ਚ ਹੱਥ ਧੋ ਈ ਲੈਣੇ ਚਾਹੀਦੇ ਐ।” ਪਰਮਜੀਤ ਦੇ ਇਨ੍ਹਾਂ ਬੋਲਾਂ ਨੇ ਇੱਕ ਪ੍ਰੀਖਿਆ ਕੇਂਦਰ ਵਿੱਚ ਖੁੱਲ੍ਹਮ ਖੁੱਲ੍ਹੀ ਹੋ ਰਹੀ ਨਕਲ ਦੀ ਇੱਕ ਤਰ੍ਹਾਂ ਦੀ ਤਰਫ਼ਦਾਰੀ ਕੀਤੀ ਸੀ। “ਸਰ, ਜੇ ਸਾਰੇ ਈ ਇਉਂ ਸੋਚਣ ਲੱਗ ਜਾਣ, ਫਿਰ ਤਾਂ ਸਰ ਗਿਆ ਬਸ।” ਮੈਂ ਆਖਿਆ ਸੀ। “ਸਰ, ਐਨਾ ਕੌਣ ਸੋਚਦੈ, ਚੱਲੀ ਜਾਂਦੈ ਸਾਰਾ ਕੁਸ਼।” ਪਰਮਜੀਤ ਆਪਣੀ ਗੱਲ ’ਤੇ ਖੜ੍ਹਾ ਸੀ। ਅਸੀਂ ਕਾਫ਼ੀ ਚਿਰ ਬਹਿਸ ਕਰਦੇ ਰਹੇ। ਸਾਡੀ ਇਸ ਬਹਿਸ ਨੂੰ ਸੇਵਾਦਾਰ ਦੀ ਘੰਟੀ ਨੇ ਵਿਰਾਮ ਦਿੱਤਾ। ਪਰਮਜੀਤ ਉੱਠ ਕੇ ਪੀਰੀਅਡ ਲਾਉਣ ਚਲਾ ਗਿਆ ਤੇ ਮੈਂ ਸਕੂਲ ਦੇ ਟਰੈਕ ਵੱਲ ਹੋ ਗਿਆ। ‘ਅਖੇ, ਵਗਦੀ ਗੰਗਾ ’ਚ ਹੱਥ......’ ‘ਤਾਹੀਓਂ ਤਾਂ ਫਿਰ ਸਿਸਟਮ ਦਾ ਭੱਠਾ ਬੈਠਾ ਪਿਐ, ਜਿੱਧਰ ਵੇਖੋ, ਬੇੜਾ ਗਰਕ ਹੋਇਆ ਪਿਐ, ਹਰ ਕੋਈ ਵਗਦੀ ਗੰਗਾ ’ਚ ਹੱਥ ਧੋਣੇ ਚਾਹੁੰਦੈ, ਹਰ ਕੋਈ ਇਹ ਵਿੰਹਦੈ, ਬਈ ਮੇਰਾ ਘਰ ਪੂਰਾ ਹੋਈ ਜਾਵੇ, ਦੁਨੀਆ ਜਾਏ ਢੱਠੇ ਖੂਹ ’ਚ, ਗੱਲ ਨਕਲ ਦੀ ਥੋੜ੍ਹੈ, ਗੱਲ ਤਾਂ ਸਾਡੇ ਡਿੱਗ ਰਹੇ ਕਿਰਦਾਰ ਦੀ ਐ, ਸਾਡੀ ਮਤਲਬਪ੍ਰਸਤੀ ਦੀ ਐ।’ ਏਨਾ ਖ਼ਿਆਲਾਂ ਨੂੰ ਰਿੜਕਦਾ ਪਤਾ ਨਹੀਂ ਕਿਹੜੇ ਵੇਲੇ ਮੈਂ ਦੋ ਦਹਾਕੇ ਪਿੱਛੇ ਖਿਸਕ ਗਿਆ।

ਦੋ ਹਜ਼ਾਰ ਦੋ ਦੇ ਮਾਰਚ ਮਹੀਨੇ ਦੀ ਇੱਕ ਸਵੇਰ ਨੂੰ ਇੱਕ ਸਕੂਲ ਦੇ ਦਫ਼ਤਰ ਵਿੱਚ ਸੁਪਰਡੈਂਟ ਦੀ ਹੈਸੀਅਤ ਵਿੱਚ ਬੈਠਾ ਸਾਂ। ਸੁਪਰਡੈਂਟ ਦੇ ਤੌਰ ’ਤੇ ਇਹ ਮੇਰੀ ਪਹਿਲੀ ਡਿਊਟੀ ਸੀ। ਪ੍ਰਿੰਸੀਪਲ ਕੁਝ ਸਮਾਂ ਰਸਮੀ ਜਿਹੀਆਂ ਗੱਲਾਂ ਕਰਦਾ ਰਿਹਾ ਜਿਨ੍ਹਾਂ ਵਿੱਚ ਮੇਰੀ ਭੋਰਾ ਵੀ ਰੁਚੀ ਨਹੀਂ ਬਣ ਰਹੀ ਸੀ।

“ਤੁਸੀਂ ਨਾ ਸਰ ਇੱਕ ਵਾਰੀ ਮੈਨੂੰ ਸੈਂਟਰ ਵਿਖਾ ਦਿਓ।” ਮੈਂ ਉਹਦੀਆਂ ਗੱਲਾਂ ਤੋਂ ਅੱਕਦਿਆਂ ਕਿਹਾ ਸੀ। “ਕੋਈ ਨ੍ਹੀਂ ਸਰ, ਤੁਸੀਂ ਚਾਹ ਤਾਂ ਲਉ ਪਹਿਲਾਂ, ਪੇਪਰਾਂ ਦਾ ਨਾ ਫ਼ਿਕਰ ਕਰੋ, ਜੀਤ ਸਾਡਾ ਕਲਰਕ, ਬਥੇਰਾ ਟਰੇਂਡ ਐ। ਤੁਸੀਂ ਬਸ ’ਰਾਮ ਨਾਲ ਕੁਰਸੀ ਡਾਹ ਕੇ ਬਹਿ-ਜਿਆ ਕਰੋ।” ਚਾਹ ਪੀਣ ਉਪਰੰਤ ਫਿਰ ਉਹ ਮੈਨੂੰ ਪ੍ਰੀਖਿਆ ਕੇਂਦਰ ਵੱਲ ਲੈ ਗਿਆ। ਕਲਰਕ ਨੂੰ ਵੀ ਬੁਲਾ ਲਿਆ। “ਜੀਤ ਸਿਆਂ, ਇਹ ਸੁਪਡੈਂਟ ਐ ਆਪਣੇ, ਇਨ੍ਹਾਂ ਦਾ ਪੂਰਾ ਖਿਆਲ ਰੱਖਣੈ, ਕੋਈ ’ਲਾਂਭਾ ਨਾ ਆਏ।” ਪੈਂਦੀ ਸੱਟੇ ਕਲਰਕ ਬੋਲਿਆ, “ਮਖਿਆ ਸਾਬ੍ਹ ਜੀ, ਆਪਾਂ ਅੱਗੇ ਕਦੇ ’ਲਾਂਭਾ ਆਉਣ ਦਿੱਤੈ। ਅਖੇ, ਗੋਲੀ ਕੀਹਦੀ ਤੇ ਗਹਿਣੇ ਕੀਹਦੇ। ਪ੍ਰਿੰਸੀਪਲ ਕੁਝ ਸਮਾਂ ਬੈਠ ਕੇ ਆਪਣੇ ਦਫ਼ਤਰ ਚਲਾ ਗਿਆ। ਮੈਂ ਤੇ ਕਲਰਕ ਕੰਮ ’ਚ ਰੁੱਝ ਗਏ।

ਕੰਮ ਕਰਦਿਆਂ ਦਸ ਕੁ ਮਿੰਟ ਹੀ ਹੋਏ ਸਨ ਕਿ ਇੱਕ ਵਿਅਕਤੀ ਕਮਰੇ ਵਿੱਚ ਦਾਖਲ ਹੋਇਆ। ਕਲਰਕ ਉਸ ਨੂੰ ਉੱਠ ਕੇ ਬੜੇ ਤਪਾਕ ਨਾਲ ਮਿਲਿਆ। ਫਿਰ ਮੇਰੇ ਵੱਲ ਇਸ਼ਾਰਾ ਕਰਕੇ ਕਿਹਾ, “ਇਹ ਆਪਣੇ ‘ਸੁਪਡੈਂਟ’ ਸਾਬ੍ਹ ਨੇ।” ਵਿਅਕਤੀ ਨੇ ਮੈਨੂੰ ਵਿਸ਼ ਕੀਤੀ ਤੇ ਕੁਰਸੀ ’ਤੇ ਬੈਠ ਗਿਆ। ਫਿਰ ਕਲਰਕ ਮੈਨੂੰ ਸੰਬੋਧਨ ਕਰਕੇ ਕਹਿਣ ਲੱਗਾ, “ਸਾਬ੍ਹ ਜੀ, ਇਹ ਬੇਅੰਤ ਸਿੰਘ ਐ, ਇਨ੍ਹਾਂ ਦਾ ਮੰਡੀ ਪ੍ਰਾਈਵੇਟ ਸਕੂਲ ਐ।” “ਸਾਡੇ ਬੱਚੇ ਤੁਹਾਡੇ ਕੋਲ ਈ ਪੇਪਰ ਦੇ ਰਹੇ ਆ ਸਰ।” ਬੇਅੰਤ ਨੇ ਵੀ ਆਪਣੀ ਗੱਲ ਰੱਖੀ। ਮੈਂ “ਠੀਕ ਐ” ਕਹਿ ਕੇ ਗੱਲ ਨਿਬੇੜੀ। “ਇੱਕ ਮਿੰਟ ਬਾਹਰ ਆਇਓ ਸਰ।” ਘੜੀ ਕੁ ਬਾਅਦ ਕਲਰਕ ਬੋਲਿਆ। “ਕੋਈ ਨ੍ਹੀਂ ਐਥੇ ਈ ਗੱਲ ਕਰ ਲਓ।” “ਇੱਕ ਮਿੰਟ ਆਇਓ ਤਾਂ ਸਹੀ।” ਜੀਤ ਦੇ ਦੁਬਾਰਾ ਕਹਿਣ ’ਤੇ ਮੈਂ ਉੱਠ ਖੜ੍ਹਾ ਹੋਇਆ।

“ਸਰ, ਇਹ ਆਪਣੇ ਖ਼ਾਸ ਬੰਦੇ ਐ।” ਕਲਰਕ ਨੇ ਗੱਲ ਸ਼ੁਰੂ ਕੀਤੀ। “ਇਨ੍ਹਾਂ ਦਾ ਆਪਾਂ ਪੂਰਾ ਖਿਆਲ ਰੱਖਣੈ।” “ਕੋਈ ਗੱਲ ਨ੍ਹੀਂ।” ਮੈਂ ਸਿਰਫ਼ ਏਨਾ ਕਿਹਾ। ਫਿਰ ਬੇਅੰਤ ਬੋਲਿਆ, “ਆਪਾਂ ਸੋਥੋਂ ਇੰਚ ਬਾਹ੍ਰ ਨ੍ਹੀਂ ਸਰ, ਜਿਵੇਂ ਤੁਸੀਂ ਕਹੋਗੇ, ਆਪਾਂ ਉਵੇਂ ਕਰਨ ਨੂੰ ਤਿਆਰ ਆਂ।” ਪਰ ਮੈਂ ਉਨ੍ਹਾਂ ਤੋਂ ਛੇਤੀ ਹੀ ਖਹਿੜਾ ਛੁਡਾ ਕੇ ਵਾਪਸ ਆ ਗਿਆ ਤੇ ਆਪਣੇ ਨਿਗਰਾਨਾਂ ਨਾਲ ਅਗਲੇ ਦਿਨ ਦੇ ਪੇਪਰ ਸਬੰਧੀ ਕੰਮਕਾਜ ਵਿੱਚ ਰੁੱਝ ਗਿਆ। ਕਲਰਕ ਚਿਰ ਬਾਅਦ ਵਾਪਸ ਆਇਆ। ਉਦੋਂ ਤੱਕ ਮੇਰਾ ਸਟਾਫ ਜਾ ਚੁੱਕਾ ਸੀ ਤੇ ਮੈਂ ਇਕੱਲਾ ਹੀ ਬੈਠਾ ਸੀ।

“ਸਾਬ੍ਹ ਜੀ।” ਕਲਰਕ ਨੇ ਆਉਂਦਿਆਂ ਹੀ ਫਿਰ ਗੱਲ ਸ਼ੁਰੂ ਕਰ ਲਈ, “ਵਾਹਵਾ ਮੋਟੀ ਸਾਮੀ ਐ ਸਰ, ਊਂ ਵੀ ਬੰਦਾ ਪੂਰਾ ਦਿਲ ਆਲੈ, ਖੁੱਲ੍ਹ ਕੇ ਖਰਚ ਕਰਦੈ। ਆਪਣਾ ਵੀ ਵਾਹਵਾ ਮਾਣ ਤਾਣ ਕਰ ਦਿੰਦੈ, ਹੁਣ ਇਹੀ ਪੁੱਛਣ ਆਇਐ ਕਿ ਕੀ ਸੇਵਾ ਕਰੀਏ ਸੁਪਡੈਂਟ ਸਾਬ੍ਹ ਦੀ। ‘ਸੇਵਾ’ ਵੀ ਨਕਦ ਈ ਕਰਦੈ, ਬਾਕੀ ਜਿਵੇਂ ਸੋਨੂੰ ਠੀਕ ਲੱਗੇ।” “ਦੇਖ ਬਈ ਜੀਤ ਸਿਆਂ, ਤੁਸੀਂ ਮੈਨੂੰ ਗ਼ਲਤ ਸਮਝੀ ਜਾਨੇਂ ਓਂ, ਏਸ ਰਾਹ ਦਾ ਰਾਹੀ ਹੈ ਨ੍ਹੀਂ ਮੈਂ, ਨਕਲ, ਨੁਕਲ ਨ੍ਹੀਂ ਚੱਲਣ ਦੇਣੀ ਆਪਾਂ।” “ਓਹ ਕਾਹਨੂੰ ਸਾਬ੍ਹ ਜੀ, ਨਕਲ ਦਾ ਨਾ ਫ਼ਿਕਰ ਕਰਿਓ ਤੁਸੀਂ, ਨਕਲ ਐਂ ਥੋੜ੍ਹੀ ਕਰਾਵਾਂਗੇ, ਸੋਡੇ ਨਾਲ ਦੁਸ਼ਮਣੀ ਥੋੜ੍ਹੈ ਆਪਣੀ। ਕਿਸੇ ਢੰਗ ਤਰੀਕੇ ਨਾਲ ਕਰਾਵਾਂਗੇ, ਬਾਕੀ ਇੱਕ ਗੱਲ ਹੋਰ ਦੱਸਾਂ, ਬੇਅੰਤ ਨੇ ਉਪਰ ਵੀ ਬੰਦੇ ਗੰਢੇ ਹੁੰਦੈ ਐ, ਆਪਣਾ ਵੀ ਪੂਰਾ ‘ਪ੍ਰਬੰਧ’ ਕੀਤਾ ਹੁੰਦੈ, ਏਸ ਗੱਲੋਂ ਸਾਬ੍ਹ ਬਥੇਰੇ ਧਾਕੜ ਨੇ।” “ਜੀਤ ਸਿਆਂ..।” ਮੈਂ ਰਤਾ ਕਰਾਰਾ ਹੋ ਕੇ ਬੋਲਿਆ, “ਤੁਸੀਂ ਵਾਰੀ ਵਾਰੀ ਇੱਕੋ ਗੱਲ ਨਾ ਆਖੋ ਮੈਨੂੰ। ਨਵੇਂ ਬੰਦੇ ਦਾ ਸਾਥ ਤਾਂ ਕੀ ਦੇਣੈਂ ਸਗੋਂ ਤੁਸੀਂ ਤਾਂ ਮੈਨੂੰ ਪ੍ਰੇਸ਼ਾਨ ਕਰੀ ਜਾਨੇਂ ਓਂ।” ਦੁਬਾਰਾ ਉਸ ਨੇ ਗੱਲ ਨਾ ਛੇੜੀ।

ਕੰਮ ਨਿਬੇੜ ਕੇ ਮੈਂ ਘਰ ਜਾਣ ਦੀ ਤਿਆਰੀ ਹੀ ਕਰ ਰਿਹਾ ਸੀ ਕਿ ਦੋ ਭੈਣਜੀਆਂ ਮੇਰੇ ਕਮਰੇ ਵਿੱਚ ਆਈਆਂ। “ਸੱਸਰੀ ’ਕਾਲ ਵੀਰ ਜੀ।” ਉਹ ਦੋਵੇਂ ਇਕੱਠੀਆਂ ਹੀ ਬੋਲੀਆਂ। “ਸੱਸਰੀ ਕਾਲ ਜੀ।” ਮੈਂ ਬਦਲੇ ਵਿੱਚ ਕਿਹਾ। “ਕਿਹੜੇ ਥਾਂ ਤੋਂ ਵੀਰ ਜੀ ਤੁਸੀਂ?” ਉਨ੍ਹਾਂ ਵਿੱਚ ਜੋ ਕਾਫ਼ੀ ਲੰਮੇ ਕੱਦ ਦੀ ਸੀ, ਨੇ ਗੱਲ ਦੀ ਸ਼ੁਰੂਆਤ ਕੀਤੀ। ਮੈਂ ਆਪਣੇ ਸ਼ਹਿਰ ਦਾ ਨਾਮ ਦੱਸਿਆ। “ਉਂਝ ਸੋਨੂ ਦੂਰ ਤਾਂ ਲੱਗਿਆ ਹੋਊ ਸਕੂਲ, ਆਪਣੇ ਮਹਿਕਮੇ ਦਾ ਵੀ ਬੁਰਾ ਹਾਲ ਈ ਐ, ਲੈ, ਕੋਈ ਨੇੜੇ ਸੈਂਟਰ ਨ੍ਹੀਂ ਦਿੱਤਾ ਜਾਂਦਾ ਸੀ!” ਹੁਣ ਉਹਦੇ ਨਾਲ ਦੀ ਭੈਣਜੀ ਬੋਲੀ। ਇਉਂ ਗੱਲਾਂ ਦੀ ਬਿਸਾਤ ਵਿਛਾਉਣ ਤੋਂ ਬਾਅਦ ਉਹ ਅਸਲ ਵਿਸ਼ੇ ’ਤੇ ਆਈਆਂ, “ਅਸੀਂ ਤਾਂ ਵੀਰ ਜੀ, ਸੋਨੂ ਪਤਾ ਈ ਐ, ਆਪਣੇ ਸਕੂਲਾਂ ਦੇ ਜੁਆਕਾਂ ਦਾ ਹਾਲ ਤਾਂ ਮਾੜਾ ਈ ਹੁੰਦੈ, ਮੈਂ ਈ ਅੰਗਰੇਜ਼ੀ ਪੜ੍ਹਾਉਣੀ ਆਂ ਵੀਰ ਜੀ ਬਾਹ੍ਰਵੀਂ ਨੂੰ, ਮਿਹਨਤ ਤਾਂ ਬਥੇਰੀ ਕਰਾਈ ਐ, ਪਰ ਅੰਗਰੇਜ਼ੀ ਦਾ ਤੁਹਾਨੂੰ ਪਤਾ ਈ ਐ, ਆਪਣੇ ਜਵਾਕਾਂ ਦਾ।” ਲੰਮੇ ਕੱਦ ਵਾਲੀ ਭੈਣ ਜੀ ਨੇ ਗੱਲ ਪੂਰੀ ਕੀਤੀ ਹੀ ਸੀ ਕਿ ਵੀਰਪਾਲ ਨੇ ਗੱਲ ਅੱਗੇ ਤੋਰੀ, “ਸਾਡੇ ਇਹ ਸੁਰਜੀਤ ਮੈਮ ਤਾਂ ਬਥੇਰਾ ਖ਼ੂਨ ਸਾੜਦੇ ਐ, ਓਵਰ ‘ਟੈਮ’ ਵੀ ਲਾਉਂਦੇ ਐ।” “ਫਿਰ ਕਿਉਂ ਫ਼ਿਕਰ ਕਰਦੇ ਓਂ, ਆਪੇ ਪਾਸ ਹੋ ਜਾਣਗੇ।” ਉਨ੍ਹਾਂ ਦੋਵਾਂ ਵੱਲ ਵੇਖਦਿਆਂ ਮੈਂ ਬੋਲਿਆ। “ਐਂ ਤਾਂ ਮੈਨੂੰ ਕੋਈ ਫ਼ਿਕਰ ਨੀ, ਪਰ ਸਰ ਹੈਗੇ ਐ ਤਿੰਨ, ਚਾਰ ਭੈੜੇ ਜਿਹੇ, ਜਮਾਂ ਨ੍ਹੀਂ ਪੜ੍ਹਦੇ, ਮੈਂ ਤਾਂ ਉਨ੍ਹਾਂ ਨਾਲ ਮੱਥਾ ਮਾਰਦੀ ਨੇ ਬਲੱਡ ਪ੍ਰੈਸ਼ਰ ਵੀ ਸਹੇੜ ਲਿਆ।” ਸੁਰਜੀਤ, ਬੋਲੀ। “ਤੁਸੀਂ ਬਸ ਏਨੀ ਕੁ ਬੇਨਤੀ ਕਬੂਲ ਕਰ ਲਿਓ, ਹਾਲ ’ਚ ਨਾ ਬਹਾਇਓ ਜਵਾਕ ਤੇ ਦਸ ਕੁ ਮਿੰਟ ਅੰਦਰ ਜਾਣ ਦੇ ਦਿਓ ਮੈਮ ਨੂੰ।” ਵੀਰਪਾਲ ਬੋਲੀ। “ਨਾ ਮੈਡਮ, ਐਂ ਤਾਂ ਮੁਸ਼ਕਿਲ ਐ।” “ਚੱਲ ਫਿਰ ਵੀਰ ਜੀ, ਐਨੀ ਕੁ ਤਾਂ ਗੱਲ ਮੰਨ ਲਿਓ, ਹਾਲ ’ਚ ਨਾ ਬਹਾਇਓ ਬਸ।” “ਕੋਈ ਨ੍ਹੀਂ ਦੇਖਦੇ ਆਂ।”

“ਲਿਆ ਦਿਖਾ ਜੀਤ ਸਿਆਂ, ਸਿਟਿੰਗ ਪਲਾਨ ਕਿਵੇਂ ਬਣਾਇਐ।” “ਆਪਣਾ ਸਰ ਕਿਹੜਾ ਕੋਈ ਨਵਾਂ ਕੰਮ ਐ, ਤੁਸੀਂ ਬਸ ਦਬਾਦਬ ਸਾਈਨ ਕਰੋ, ਆਪਾਂ ਕਿਤੇ ਲੇਟ ਨਾ ਹੋ ਜਾਈਏ।” ਉਹਨੇ ਸਿਟਿੰਗ ਪਲਾਨ ਦੀ ਕਾਪੀ ਮੇਰੇ ਅੱਗੇ ਧਰਦਿਆਂ ਕਿਹਾ। ਮੈਂ ਉਹਨੂੰ ਧਿਆਨ ਨਾਲ ਦੇਖਿਆ। ਬਹੁਤੀਆਂ ਗੱਲਾਂ ਵਿੱਚ ਪੈਣ ਦੀ ਬਜਾਇ ਬਸ ਏਨਾ ਹੀ ਕਿਹਾ, “ਥੋੜ੍ਹੀ ਜਿਹੀ ਤਬਦੀਲੀ ਕਰਦੇ ਆਂ।” ਮੇਰੀ ਗੱਲ ਸੁਣ ਕੇ ਉਹਦੇ ਮੱਥੇ ਤਿਊੜੀ ਉੱਭਰ ਆਈ। ਮੈਂ ਆਪਣੀ ਨਿਗਰਾਨੀ ਹੇਠ ਨਵੇਂ ਸਿਰੇ ਤੋਂ ਸਿਟਿੰਗ ਪਲਾਨ ਤਿਆਰ ਕਰਵਾਇਆ।

ਪੇਪਰ ਸਹੀ ਸਮੇਂ ’ਤੇ ਸ਼ੁਰੂ ਹੋ ਗਿਆ। ਮੈਂ ਸਾਰੇ ਕਮਰਿਆਂ ਦਾ ਦੌਰਾ ਕੀਤਾ। ਸਭ ਕੁਝ ਠੀਕ ਲੱਗਿਆ। ਪਹਿਲਾ ਦਿਨ ਸੁੱਖੀਂ-ਸਾਂਦੀ ਨਿੱਬੜ ਗਿਆ। ਅਗਲੇ ਦਿਨ ਵੀ ਇਉਂ ਹੀ ਬੀਤਣ, ਮੈਂ ਕਾਮਨਾ ਕੀਤੀ। ਅਗਲਾ ਦਿਨ ਵੀ ਸਹੀ ਰਿਹਾ। ਇਉਂ ਪ੍ਰੀਖਿਆ ਕੇਂਦਰ ਨੇ ਇੱਕ ਲੈਅ ਫੜ ਲਈ। ਇਸ ਦਰਮਿਆਨ, ਜਿਹੜਾ ਵਿਅਕਤੀ ਮੇਰੇ ਨਾਲ ਚੱਟਾਨ ਵਾਂਗ ਖੜ੍ਹਾ ਰਿਹਾ, ਉਹ ਸੀ ਮੇਰਾ ਡਿਪਟੀ ਸੁਪਰਡੈਂਟ। ਉਸ ਦਿਨ ਗਣਿਤ ਦਾ ਪੇਪਰ ਸੀ, ਉਹਨੂੰ ਸ਼ੱਕ ਪੈ ਗਿਆ ਕਿ ਸਾਡਾ ਇੱਕ ਨਿਗਰਾਨ ‘ਦੂਸਰੀ ਧਿਰ’ ਨਾਲ ਰਲਿਆ ਹੋਇਆ ਹੈ। ਕਾਰਨ, ਉਹ ਲੋੜ ਤੋਂ ਵੱਧ ਕਮਰੇ ਵਿੱਚੋਂ ਬਾਹਰ ਗਿਆ। ਆਪਣੀ ਥਾਂ ਉਸ ਨੂੰ ਖੜ੍ਹਾ ਜਾਂਦਾ। ਬਹਾਨਾ ਲਾਉਂਦਾ,ਪੇਟ ਖਰਾਬ ਹੋਣ ਦਾ। ਡਿਪਟੀ ਦਾ ਸ਼ੱਕ ਸਹੀ ਨਿਕਲਿਆ। ਬਾਹਰ ਅੰਦਰ ਦੇ ਚੱਕਰ ਵਿੱਚ ਉਹ ਪਰਚੀਆਂ ਦਾ ਆਦਾਨ ਪ੍ਰਦਾਨ ਕਰ ਰਿਹਾ ਸੀ। ਉਹਨੂੰ ਪਿਆਰ ਨਾਲ ਅਸਾਂ ਦੋਵਾਂ ਨੇ ਸਮਝਾਇਆ, ਪਰ ਉਹ ਪੈਰਾਂ ’ਤੇ ਪਾਣੀ ਨਹੀਂ ਪੈਣ ਦੇ ਰਿਹਾ ਸੀ। ਇੱਕ ਵਾਰ ਅਸਾਂ ਗੱਲ ਆਈ ਗਈ ਕਰ ਦਿੱਤੀ, ਪਰ ਉਹ ਆਪਣੀ ਆਦਤ ਤੋਂ ਬਾਜ਼ ਨਾ ਆਇਆ। ਮੇਰੇ ਡਿਪਟੀ ਨੇ ਨਿਗ੍ਹਾ ਰੱਖੀ। ਕਮਰੇ ਦੀ ਇੱਕ ਖਿੜਕੀ ਜਿਸ ਵਿਚਲੀ, ਜਾਲੀ ਵਿੱਚ ਮਘੋਰੇ ਹੋਏ ਪਏ ਸਨ, ਉੱਥੋਂ ਇੱਕ ਮਿਨੀ ਗਾਈਡ ਲੈਂਦਾ ਫੜਿਆ ਗਿਆ। ਫਿਰ ਤਾਂ ਮੈਂ ਉਸ ਨੂੰ ਰੀਲੀਵ ਕਰ ਦਿੱਤਾ। ਇੰਝ ਹੀ ਇੱਕ ਦਿਨ ਮੇਰੇ ਡਿਪਟੀ ਨੇ ਪਾਣੀ ਪਿਆਉਣ ਵਾਲੇ ਨੂੰ ਫੜਿਆ। ਪਾਣੀ ਪਿਆਉਣ ਦੇ ਬਹਾਨੇ ਉਹ ਪਰਚੀਆਂ ‘ਪਿਆ’ ਰਿਹਾ ਸੀ।

ਇੱਕ ਦਿਨ ਕਲਰਕ ਕਹਿੰਦਾ, “ਸਰ, ਮੈਂ ਇੱਕ ਗੱਲ ਹੋਰ ਸੁਣੀ ਐ।” ਇੰਨਾ ਕਹਿ ਉਸ ਨੇ ਕੁਰਸੀ ਖਿੱਚ ਕੇ ਮੇਰੇ ਨੇੜੇ ਕਰ ਲਈ। ਅਖੇ, “ਤੁਹਾਨੂੰ ਮੁੰਡੇ ਘੇਰਨ ਨੂੰ ਫਿਰਦੇ ਐ, ਮੈਂ ਸੋਚਿਆ, ਸੁਪਡੈਂਟ ਸਾਬ੍ਹ ਆਪਣੇ ਬੰਦੇ ਐ, ਦੱਸਣਾ ਬਣਦੈ, ਐਵੇਂ ਕੱਲ੍ਹ ਨੂੰ ਕੋਈ ਨੁਕਸਾਨ ਹੋ ਜੇ।” “ਕੋਈ ਗੱਲ ਨ੍ਹੀਂ ਜੀਤ ਸਿਆਂ, ਜੇ ਮੁੰਡੇ ਘੇਰਨਾ ਚਾਹੁੰਦੇ ਐ ਤਾਂ ਘੇਰ ਲੈਣ।” ਮੈਂ ਸਹਿਜ ਨਾਲ ਬੋਲਿਆ। ਗੱਲ ਕਹਿ ਕੇ ਜਿਵੇਂ ਉਹ ਆਪ ਹੀ ਛਿੱਥਾ ਜਿਹਾ ਪੈ ਗਿਆ।

ਨਾ ਤਾਂ ਕਿਸੇ ਨੇ ਘੇਰਿਆ, ਨਾ ਹੀ ਕਿਸੇ ਨੇ ਘੇਰਨਾ ਸੀ।

ਮੈਂ ਇਹ ਤਾਂ ਨਹੀਂ ਕਹਿੰਦਾ ਕਿ ਸੈਂਟਰ ਵਿੱਚ ਚਿੜੀ ਨਹੀਂ ਫੜਕਣ ਦਿੱਤੀ, ਅੰਦਰਖਾਤੇ ਕੁਝ ਨਾ ਕੁਝ ਤਾਂ ਜ਼ਰੂਰ ਹੁੰਦਾ ਰਿਹਾ ਹੋਵੇਗਾ। ਹਾਂ, ਇੰਨਾ ਜ਼ਰੂਰ ਹੈ ਕਿ ਵਿਰੋਧੀ ਧਿਰ ਦੇ ਮਨਸੂਬੇ ਪਈ ‘ਇਸ ਛੱਬੀ ਕੁ ਸਾਲਾਂ ਦੇ, ਕੱਲ੍ਹ ਦੇ ਨਿਆਣੇ ਸੁਪਡੈਂਟ’ ਨੂੰ ਅਸੀਂ ਆਪਣੀ ਮਰਜ਼ੀ ਨਾਲ ਚਲਾ ਲਵਾਂਗੇ, ਪੂਰੇ ਨਹੀਂ ਹੋਣ ਦਿੱਤੇ ਸਨ।

ਘੜੀ ਵੱਲ ਦੇਖਿਆ। ਅਗਲਾ ਪੀਰੀਅਡ ਲੱਗਣ ਵਾਲਾ ਸੀ। ਟਰੈਕ ’ਚੋਂ ਸਿੱਧਾ ਸਟਾਫ ਰੂਮ ਵੱਲ ਹੋ ਗਿਆ। ਅਜੇ ਬੈਠਾ ਹੀ ਸੀ ਕਿ ਘੰਟੀ ਲੱਗ ਗਈ। ਜਮਾਤ ਵਿੱਚ ਜਾਣ ਲਈ ਉੱਠਿਆ। ਬਰਾਂਡੇ ਵਿੱਚ ਪਰਮਜੀਤ ਮਿਲਿਆ। ਮੈਂ ਜਾਂਦਾ ਜਾਂਦਾ ਰੁਕ ਗਿਆ। “ਪਰਮਜੀਤ, ਵਗਦੀ ਗੰਗਾ ’ਚ ਹੱਥ ਨਹੀਂ ਧੋਣੇ ਚਾਹੀਦੇ।” ਮੈਂ ‘ਨਹੀਂ’ ’ਤੇ ਕਾਫ਼ੀ ਜ਼ੋਰ ਲਾਇਆ। ਪਲ ਕੁ ਲਈ ਤਾਂ ਉਹ ਮੇਰੀ ਗੱਲ ਸਮਝਿਆ ਨਾ। ਫਿਰ ਹੈਰਾਨ ਹੁੰਦਿਆਂ ਬੋਲਿਆ, “ਤੁਸੀਂ ਸਰ ਅਜੇ ਉਸੇ ਗੱਲ ’ਤੇ ਈ ਖੜ੍ਹੇ ਓ।” “ਹਾਂ ਪਰਮਜੀਤ, ਮੈਂ ਓਸੇ ਗੱਲ ’ਤੇ ਈ ਖੜ੍ਹਾ ਹਾਂ, ਤੇ ਮੈਂ ਹਰ ਉਸ ਗੱਲ ’ਤੇ ਖੜ੍ਹਨ ਦੀ ਕੋਸ਼ਿਸ਼ ਕਰਦਾ ਹਾਂ, ਜਿੱਥੇ ਮੈਨੂੰ ਲੱਗੇ ਕਿ ਖੜ੍ਹਨਾ ਚਾਹੀਦੈ।” ਇਹ ਕਹਿ ਮੈਂ ਉਹਦੇ ਕੋਲੋਂ ਤੁਰ ਪਿਆ।

# ਆੜੀ

ਡਾ. ਇਕਬਾਲ ਸਿੰਘ ਸਕਰੌਦੀ




ਨਵਾਂ ਵਰ੍ਹਾ ਚੜ੍ਹੇ ਨੂੰ ਅਜੇ ਪੰਦਰਾਂ ਕੁ ਦਿਨ ਹੀ ਲੰਘੇ ਸਨ। ਕਹਿਰਾਂ ਦੀ ਠੰਢ ਪੈ ਰਹੀ ਸੀ। ਧੁੰਦ ਦੀ ਦੁੱਧ ਚਿੱਟੀ ਚਾਦਰ ਨੇ ਸਾਰੇ ਪੰਜਾਬ ਨੂੰ ਆਪਣੇ ਕਲਾਵੇ ਵਿੱਚ ਲਿਆ ਹੋਇਆ ਸੀ। ਸਵੇਰ ਵੇਲੇ ਤਾਂ ਧੁੰਦ ਕਾਰਨ ਹੱਥ ਨੂੰ ਹੱਥ ਵਿਖਾਈ ਨਹੀਂ ਸੀ ਦਿੰਦਾ। ਦਸ ਗਿਆਰਾਂ ਵਜੇ ਜਾ ਕੇ ਸੂਰਜ ਦੇ ਮੱਧਮ ਜਿਹੇ ਦਰਸ਼ਨ ਦੀਦਾਰੇ ਹੁੰਦੇ ਸਨ। ਕਦੇ-ਕਦੇ ਤਾਂ ਬਾਅਦ ਦੁਪਹਿਰ ਢਾਈ ਤਿੰਨ ਵਜੇ ਹੀ ਧੁੰਦ ਪੈਣੀ ਸ਼ੁਰੂ ਹੋ ਜਾਂਦੀ ਸੀ।

ਹਿਰਦੈ ਪਾਲ ਸਿੰਘ ਫਿਜ਼ੀਕਲ ਐਜੂਕੇਸ਼ਨ ਕਾਲਜ ਪਟਿਆਲਾ ਵਿੱਚ ਐਮ.ਪੀ.ਐਡ. ਕਰਦਾ ਸੀ। ਕਾਲਜ ਤੋਂ ਉਸ ਦਾ ਸ਼ਹਿਰ ਸੁਨਾਮ ਲਗਪਗ ਸੱਤਰ ਕਿਲੋਮੀਟਰ ਦੂਰ ਸੀ। ਆਮ ਤੌਰ ’ਤੇ ਉਹ ਦੋ ਢਾਈ ਮਹੀਨਿਆਂ ਬਾਅਦ ਆਪਣੇ ਘਰ ਜਾਂਦਾ ਸੀ।

ਅੱਜ ਸ਼ਨਿੱਚਰਵਾਰ ਸੀ। ਸ਼ਾਮ ਦੇ ਛੇ ਵਜੇ ਸਨ। ਹੁਣ ਤੱਕ ਹੋਸਟਲ ਦੇ ਬਹੁਤ ਸਾਰੇ ਵਿਦਿਆਰਥੀ ਆਪੋ ਆਪਣੇ ਬੈਗ ਲੈ ਕੇ ਆਪਣੇ ਘਰਾਂ ਨੂੰ ਜਾਣ ਲਈ ਹੋਸਟਲ ਵਿੱਚੋਂ ਚਲੇ ਗਏ ਸਨ। ਉਹ ਭਾਵੇਂ ਪਿਛਲੇ ਮਹੀਨੇ ਹੀ ਆਪਣੇ ਘਰ ਜਾ ਕੇ ਆਇਆ ਸੀ, ਪਰ ਅਚਾਨਕ ਉਸ ਦੇ ਮਨ ਵਿੱਚ ਬਿਜਲੀ ਦੀ ਤੇਜ਼ੀ ਵਾਂਗ ਇੱਕ ਖ਼ਿਆਲ ਆਇਆ। ਉਹ ਆਪਣੇ ਬੈੱਡ ਤੋਂ ਇਕਦਮ ਉੱਠਿਆ। ਅਲਮਾਰੀ ਵਿੱਚੋਂ ਬੈਗ ਕੱਢਿਆ। ਕਾਹਲੀ ਨਾਲ ਉਸ ਵਿੱਚ ਕੱਪੜੇ ਪਾਏ। ਪੱਗ ਬੰਨ੍ਹੀ। ਵਾਰਮ ਅੱਪ ਸ਼ੂ ਪਾ, ਉਹ ਹੋਸਟਲ ਦੀਆਂ ਪੌੜੀਆਂ ਦਗੜ-ਦਗੜ ਕਰਦਾ ਥੱਲੇ ਉਤਰ ਗਿਆ।

ਪਾਸੀ ਰੋਡ ਉੱਤੇ ਆ ਕੇ ਉਹ ਖਲੋ ਗਿਆ। ਉਸ ਨੇ ਇੱਕ ਦੋ ਮਿੰਟਾਂ ਤੱਕ ਕਿਸੇ ਆਟੋ ਦੀ ਉਡੀਕ ਕੀਤੀ। ਪਰ ਜਦੋਂ ਉਸ ਨੂੰ ਕੁਝ ਵੀ ਆਉਂਦਾ ਵਿਖਾਈ ਨਾ ਦਿੱਤਾ, ਉਹ ਕਾਹਲੇ ਕਦਮੀਂ ਬੱਸ ਅੱਡੇ ਦੇ ਰਾਹ ਪੈ ਗਿਆ। ਗੁਰਦੁਆਰਾ ਦੁਖਨਿਵਾਰਨ ਸਾਹਿਬ ਦੇ ਸਾਹਮਣਿਓਂ ਲੰਘਦਿਆਂ ਉਸ ਨੇ ਬਾਹਰੋਂ ਹੀ ਮੱਥਾ ਟੇਕਿਆ। ਅੱਗੇ ਬੱਤੀਆਂ ਵਾਲੇ ਚੌਕ ਵਿੱਚ ਇੱਕ ਆਟੋ ਵਿੱਚ ਜਾ ਬੈਠਿਆ। ਆਟੋ ਵਾਲੇ ਨੇ ਬੱਸ ਅੱਡੇ ਤੋਂ ਬਾਹਰ ਰੇਲਵੇ ਫਾਟਕ ਕੋਲ ਉਸ ਨੂੰ ਉਤਾਰ ਦਿੱਤਾ। ਕਾਹਲੇ ਕਦਮੀਂ ਉਹ ਬੱਸ ਅੱਡੇ ਵਿੱਚ ਪਹੁੰਚਿਆ। ਮਾਨਸਾ ਨੂੰ ਜਾਣ ਵਾਲੀ ਆਖ਼ਰੀ ਬੱਸ ਕਾਊਂਟਰ ਉੱਤੇ ਲੱਗੀ ਖੜ੍ਹੀ ਸੀ।

ਟਿਕਟ ਲੈ ਕੇ ਉਹ ਪਿਛਲੀ ਤਾਕੀ ਚੜ੍ਹ ਕੇ ਇੱਕ ਸੀਟ ਉੱਤੇ ਜਾ ਬੈਠਿਆ। ਉਸ ਨੇ ਵੇਖਿਆ ਕਿ ਆਧੁਨਿਕ ਹਥਿਆਰਾਂ ਨਾਲ ਲੈਸ ਪੁਲਿਸ ਦੇ ਚਾਰ ਜਵਾਨ ਬੱਸ ਦੀ ਆਖ਼ਰੀ ਸੀਟ ਉੱਤੇ ਬੈਠੇ ਗੱਪਸ਼ੱਪ ਕਰ ਰਹੇ ਸਨ। ਸਵਾ ਸੱਤ ਵੱਜ ਚੁੱਕੇ ਸਨ। ਹੁਣ ਤੱਕ ਤੀਹ ਬੱਤੀ ਸਵਾਰੀਆਂ ਬੱਸ ਵਿੱਚ ਆ ਬੈਠੀਆਂ ਸਨ ਜਿਨ੍ਹਾਂ ਵਿੱਚ ਜ਼ਨਾਨਾ ਸਵਾਰੀਆਂ ਕੇਵਲ ਤਿੰਨ ਹੀ ਸਨ। ਉਸੇ ਵੇਲੇ ਕੰਡਕਟਰ ਨੇ ਸੀਟੀ ਵਜਾਈ। ਖੁੱਲ੍ਹੀ ਲੰਮੀ ਦਾੜ੍ਹੀ ਵਾਲੇ ਸਰਦਾਰ ਡਰਾਈਵਰ ਨੇ ਬੱਸ ਸਟਾਰਟ ਕੀਤੀ। ਅਗਲੇ ਹੀ ਪਲ ਬੱਸ ਹਵਾ ਨਾਲ ਗੱਲਾਂ ਕਰਦੀ ਪੁਲ ਉੱਪਰੋਂ ਲੰਘ ਰਹੀ ਸੀ।

ਜਿਉਂ ਹੀ ਟਿਕਟਾਂ ਕੱਟਦਾ ਕੰਡਕਟਰ ਉਸ ਦੇ ਨੇੜੇ ਆਇਆ, ਉਸ ਨੇ ਸੁਨਾਮ ਦੀ ਟਿਕਟ ਲੈ ਲਈ। ਉਸ ਦੇ ਬਰਾਬਰ ਵਾਲੀ ਤਿੰਨ ਵਾਲੀ ਸੀਟ ਉੱਤੇ ਇੱਕ ਅੱਧਖੜ੍ਹ ਉਮਰ ਦੀ ਔਰਤ ਅਤੇ ਦੋ ਮੁਟਿਆਰਾਂ ਬੈਠੀਆਂ ਸਨ। ਔਰਤ ਨੇ ਭਵਾਨੀਗੜ੍ਹ ਦੀਆਂ ਦੋ ਟਿਕਟਾਂ ਕਟਾਈਆਂ। ਉਨ੍ਹਾਂ ਦੇ ਨਾਲ ਸੀਟ ਉੱਤੇ ਬੈਠੀ ਮੁਟਿਆਰ ਨੇ ਸੁਨਾਮ ਦੀ ਟਿਕਟ ਲੈ ਲਈ। ਅਗਲੇ ਹੀ ਪਲ ਉਸ ਨੇ ਆਪਣੇ ਬੈਗ ਵਿੱਚੋਂ ਖ਼ੁਸ਼ਵੰਤ ਸਿੰਘ ਦੀ ਲਿਖੀ ਰਚਨਾ ‘ਟ੍ਰੇਨ ਟੂ ਪਾਕਿਸਤਾਨ’ ਕੱਢੀ ਤੇ ਪੜ੍ਹਨੀ ਸ਼ੁਰੂ ਕਰ ਦਿੱਤੀ। ਜਿਉਂ-ਜਿਉਂ ਬੱਸ ਦੀ ਰਫ਼ਤਾਰ ਤੇਜ਼ੀ ਫੜਦੀ ਜਾ ਰਹੀ ਸੀ, ਤਿਉਂ-ਤਿਉਂ ਉਸ ਵੱਲੋਂ ਪੜ੍ਹੇ ਵਿਚਾਰਾਂ ਦੀ ਲੜੀ ਵੀ ਰਫ਼ਤਾਰ ਫੜਦੀ ਜਾ ਰਹੀ ਸੀ।

ਅਚਾਨਕ ਡਰਾਈਵਰ ਨੇ ਬੜੀ ਤੇਜ਼ੀ ਨਾਲ ਬ੍ਰੇਕ ਲਗਾਏ। ਉਸੇ ਪਲ ਪੜ੍ਹਨ ਵੱਲੋਂ ਉਸ ਦਾ ਧਿਆਨ ਟੁੱਟਿਆ। ਦਸ ਗਿਆਰਾਂ ਸਵਾਰੀਆਂ ਭਵਾਨੀਗੜ੍ਹ ਦੇ ਬੱਸ ਅੱਡੇ ਉੱਤੇ ਉਤਰ ਗਈਆਂ ਸਨ, ਪਰ ਚੜ੍ਹਨ ਵਾਲੀਆਂ ਸਵਾਰੀਆਂ ਕੇਵਲ ਚਾਰ ਹੀ ਸਨ।

“ਬਾਬਾ ਜੀ, ਤੁਸੀਂ ਸੁਨਾਮ ਜਾਉਗੇ!” ਤਿੰਨ ਵਾਲੀ ਸੀਟ ਉੱਤੇ ਇਕੱਲੀ ਬੈਠੀ ਮੁਟਿਆਰ ਨੇ ਅਗਲੀ ਸੀਟ ਉੱਤੇ ਬੈਠੇ ਦੁੱਧ ਚਿੱਟੇ ਦਾੜ੍ਹੇ ਵਾਲੇ ਸੱਜਣ ਨੂੰ ਪੁੱਛਿਆ।

“ਨਹੀਂ ਪੁੱਤ, ਮੈਂ ਤਾਂ ਮਹਿਲਾਂ ਚੌਕ ਉਤਰਨਾ ਹੈ।” ਬਜ਼ੁਰਗ ਨੇ ਕਿਹਾ। ਤਦ ਉਸ ਮੁਟਿਆਰ ਨੇ ਇੱਕ ਹੋਰ ਹਿੰਦੂ ਜੈਂਟਲਮੈਨ ਨੂੰ ਪੁੱਛਿਆ, “ਸਰ, ਕੀ ਤੁਸੀਂ ਸੁਨਾਮ ਜਾਉਗੇ?” ਉਸ ਸੱਜਣ ਨੇ ਬੜੀ ਸ਼ਾਲੀਨਤਾ ਨਾਲ ਆਖਿਆ, “ਨਹੀਂ ਪੁੱਤਰ! ਮੇਰਾ ਪਿੰਡ ਮੌੜ ਹੈ। ਮਹਿਲਾਂ ਚੌਕ ਉੱਤਰ ਕੇ ਅੱਗੋਂ ਮੈਂ ਆਪਣੇ ਸਕੂਟਰ ਉੱਤੇ ਪਿੰਡ ਜਾਵਾਂਗਾ।” ਉਸ ਦਾ ਉੱਤਰ ਸੁਣ ਕੇ ਮੁਟਿਆਰ ਇਕਦਮ ਗੰਭੀਰ ਹੋ ਗਈ। ਅਚਾਨਕ ਉਸ ਦੇ ਚਿਹਰੇ ਉੱਤੇ ਚਿੰਤਾ, ਫ਼ਿਕਰ ਅਤੇ ਡਰ ਦੇ ਭਾਵ ਉੱਤਰ ਆਏ ਸਨ।

ਪਹਿਲਾਂ ਤਾਂ ਉਸ ਦੇ ਮਨ ਵਿੱਚ ਆਇਆ, ਚੱਲ ਹੋਊ! ਮੈਂ ਕੀ ਲੈਣੈ? ਫਿਰ ਅਚਾਨਕ ਉਸ ਦੀ ਦੂਜਿਆਂ ਦੇ ਕੰਮ ਆਉਣ ਵਾਲੀ ਖਿਡਾਰੀ ਵਾਲੀ ਸੋਚ ਨੇ ਜ਼ੋਰ ਫੜਿਆ। ਉਸ ਨੇ ਮੁਟਿਆਰ ਨੂੰ ਕਿਹਾ, “ਭੈਣ, ਮੈਂ ਸੁਨਾਮ ਜਾਣਾ ਹੈ। ਤੂੰ ਕੋਈ ਫ਼ਿਕਰ ਨਾ ਕਰ। ਮੈਂ ਸੁਨਾਮ ਉਤਰ ਕੇ ਪਹਿਲਾਂ ਤੈਨੂੰ ਤੇਰੇ ਘਰ ਛੱਡ ਕੇ ਫਿਰ ਬਾਅਦ ਵਿੱਚ ਆਪਣੇ ਘਰ ਜਾਵਾਂਗਾ। ਹੁਣ ਤੂੰ ਨਿਸ਼ਚਿੰਤ ਹੋ ਕੇ ਬਹਿ ਜਾ।”

ਹਿਰਦੈ ਪਾਲ ਵੱਲੋਂ ਮੁਟਿਆਰ ਨੂੰ ਭੈਣ ਦੇ ਸੰਬੋਧਨ ਨਾਲ ਬੁਲਾਉਣ ਕਰਕੇ ਕੁੜੀ ਦਾ ਤੌਖ਼ਲਾ ਕਾਫ਼ੀ ਹੱਦ ਤੱਕ ਘਟ ਚੁੱਕਾ ਸੀ। ਇਹ ਕੁੜੀਆਂ ਵਿੱਚ ਇੱਕ ਸਹਿਜ ਵਰਤਾਰਾ ਹੁੰਦਾ ਹੈ ਕਿ ਉਹ ਭੈਣ ਕਹਿਣ ਵਾਲੇ ਕਿਸੇ ਵੀ ਵਿਅਕਤੀ ਨੂੰ ਆਪਣਾ ਮਾਂ ਜਾਇਆ ਭਰਾ ਹੀ ਸਮਝ ਲੈਂਦੀਆਂ ਹਨ।

(ਬਾਕੀ ਸਫ਼ਾ 31 ’ਤੇ)




## ਪਛਤਾਵਾ ਗੋਸ਼ਟੀ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਕਿਹੜੇ ਕਿਹੜੇ ਪੰਥਕ ਮਸਲੇ,
ਕਿਹੜੀ ਕਿਹੜੀ ਵਿਚਾਰ ਗੋਸ਼ਟੀ?
ਕੌਣ ਤੁਹਾਡੇ ਨਾਲ ਕਰੇਗਾ,
ਬੇ ਅਕਲੇ ਕਾਲੀਓ ਹੁਣ ਦੋਸਤੀ?

ਕਿਹੜਾ ਪੰਥ ਹੈ ਤੁਹਾਡੇ ਪਿੱਛੇ,
ਕਿਹੜੀ ਮਰਿਯਾਦਾ ਦੀਆਂ ਗੱਲਾਂ,
ਤੁਹਾਨੂੰ ਹੁਣ ਤੇ ਡੋਬ ਦੇਣਗੀਆਂ,
ਵਿਰੋਧ ਵਾਲੀਆਂ ਮਾਰੂ ਛੱਲਾਂ।

ਕਾਲੀਓ ਪਾਣੀ ਸਿਰਾਂ ਤੋਂ ਲੰਘ ਗਿਆ!
ਵਕਤ ਤੁਹਾਡੇ ਹੱਥ ਨੀਂ ਆਣਾ,
ਹੁਣ ਤੇ ਤੁਹਾਡੇ ਪੱਲੇ ਰਹਿ ਗਿਆ,
ਪਿੱਟਣਾ ਅਤੇ ਰੋਣਾ ਕੁਰਲਾਣਾ।

ਕਰਤੂਤਾਂ ਕਾਲੀਆਂ ਕਾਲੇ ਹਿਰਦੇ,
ਚਿੱਟੇ ਕੱਪੜੇ ਕੀ ਕਰਨਗੇ?
ਤੁਹਾਡੀਆਂ ਕੀਤੀਆਂ ਦਾ ਡੰਨ ਹੁਣ,
ਤੁਹਾਡੇ ਬੱਚੇ ਭਰਦੇ ਮਰਨਗੇ।

ਜਿੱਥੇ ਮਰਜ਼ੀ ਜਾ ਨੱਕ ਰਗੜੋ,
ਭੁੱਲਾਂ ਹੁਣ ਬਖਸ਼ ਨਹੀਂ ਹੋਣੀਆਂ,
ਪਲੀਤ ਹੋਈਆਂ ਹੁਣ ਤੁਹਾਡੀਆਂ ਰੂਹਾਂ,
ਗੋਸ਼ਟੀਆਂ ਨਾਲ ਵੀ ਧੋ ਨਹੀਂ ਹੋਣੀਆਂ।

ਅੰਮ੍ਰਿਤਸਰ ਵੀ ਰੁੱਸ ਗਿਆ ਹੈ,
ਨਾ ਆਨੰਦ ਪੁਰ ਹੁਣ ਤੁਹਾਡੇ ਪੱਲੇ,
ਨੱਠ ਲਓ ਜਿੱਥੇ ਤੱਕ ਨੱਠਣਾ,
ਬਹਿ ਨਹੀਂ ਸਕੋਗੇ ਹੁਣ ਨਿਚੱਲੇ।

ਤਰਕ ਤੁਹਾਨੂੰ ਦੁਰਕਾਰ ਰਿਹਾ ਹੈ,
ਅਸੂਲਾਂ ਦੀ ਤਾਂ ਗੱਲ ਹੀ ਛੱਡੋ,
ਧਰਮ ਨੂੰ ਯੁਧ ਬਣਾਉਣ ਲਈ ਹੁਣ,
ਜਿਹੜਾ ਮਰਜ਼ੀ ਸੱਪ ਤੁਸੀਂ ਕੱਢੋ।

ਆਪਣੇ ਧਰਮ ਨੂੰ ਦਾਅ ਤੇ ਲਾ ਕੇ,
ਸਿਰਸੇ ਜਾ ਕੇ ਗੋਡੇ ਟੇਕੇ,
ਕੁਰਸੀਆਂ ਖਾਤਰ ਸਾਰੇ ਪਾਸੇ,
ਵਿੰਗੇ ਟੇਢੇ ਕੀਤੇ ਕਈ ਠੇਕੇ।

ਜਥੇਦਾਰਾਂ ਦੇ ਵੱਡੇ ਸ਼ਮਲੇ,
ਕਦੀ ਹੁੰਦੇ ਸੀ ਸ਼ਾਨਾਂ ਮੱਤੇ,
ਘੋਨ ਮੋਨ ਜਿਹੇ ਕਾਕੇ ਬਿੱਟੂ,
ਨਿੱਤ ਲੱਗਦੇ ਨੇ ਸਾਡੇ ਮੱਥੇ।

ਅਕਾਲ ਦਾ ਐਡਾ ਉਡ ਗਿਆ ਹੈ,
ਕਾਲ ਹੁਣ ਸਿਰ ਤੁਹਾਡੇ ਕੂਕੇ,
ਕਾਲਖ ਦਾ ਨ੍ਹੇਰਾ ਤੁਹਾਡੇ ਦੁਆਲੇ,
ਉਮੀਦ ਦੀ ਚਿੜੀ ਕਿਤੇ ਨਾ ਚੂਕੇ।

## ਗ਼ਜ਼ਲ

ਜਸਵੰਤ ਜ਼ਫ਼ਰ

ਜਦ ਤੀਕਰ ਦੇਹ ਵਿੱਚ ਜਾਨ ਹੈ
ਇਮਤਿਹਾਨ ਹੀ ਇਮਤਿਹਾਨ ਹੈ
ਮੁਸ਼ਕਿਲ, ਮੁਸ਼ਕਿਲ ਨਈਂ ਹੁੰਦੀ
ਮੁਸ਼ਕਿਲ ਤਾਂ ਵਰਦਾਨ ਹੈ
ਹਰ ਇੱਕ ਦਾ ਆਪਣਾ ਆਪਣਾ
ਕਹਿਣ ਨੂੰ ਇੱਕ ਜਹਾਨ ਹੈ
ਕਿੱਦਾਂ ਚੁੱਕੀਏ ਕਿੱਥੇ ਰੱਖੀਏ
ਸਿਰ ਵਿੱਚ ਬੜਾ ਸਮਾਨ ਹੈ
ਤੀਰ-ਪੁੱਤ ਨੂੰ ਘੱਲ ਨਿਸ਼ਾਨੇ
ਕੰਬਦੀ ਮਗਰ ਕਮਾਨ ਹੈ

## ਚੰਗੀਆਂ ਪੈੜਾਂ ਪਾ ਲੈ

ਸੁੱਚਾ ਸਿੰਘ ਪਸਨਾਵਾਲ

ਮਾਰ ਮਾਰ ਕੇ ਹੱਕ ਪਰਾਇਆ ਤੂੰ,
ਉੱਚੇ ਭਾਵੇਂ ਮਹਿਲ ਬਣਾ ਲੈ।
ਸਾਢੇ ਤਿੰਨ ਹੱਥ ਮਿਲਣੀ ਧਰਤੀ,
ਜਿੰਨਾ ਮਰਜ਼ੀ ਕਹਿਰ ਕਮਾ ਲੈ।
ਧੱਕੇਸ਼ਾਹੀਆਂ ਛੱਡ ਦੇ ਬੰਦਿਆ,
ਹੱਕ ਦੀ ਭਾਵੇਂ ਥੋੜ੍ਹੀ ਖਾ ਲੈ।
ਛੱਡ ਦੇ ਚੋਰੀ ਠੱਗੀ ਸੱਜਣਾ,
ਆਪਣਾ ਹੁਣ ਤੂੰ ਮਨ ਸਮਝਾ ਲੈ।
ਭਾਗੋਆਂ ਦਾ ਛੱਡ ਕੇ ਖਹਿੜਾ,
ਲਾਲੋਆਂ ਤਾਈਂ ਸਾਂਝ ਵਧਾ ਲੈ।
ਆਖ਼ਰ ਨੂੰ ਜਾਣਾ ਖਾਲੀ ਹੱਥੀਂ,
ਲੁੱਟ ਕੇ ਬੇਸ਼ੱਕ ਢੇਰ ਤੂੰ ਲਾ ਲੈ।
ਕੰਮ ਨੇਕੀ ਦੇ ਕਰ ਲੈ ਜੱਗ 'ਤੇ,
ਚੰਗਾ ਆਪਣਾ ਨਾਮ ਕਮਾ ਲੈ।
ਭਾਂਤ ਭਾਂਤ ਦੇ ਲਾ ਕੇ ਰੁੱਖ,
ਹਵਾ ਪਾਣੀ ਧਰਤ ਬਚਾ ਲੈ।
ਆਉਣ ਵਾਲੀਆਂ ਪੀੜ੍ਹੀਆਂ ਖ਼ਾਤਰ,
ਚੰਗੀਆਂ ਬੰਦਿਆ ਪੈੜਾਂ ਪਾ ਲੈ।
ਬਚ ਨਸ਼ਿਆਂ ਤੋਂ 'ਪਸਨਾਵਾਲੀਆ'
ਆਲਾ ਦੁਆਲਾ ਖੁਦ ਸਮਝਾ ਲੈ।

## ਕਾਫ਼ਿਰ

ਸੁਲੇਮਾਨ ਹੈਦਰ

ਮੈਂ ਵੀ ਕਾਫ਼ਿਰ, ਤੂੰ ਵੀ ਕਾਫ਼ਿਰ, ਤੂੰ ਵੀ ਕਾਫ਼ਿਰ ਮੈਂ ਵੀ ਕਾਫ਼ਿਰ
ਫੁੱਲਾਂ ਦੀ ਖੁਸ਼ਬੂ ਵੀ ਕਾਫ਼ਿਰ, ਸ਼ਬਦਾਂ ਦਾ ਜਾਦੂ ਵੀ ਕਾਫ਼ਿਰ
ਇਹ ਵੀ ਕਾਫ਼ਿਰ, ਉਹ ਵੀ ਕਾਫ਼ਿਰ, ਫ਼ੈਜ਼ ਅਤੇ ਮੰਟੋ ਵੀ ਕਾਫ਼ਿਰ
ਨੂਰਜਹਾਂ ਦਾ ਗਾਣਾ ਕਾਫ਼ਿਰ, ਮੈਕਡੋਨਲਡ ਦਾ ਖਾਣਾ ਕਾਫ਼ਿਰ
ਬਰਗਰ ਕਾਫ਼ਿਰ, ਕੋਕ ਵੀ ਕਾਫ਼ਿਰ, ਹਾਸਾ ਖੇਡਾ, ਜੋਕ ਵੀ ਕਾਫ਼ਿਰ
ਤਬਲਾ ਕਾਫ਼ਿਰ, ਢੋਲ ਵੀ ਕਾਫ਼ਿਰ, ਪਿਆਰ ਭਰੇ ਦੋ ਬੋਲ ਵੀ ਕਾਫ਼ਿਰ
ਸੁਰ ਵੀ ਕਾਫ਼ਿਰ, ਤਾਲ ਵੀ ਕਾਫ਼ਿਰ, ਭੰਗੜਾ, ਨਾਚ, ਧਮਾਲ ਵੀ ਕਾਫ਼ਿਰ
ਦਾਦਰਾ ਕਾਫ਼ਿਰ, ਠੁਮਰੀ ਕਾਫ਼ਿਰ, ਕਾਫ਼ੀ ਅਤੇ ਖ਼ਿਆਲ ਵੀ ਕਾਫ਼ਿਰ
ਵਰਿਸ ਸ਼ਾਹ ਦੀ ਹੀਰ ਵੀ ਕਾਫ਼ਿਰ, ਚਾਹਤ ਦੀ ਜ਼ੰਜੀਰ ਵੀ ਕਾਫ਼ਿਰ
ਜ਼ਿੰਦਾ ਮੁਰਦਾ ਪੀਰ ਵੀ ਕਾਫ਼ਿਰ, ਭੇਟ ਨਿਆਜ਼ ਦੀ ਖੀਰ ਵੀ ਕਾਫ਼ਿਰ
ਬੇਟੇ ਦਾ ਬਸਤਾ ਵੀ ਕਾਫ਼ਿਰ, ਬੇਟੀ ਦੀ ਗੁੜੀਆ ਵੀ ਕਾਫ਼ਿਰ
ਹੱਸਣਾ ਰੋਣਾ ਕੁਫ਼ਰ ਦਾ ਸੌਦਾ, ਗ਼ਮ ਵੀ ਕਾਫ਼ਿਰ, ਖ਼ੁਸ਼ੀ ਵੀ ਕਾਫ਼ਿਰ
ਜੀਨਜ਼ ਅਤੇ ਗਿਟਾਰ ਵੀ ਕਾਫ਼ਿਰ, ਕਲਾ ਅਤੇ ਕਲਾਕਾਰ ਵੀ ਕਾਫ਼ਿਰ
ਜੋ ਮੇਰੀ ਧਮਕੀ ਨਾ ਛਾਪੇ, ਉਹ ਸਾਰੇ ਅਖ਼ਬਾਰ ਵੀ ਕਾਫ਼ਿਰ
ਯੂਨੀਵਰਸਿਟੀ ਦੇ ਅੰਦਰ ਕਾਫ਼ਿਰ, ਡਾਰਵਿਨ ਦਾ ਬਾਂਦਰ ਕਾਫ਼ਿਰ
ਫਰਾਇਡ ਪੜ੍ਹਾਵਣ ਵਾਲੇ ਕਾਫ਼ਿਰ, ਮਾਰਕਸ ਦੇ ਮਤਵਾਲੇ ਕਾਫ਼ਿਰ
ਮੰਦਰ ਵਿੱਚ ਤਾਂ ਬੁੱਤ ਹੁੰਦਾ ਹੈ, ਮਸਜਿਦ ਦਾ ਵੀ ਹਾਲ ਬੁਰਾ ਹੈ
ਕੁਝ ਮਸਜਿਦ ਦੇ ਬਾਹਰ ਕਾਫ਼ਿਰ, ਕੁਝ ਮਸਜਿਦ ਦੇ ਅੰਦਰ ਕਾਫ਼ਿਰ
ਮੁਸਲਿਮ ਦੇਸ਼ 'ਚ ਮੁਸਲਿਮ ਕਾਫ਼ਿਰ, ਗ਼ੈਰ ਮੁਸਲਿਮ ਤਾਂ ਹੈ ਹੀ ਕਾਫ਼ਿਰ
ਕਾਫ਼ਿਰ ਕਾਫ਼ਿਰ ਮੈਂ ਵੀ ਕਾਫ਼ਿਰ, ਕਾਫ਼ਿਰ ਕਾਫ਼ਿਰ ਤੂੰ ਵੀ ਕਾਫ਼ਿਰ
ਕਾਫ਼ਿਰ ਕਾਫ਼ਿਰ ਇਹ ਵੀ ਕਾਫ਼ਿਰ, ਕਾਫ਼ਿਰ ਕਾਫ਼ਿਰ ਉਹ ਕਾਫ਼ਿਰ
ਲਗਦੈ ਸਾਰੀ ਦੁਨੀਆ ਕਾਫ਼ਿਰ

## ਕੋਰੇ ਕਾਗਜ਼

ਗਗਨਦੀਪ ਕੌਰ



ਖੁਦ ਨੂੰ ਖੁਦਾ ਆਖ ਦੇਣਾ 'ਗਰ ਕਸੂਰ ਨਾ ਹੁੰਦਾ,
ਤਾਂ ਇਤਿਹਾਸ ਦੇ ਪੰਨਿਆਂ 'ਤੇ ਕੋਈ ਮਨਸੂਰ ਨਾ ਹੁੰਦਾ।
ਹਜ਼ਾਰਾਂ ਪੱਥਰਾਂ ਦੀ ਚੋਟ ਖਾ, ਕਸੀਸ ਨਾ ਵੱਟੀ,
ਜੇ ਫੁੱਲ ਦਾ ਦਰਦ ਨਾ ਮੰਨਦਾ, ਕਦੀ ਮਸ਼ਹੂਰ ਨਾ ਹੁੰਦਾ।
ਹਾਲੇ ਵੀ ਸੂਰਤ ਵਾਲੇ ਸੀਰਤਾਂ ਤੋਂ ਇੱਕ ਕਦਮ ਅੱਗੇ,
ਪਰਵਾਨਾ ਨਾ ਕਦੀ ਮਰਦਾ, ਸ਼ਮਾ 'ਤੇ ਨੂਰ ਨਾ ਹੁੰਦਾ।
ਉਹ ਤਾਂ ਮਰਦ ਬਣ ਬੈਠਾ ਤੇ ਪੈਰੀਂ ਪਾ ਤੁਰਿਆ ਮੈਨੂੰ,
ਜੇ ਹਿਰਦਾ ਟੋਹ ਲਿਆ ਹੁੰਦਾ, ਏਨਾ ਮਗ਼ਰੂਰ ਨਾ ਹੁੰਦਾ।
ਮੇਰੀ ਤਾਸੀਰ ਜਣਨੀ ਹੈ, ਮੈਂ ਸੂਰੇ, ਰਾਖ਼ਸ਼ ਨਈ ਵੇਂਹਦੀ,
ਮੇਰੀ ਪਰਛਾਈ ਜੇ ਲੈਂਦਾ ਕਦੀ ਕਰੂਰ ਨਾ ਹੁੰਦਾ।
ਕਿ ਸੱਸੀ-ਸੋਹਣੀ ਵਰਗੇ ਨਾਂ ਕੀਹਨੂੰ ਫਿਰ ਯਾਦ ਰਹਿਣੇ ਸੀ,
ਤਪਸ਼ ਜੇ ਠੰਢਕ ਨਾ ਦਿੰਦੀ, ਝਨਾਂ 'ਚ ਸਰੂਰ ਨਾ ਹੁੰਦਾ।
ਕਿ ਬਣ 'ਗੁੰਮਨਾਮ' ਬਸ ਕਾਗਜ਼ ਕਾਲੇ ਕਰ ਰਿਹੈ 'ਗਗਨ',
ਕਿਰਤੀ ਦੀ ਪੀੜ 'ਗਰ ਲਿਖਦਾ ਤੇਰਾ ਵੀ ਜ਼ਰੂਰ ਨਾਂ ਹੁੰਦਾ

## ਲਤਾੜੀ ਮਿੱਟੀ

ਮਨਜੀਤ ਸਿੰਘ ਬੱਧਣ

ਰਾਜੇ ਬਾਦਸ਼ਾਹਾਂ ਦੇ ਜਦ ਰਾਜ ਹੁੰਦੇ ਨੇ
ਹੇਠਾਂ ਸਿੰਘਾਸਣ ਤੇ ਸਿਰ ਤਾਜ ਹੁੰਦੇ ਨੇ
ਬਹਿੰਦਿਆਂ-ਉੱਠਦਿਆਂ ਹੋਵਣ ਸਲਾਮਾਂ
ਸ਼ਾਹੀ-ਲਾਸਾਨੀ ਨਖ਼ਰੇ ਨਾਜ਼ ਹੁੰਦੇ ਨੇ
ਇਸ ਤਾਜ ਤੋਂ ਉੱਤੇ ਜਦ ਗੁਮਾਨ ਹੋ ਜਾਵੇ
ਜ਼ੁਲਮ ਹੀ ਜਦ ਧਰਮ ਈਮਾਨ ਹੋ ਜਾਵੇ
ਮੈਂ ਹੀ ਰੱਬ ਇਹ ਵੀ ਤੇ ਉਹ ਵੀ ਮੇਰਾ ਸਭ
ਹੰਕਾਰੀ ਤੇ ਨੀਵਾਂ ਉਹ ਸ਼ੈਤਾਨ ਹੋ ਜਾਵੇ
ਘੜਾ ਉਨਾ ਪਾਪਾਂ ਦਾ ਤਾਂ ਭਰ ਹੀ ਜਾਣਾ
ਕੀਤੇ ਕਰਮਾਂ ਨੇ ਲੇਖਾ ਤਾਂ ਕਰ ਹੀ ਜਾਣਾ
ਅੱਕੇ-ਥੱਕੇ ਹੋਏ ਜਦ ਲਿਆਉਣ ਕ੍ਰਾਂਤੀ
ਜੇਤੂ ਹਾਕਮਾਂ ਨੇ ਤਾਂ ਅੰਤ ਹਰ ਹੀ ਜਾਣਾ
ਲਤਾੜੀ ਮਿੱਟੀ ਧੂੜ ਬਣ ਉੱਤੇ ਨੂੰ ਆਵੇ
ਚੰਗਿਆੜੀ ਵੀ ਹੋ ਭਾਂਬੜ ਉੱਤੇ ਨੂੰ ਆਵੇ
ਤੇਰਾ ਰੁਤਬਾ ਮਾਇਆ ਲੱਗੇ ਜੇ ਚੰਗੇ ਲੇਖੇ
ਸੱਚ ਵਾਂਗ ਨੇਕੀ ਵੀ ਨਿੱਤਰ ਉੱਤੇ ਨੂੰ ਆਵੇ

## ਹਾਥਰਸ ਦੀ ਘਟਨਾ

ਹਰਪ੍ਰੀਤ ਪੱਤੋ

ਮੱਚੀ ਭਗਦੜ ਸੀ ਹਾਥਰਸ ਅੰਦਰ,
ਲੱਗੇ ਉੱਥੇ ਲੋਥਾਂ ਦੇ ਢੇਰ ਮੀਆਂ।
ਫਿਰ ਮਾਵਾਂ ਨੇ ਪੁੱਤ ਉੱਥੇ ਨਹੀਂ ਸਿਆਣੇ,
ਜੋ ਆਖ ਬੁਲਾਉਂਦੀਆਂ ਸ਼ੇਰ ਮੀਆਂ।
ਚਰਨ ਛੂਹਣੇ ਮਹਿੰਗੇ ਪਏ ਬਾਬਿਆਂ ਦੇ,
ਸਿੱਟਾ ਨਿਕਲਿਆ ਵੇਖੋ ਕੀ ਫੇਰ ਮੀਆਂ।
ਕਈਆਂ ਨੂੰ ਭੀੜ ਨੇ ਉੱਥੇ ਮਧੋਲ ਦਿੱਤਾ,
ਸੁਣੀ ਕਿਸੇ ਨਾ ਕਿਸੇ ਦੀ ਲੇਰ ਮੀਆਂ।
ਭੋਲਾ ਬਾਬਾ ਆਪ ਲਾਪਤਾ ਹੋਇਆ,
ਛੱਡੀ ਕੁਰਸੀ ਲਾਈ ਨਾ ਦੇਰ ਮੀਆਂ।
ਨਹੀਂ ਬਦਲ ਸਕਦਾ ਕੀਤੇ ਕਰਮ ਕੋਈ,
ਪੈਂਦੇ ਭੁਗਤਣੇ ਜਾਂ ਦੇਰ ਸਵੇਰ ਮੀਆਂ।
ਅੰਧ-ਵਿਸ਼ਵਾਸ ਨੇ ਲੋਕਾਂ ਦੀ ਮੱਤ ਮਾਰੀ,
ਕਿਧਰੇ ਮੰਨਿਆ ਰੱਬ ਲਲੇਰ ਮੀਆਂ।
ਨਹੀਂ ਕੁਝ ਮਿਲਣਾ 'ਪੱਤੋ' ਪਾਖੰਡੀਆਂ ਤੋਂ,
ਐਵੇਂ ਪਈਂ ਨਾ ਘੁੰਮਣਘੇਰ ਮੀਆਂ।

## ਪੰਛੀ

ਹਰਭਿੰਦਰ ਸਿੰਘ ਸੰਧੂ



ਸਾਡੇ ਘਰ ਦੇ ਵਿਹੜੇ ਦੇ ਵਿੱਚ
ਰੁੱਖ 'ਤੇ ਚਿੜੀ ਨੇ ਆਲ੍ਹਣਾ ਪਾਇਆ।
ਮੈਨੂੰ ਠੂੰਗੇ ਮਾਰਨ ਲੱਗੀ
ਨੇੜੇ ਜਦ ਮੈਂ ਹੋਣਾ ਚਾਹਿਆ।
ਨੇੜੇ ਹੋ ਕੇ ਤੱਕਿਆ ਜਦ ਮੈਂ
ਨਿੱਕੇ ਨਿੱਕੇ ਵਿੱਚ ਸੀ ਆਂਡੇ
ਉਦਾਸ ਚਿੜੀ ਦਾ ਹੋ ਗਿਆ ਚਿਹਰਾ
ਜਿਵੇਂ ਉਹਨੇ ਮੈਨੂੰ ਕੁਝ ਸਮਝਾਇਆ।
ਥੋੜ੍ਹੇ ਦਿਨਾਂ ਦੇ ਬਾਅਦ ਸੀ ਉੱਥੋਂ
ਚੀਂ ਚੀਂ ਦੀ ਆਵਾਜ਼ ਸੀ ਆਈ।
ਚਿੜੀ ਚੋਗਾ ਭੱਜ ਭੱਜ ਲਿਆਵੇ
ਖ਼ੁਸ਼ੀ 'ਚ ਫਿਰੇ ਨਾ ਫੁੱਲੀ ਸਮਾਈ।
ਉਨ੍ਹਾਂ ਘਰਾਂ ਵਿੱਚ ਰੌਣਕ ਲੱਗਦੀ
ਜੋ ਘਰਾਂ ਵਿੱਚ ਰੁੱਖ ਨੇ ਲਾਉਂਦੇ।
ਜਿਨ੍ਹਾਂ ਘਰਾਂ ਵਿੱਚ ਰੁੱਖ ਨਾ ਕੋਈ
ਉੱਥੇ ਸੰਧੂ ਪੰਛੀ ਕਦੇ ਨਾ ਆਉਂਦੇ।

## ਗ਼ਜ਼ਲ

ਦੀਪਿਕਾ ਅਰੋੜਾ

ਆਪਣੀ ਚਾਲੇ ਸਦਾ ਹੀ ਚਲਦੀ, ਵਕਤ ਦੀ ਸੂਈ ਕਦੇ ਰੁਕਦੀ ਨਹੀਂ।
ਨਾਲ ਅਣਖ ਜਿਸ ਜੀਣਾ ਸਿਖਿਆ, ਨਜ਼ਰ ਕਦੇ ਉਹ ਝੁਕਦੀ ਨਹੀਂ।
,ਬਿਰਖ ਹੋਵਣ ਜਾਂ ਰਿਸ਼ਤੇ ਦੇ ਤੰਦ, ਦੋਵੇਂ ਹੀ ਸਿੰਜਣਾ ਲੋਚਦੇ ਨੇ
ਸੰਭਾਲ ਕਰੇ ਨਿੱਤ ਜੇਕਰ ਮਾਲੀ, ਜੜ੍ਹ ਫਿਰ ਕਦੇ ਵੀ ਸੁਕਦੀ ਨਹੀਂ।
ਨਾਪ ਤੋਲ ਕੇ ਬੋਲਣ ਦਾ ਚੱਜ, ਕਿਉਂ ਨਾ ਸਾਰੇ ਸਿੱਖ ਲਈਏ,
ਨਾਲ ਜਿਰ੍ਹਾ ਤਾਂ ਵਧਦੇ ਝਗੜੇ, ਬਾਤ ਜ਼ਰਾ ਵੀ ਮੁਕਦੀ ਨਹੀਂ।
ਚੁੱਭੀਆਂ ਲਾਉਣ ਦੀ ਜਾਚ ਜੇ ਹੋਵੇ, ਤਾਂ ਹੀ ਮੋਤੀ ਲੱਭਦੇ ਨੇ,
ਖੂਹ ਪਿਆਸੇ ਕੋਲ ਚਲ ਕੇ ਆਵੇ, ਗੱਲ ਇਹ ਉੱਕਾ ਢੁਕਦੀ ਨਹੀਂ।
ਅਣਗੌਲੀ ਇੱਕ ਚਿਣਗ ਹੀ ਅਕਸਰ, ਬਣ ਜਾਂਦੀ ਹੈ ਭਾਂਬੜ,
ਛਿਟੜੇ ਮਾਰ ਬੁਝਾਈਏ ਫੌਰਪ, ਅੱਗ ਨਾਲ ਤਾਂ ਅੱਗ ਰੁਕਦੀ ਨਹੀਂ।
ਢੋਂਗ ਫ਼ਕੀਰੀ ਦਾ ਰਚਣ ਵੀ ਰੱਚ ਕੇ, ਬਗਲੇ ਹੰਸ ਨਹੀਂ ਬਣਦੇ,
ਲੱਖ ਬਦਲੀਏ ਚੋਲੇ ਚਾਹੇ, ਤਾਂ ਵੀ ਸ਼ਖ਼ਸੀਅਤ ਲੁਕਦੀ ਨਹੀਂ।

## ਵਿਨੇਸ਼ ਦੀ ਬ੍ਰਾਂਡ ਵੈਲਿਊ ਵਧੀ

# ਪੈਰਿਸ ਉਲੰਪਿਕ ਤੋਂ ਪਹਿਲਾਂ ਇਸ਼ਤਿਹਾਰ ਲਈ ਲੈਂਦੀ ਸੀ 25 ਲੱਖ ਤੇ ਹੁਣ ਲੈ ਰਹੀ 75 ਲੱਖ ਤੋਂ ਇੱਕ ਕਰੋੜ

ਨਵੀਂ ਦਿੱਲੀ/ਏ.ਟੀ.ਨਿਊਜ਼ : ਪੈਰਿਸ ਉਲੰਪਿਕ ਦੌਰਾਨ ਫਾਈਨਲ ’ਚ ਪਹੁੰਚਣ ਤੋਂ ਬਾਅਦ ਅਯੋਗ ਹੋਣ ਕਾਰਨ ਵਿਨੇਸ਼ ਨੇ ਭਾਵੇਂ ਕੋਈ ਤਗ਼ਮਾ ਨਹੀਂ ਜਿੱਤਿਆ ਹੋਵੇ, ਪਰ ਉਸ ਦੇ ਪ੍ਰਦਰਸ਼ਨ ਨੇ ਇੱਕ ਬ੍ਰਾਂਡ ਅੰਬੈਸਡਰ ਵਜੋਂ ਮਾਰਕੀਟ ’ਚ ਉਸ ਦੀ ਮੰਗ ਵਧਾ ਦਿੱਤੀ ਹੈ। ਇੱਕ ਰਿਪੋਰਟ ਮੁਤਾਬਕ ਪੈਰਿਸ ਉਲੰਪਿਕ ਤੋਂ ਪਹਿਲਾਂ ਵਿਨੇਸ਼ ਵੱਲੋਂ ਇਸ਼ਤਿਹਾਰਬਾਜ਼ੀ ਵਾਸਤੇ ਲਈ ਗਈ ਫੀਸ ’ਚ ਭਾਰੀ ਉਛਾਲ ਆਇਆ ਹੈ। ਵਿਨੇਸ਼ ਉਲੰਪਿਕ ਤੋਂ ਪਹਿਲਾਂ ਇੱਕ ਇਸ਼ਤਿਹਾਰ ਲਈ 25 ਲੱਖ ਰੁਪਏ ਚਾਰਜ ਕਰਦੀ ਸੀ, ਹੁਣ ਉਹ 75 ਲੱਖ ਤੋਂ ਇੱਕ ਕਰੋੜ ਰੁਪਏ ਲੈ ਰਹੀ ਹੈ। ਵਿਨੇਸ਼ ਪੈਰਿਸ ’ਚ 50 ਕਿਲੋ ਵਰਗ ਦੇ ਫਾਈਨਲ ’ਚ ਪਹੁੰਚੀ ਸੀ ਅਤੇ ਅਜਿਹਾ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਪਹਿਲਵਾਨ ਸੀ ਪਰ ਫਾਈਨਲ ਤੋਂ ਪਹਿਲਾਂ ਉਸ



ਦਾ ਭਾਰ 100 ਗ੍ਰਾਮ ਵੱਧ ਪਾਇਆ ਗਿਆ, ਜਿਸ ਕਾਰਨ ਉਸ ਨੂੰ ਅਯੋਗ ਕਰਾਰ ਦਿੱਤਾ ਗਿਆ। ਵਿਨੇਸ਼ ਨੇ ਇਸ ਫੈਸਲੇ ਖ਼ਿਲਾਫ਼ ਖੇਡ ਆਰਬਿਟਰੇਸ਼ਨ ’ਚ ਅਪੀਲ ਕੀਤੀ ਸੀ ਪਰ ਉਥੇ ਵੀ ਉਸ ਨੂੰ ਕੋਈ ਰਾਹਤ ਨਹੀਂ ਮਿਲੀ। ਸਪੋਰਟਸ ਟ੍ਰਿਬਿਊਨਲ ਨੇ ਵਿਨੇਸ਼ ਦੀ ਅਪੀਲ ਨੂੰ ਰੱਦ ਕਰ ਦਿੱਤਾ ਸੀ।

ਇਸ ਦੇ ਨਾਲ ਹੀ ਪੈਰਿਸ ਉਲੰਪਿਕ ’ਚ ਦੋ ਕਾਂਸੀ ਦੇ ਤਗ਼ਮੇ ਜਿੱਤਣ ਵਾਲੀ ਪਹਿਲੀ ਨਿਸ਼ਾਨੇਬਾਜ਼ ਮਨੂ ਭਾਕਰ ਦੀ ਬ੍ਰਾਂਡ ਵੈਲਿਊ 6 ਗੁਣਾ ਵਧ ਗਈ ਹੈ, ਜਦਕਿ ਚਾਂਦੀ ਦਾ ਤਗਮਾ ਜਿੱਤਣ ਵਾਲੇ ਨੀਰਜ ਚੋਪੜਾ ਦੀ ਬ੍ਰਾਂਡ ਵੈਲਿਊ 30 ਤੋਂ 40 ਗੁਣਾ ਵਧ ਗਈ ਹੈ। ਨੀਰਜ ਚੋਪੜਾ ਦੀ ਬ੍ਰਾਂਡ ਵੈਲਿਊ 40 ਮਿਲੀਅਨ ਡਾਲਰ ਜਾਂ 330 ਕਰੋੜ ਰੁਪਏ ਹੈ। ਮਨੂ ਭਾਕਰ ਨੇ ਪੈਰਿਸ ਉਲੰਪਿਕ ਤੋਂ ਬਾਅਦ ਥਮਜ਼ਅਪ ਨਾਲ 1.5 ਕਰੋੜ ਰੁਪਏ ਦਾ ਕਰਾਰ ਕੀਤਾ ਹੈ। ਪੈਰਿਸ ਉਲੰਪਿਕ ਤੋਂ ਪਹਿਲਾਂ ਮਨੂ ਇੱਕ ਇਸ਼ਤਿਹਾਰ ਲਈ 25 ਲੱਖ ਰੁਪਏ ਚਾਰਜ ਕਰਦੀ ਸੀ।

## ਆਸਟਰੇਲੀਆ ਦੀ ਅੰਡਰ-19 ਮਹਿਲਾ ਟੀਮ ’ਚ ਭਾਰਤੀ ਮੂਲ ਦੀਆਂ 3 ਖਿਡਾਰਨਾਂ ਸ਼ਾਮਲ



ਮੈਲਬਰਨ /ਏ.ਟੀ.ਨਿਊਜ਼ :- ਕ੍ਰਿਕਟ ਆਸਟਰੇਲੀਆ ਨੇ ਬ੍ਰਿਸਬੇਨ ਵਿੱਚ 19 ਸਤੰਬਰ ਤੋਂ ਹੋਣ ਵਾਲੀ ਆਗਾਮੀ ਮਹਿਲਾ ਅੰਡਰ-19 ਤਿਕੋਣੀ ਲੜੀ ਲਈ ਟੀਮ ਦਾ ਐਲਾਨ ਕਰ ਦਿੱਤਾ ਹੈ। ਟੀਮ ਵਿੱਚ ਭਾਰਤੀ ਮੂਲ ਦੀਆਂ ਤਿੰਨ ਮੁਟਿਆਰਾਂ ਰਿਬਿਆ ਸਿਆਨ, ਸਮਰਾ ਡਲਵਿਨ ਅਤੇ ਹਸਰਤ ਗਿੱਲ ਸ਼ਾਮਲ ਹਨ। 15 ਖਿਡਾਰੀਆਂ ਦੀ ਮੁੱਖ ਕੋਚ ਸਾਬਕਾ ਆਸਟਰੇਲਿਆਈ ਖਿਡਾਰੀ ਕ੍ਰਿਸਟਨ ਬੀਮਸ ਨੂੰ ਬਣਾਇਆ ਗਿਆ ਹੈ। ਆਸਟਰੇਲੀਆ ਤੋਂ ਇਲਾਵਾ ਇਸ ਲੜੀ ਵਿੱਚ ਨਿਊਜ਼ੀਲੈਂਡ ਅਤੇ ਸ੍ਰੀਲੰਕਾ ਹਨ। ਇਸ 14 ਦਿਨਾਂ ਦੀ ਤਿਕੋਣੀ ਸੀਰੀਜ਼ ‘ਚ ਆਸਟਰੇਲੀਆ ਚਾਰ ਟੀ-20 ਅਤੇ ਦੋ ਇਕ ਦਿਨਾਂ ਮੈਚ ਖੇਡੇਗਾ।

## ਡਾਇਮੰਡ ਲੀਗ ਵਿੱਚ ਦੂਜੇ ਸਥਾਨ ’ਤੇ ਰਿਹਾ ਨੀਰਜ

ਲੁਸਾਨੇ/ਏ.ਟੀ.ਨਿਊਜ਼ : ਭਾਰਤੀ ਜੈਵਲਿਨ ਥ੍ਰੋਅਰ ਨੀਰਜ ਚੋਪੜਾ ਇੱਥੇ ਡਾਇਮੰਡ ਲੀਗ ਅਥਲੈਟਿਕਸ ਮੁਕਾਬਲੇ ਵਿੱਚ ਆਪਣੀ ਆਖਰੀ ਕੋਸ਼ਿਸ਼ ’ਚ 89.49 ਮੀਟਰ ਦੇ ਸੀਜ਼ਨ ਦੇ ਸਰਬੋਤਮ ਪ੍ਰਦਰਸ਼ਨ ਨਾਲ ਦੂਜੇ ਸਥਾਨ ’ਤੇ ਰਿਹਾ। ਦੋ ਵਾਰ ਦਾ ਵਿਸ਼ਵ ਚੈਂਪੀਅਨ ਅਤੇ ਪੈਰਿਸ ਉਲੰਪਿਕ ਵਿੱਚ ਕਾਂਸੇ ਦਾ ਤਗ਼ਮਾ ਜੇਤੂ ਗ੍ਰੇਨਾਡਾ ਦਾ ਐਂਡਰਸਨ ਪੀਟਰਜ਼ ਦੂਜੇ ਗੇੜ ਵਿੱਚ 90.61 ਮੀਟਰ ਦੀ ਕੋਸ਼ਿਸ਼ ਨਾਲ ਪਹਿਲੇ ਸਥਾਨ ’ਤੇ ਜਦਕਿ ਜਰਮਨੀ ਦਾ ਜੂਲੀਅਨ ਵੈਬਰ 87.08 ਮੀਟਰ ਨਾਲ ਤੀਜੇ ਸਥਾਨ ’ਤੇ ਰਿਹਾ। ਪੈਰਿਸ ਵਿੱਚ 92.97 ਮੀਟਰ ਦੇ ਉਲੰਪਿਕ ਰਿਕਾਰਡ ਥਰੋਅ ਨਾਲ ਸੋਨ ਤਗ਼ਮਾ ਜਿੱਤਣ ਵਾਲੇ



ਪਾਕਿਸਤਾਨ ਦੇ ਅਰਸ਼ਦ ਨਦੀਮ ਨੇ ਡਾਇਮੰਡ ਲੀਗ ਵਿੱਚ ਹਿੱਸਾ ਨਹੀਂ ਲਿਆ। ਪੈਰਿਸ ਉਲੰਪਿਕ ’ਚ ਚਾਂਦੀ ਦਾ ਤਗ਼ਮਾ ਜੇਤੂ 26 ਸਾਲਾ ਖਿਡਾਰੀ ਚੌਥੇ ਗੇੜ ਤੱਕ ਚੌਥੇ ਸਥਾਨ ’ਤੇ ਚੱਲ ਰਿਹਾ ਸੀ। ਉਸ ਨੇ ਪੰਜਵੀਂ ਕੋਸ਼ਿਸ਼ ਵਿੱਚ 85.58 ਮੀਟਰ ਜਦਕਿ ਆਖਰੀ ਕੋਸ਼ਿਸ਼ ’ਚ 89.49 ਮੀਟਰ ਦੂਰ ਨੇਜ਼ਾ ਸੁੱਟਿਆ। ਇਹ ਪੈਰਿਸ ਉਲੰਪਿਕ ਦੇ 89.45 ਮੀਟਰ ਤੋਂ ਥੋੜ੍ਹਾ ਬਿਹਤਰ ਹੈ।

## ਕੈਂਸਰ ਤੋਂ ਜੰਗ ਜਿੱਤਣ ਵਾਲੇ ਯੁਵਰਾਜ ਸਿੰਘ ’ਤੇ ਬਣ ਰਹੀ ਹੈ ਫ਼ਿਲਮ





ਨਵੀਂ ਦਿੱਲੀ/ਏ.ਟੀ. ਨਿਊਜ਼ : ਯੁਵਰਾਜ ਸਿੰਘ ਨੂੰ ਭਾਰਤੀ ਕ੍ਰਿਕਟ ’ਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਲਈ ਜਾਣਿਆ ਜਾਂਦਾ ਹੈ। ਕ੍ਰਿਕਟਰ ਨੇ 2007 ਆਈਸੀਸੀ ਟੀ-20 ਵਿਸ਼ਵ ਕੱਪ ਅਤੇ 2011 ਆਈਸੀਸੀ ਕ੍ਰਿਕਟ ਵਿਸ਼ਵ ਕੱਪ ’ਚ ਭਾਰਤ ਦੀ ਜਿੱਤ ’ਚ ਅਹਿਮ ਭੂਮਿਕਾ ਨਿਭਾਈ ਸੀ। ਇਹ ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਹਿੱਸਾ ਹੈ। ਇਸ ਤੋਂ ਇਲਾਵਾ ਸਾਲ 2011 ’ਚ ਉਨ੍ਹਾਂ ਨੂੰ ਕੈਂਸਰ ਹੋ ਗਿਆ ਜਿਸ ’ਤੇ ਉਨ੍ਹਾਂ ਨੇ ਕਾਬੂ ਪਾਇਆ। ਹੁਣ ਉਨ੍ਹਾਂ ਦੇ ਇਸ ਸਫ਼ਰ ’ਤੇ ਬਾਇਓਪਿਕ ਬਣਨ ਜਾ ਰਹੀ ਹੈ।

**ਤਰਨ ਆਦਰਸ਼ ਨੇ ਐਲਾਨ ਕੀਤਾ**

ਫ਼ਿਲਮ ਆਲੋਚਕ ਤਰਨ ਆਦਰਸ਼ ਨੇ ਪੋਸਟ ਸ਼ੇਅਰ ਕਰ ਕੇ ਇਹ ਜਾਣਕਾਰੀ ਦਿੱਤੀ ਹੈ। ਫ਼ਿਲਮ ਆਲੋਚਕ ਤਰਨ ਆਦਰਸ਼ ਨੇ ਐਕਸ ’ਤੇ ਪੋਸਟ ਕਰਦੇ ਹੋਏ ਇਹ ਜਾਣਕਾਰੀ ਦਿੱਤੀ। ਉਨ੍ਹਾਂ ਲਿਖਿਆ- ਭੂਸ਼ਣ ਕੁਮਾਰ-ਰਵੀ ਭਗਚੰਦਕਾ ਇਸ ਬਾਇਓਪਿਕ ਨੂੰ ਪ੍ਰੋਡਿਊਸ ਕਰਨਗੇ। ਇਸ ਦਾ ਸਿਰਲੇਖ ਅਜੇ ਤੈਅ ਨਹੀਂ ਹੋਇਆ ਹੈ। ਇਸ ਵਿੱਚ ਉਨ੍ਹਾਂ ਦੀਆਂ ਆਨ ਫੀਲਡ ਤੇ ਆਫ ਫੀਲਡ ਲੜਾਈਆਂ ਨੂੰ ਦਿਖਾਇਆ ਜਾਵੇਗਾ।

ਇਸ ਬਾਇਓਪਿਕ ਦੇ ਐਲਾਨ ਤੋਂ ਬਾਅਦ ਪ੍ਰਸ਼ੰਸਕਾਂ ’ਚ ਖਾਸਾ ਉਤਸ਼ਾਹ ਹੈ। ਉਨ੍ਹਾਂ ਨੂੰ ਉਮੀਦ ਹੈ ਕਿ ਭੂਸ਼ਣ ਕੁਮਾਰ ਤੇ ਰਵੀ ਭਗਚੰਦਕਾ ਇਸ ਪ੍ਰੋਜੈਕਟ ਰਾਹੀਂ ਯੁਵਰਾਜ ਦੀ ਲਿਗੇਸੀ ਨਾਲ ਇਨਸਾਫ਼ ਕਰਨਗੇ।

**ਕੌਣ ਹੋਵੇਗਾ ਅਦਾਕਾਰ ?**

ਤੁਹਾਨੂੰ ਦੱਸ ਦੇਈਏ ਕਿ ਫਿਲਮ ’ਚ ਯੁਵਰਾਜ ਸਿੰਘ ਦਾ ਕਿਰਦਾਰ ਕਿਹੜਾ ਐਕਟਰ ਨਿਭਾਏਗਾ, ਇਸ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਹੈ। ਇਸ ਤੋਂ ਇਲਾਵਾ ਭਗਚੰਦਕਾ ਦੀ ਇਹ ਦੂਜੀ ਬਾਇਓਪਿਕ ਹੋਵੇਗੀ ਜਦੋਂ ਉਹ ਕਿਸੇ ਕ੍ਰਿਕਟਰ ਦੀ ਜ਼ਿੰਦਗੀ ਨੂੰ ਪਰਦੇ ’ਤੇ ਉਤਾਰ ਰਹੇ ਹਨ। ਇਸ ਤੋਂ ਪਹਿਲਾਂ 2017 ’ਚ ਉਹ ਸਚਿਨ ਤੇਂਦੁਲਕਰ ਦੀ ਡਾਕੂਮੈਂਟਰੀ ‘ਸਚਿਨ: ਏ ਬਿਲੀਅਨ ਡ੍ਰੀਮਜ਼’ ਲਿਆ ਚੁੱਕੇ ਹਨ।

# ਮਨੁੱਖ ਦੇ ਸਰਬਪੱਖੀ ਵਿਕਾਸ ਲਈ ਜ਼ਰੂਰੀ ਹਨ ਖੇਡਾਂ

## ਤਨਾਓ ਤੋਂ ਵੀ ਦੂਰ ਰਖਦੀਆਂ ਹਨ ਖੇਡਾਂ

## ਨਵੀਂ ਪੀੜ੍ਹੀ ਦੀ ਖੇਡਾਂ ਵਿੱਚ ਰੁਚੀ ਵਧਾਉਣ ਲਈ ਯਤਨ ਕੀਤੇ ਜਾਣ

ਅੱਜ ਦੇ ਮਾਹੌਲ ਅਤੇ ਜੀਵਨ ਸ਼ੈਲੀ ਦਾ ਇੱਕ ਨਕਾਰਾਤਮਕ ਪਹਿਲੂ ਇਹ ਵੀ ਹੈ ਕਿ ਚਾਹੇ ਬੱਚੇ ਹੋਣ ਜਾਂ ਨੌਜਵਾਨ, ਲਗਾਤਾਰ ਮੋਬਾਈਲ ’ਤੇ ਗੇਮਾਂ ਖੇਡਣਾ ਉਨ੍ਹਾਂ ਦੀ ਆਦਤ ਬਣਦਾ ਜਾ ਰਿਹਾ ਹੈ। ਅਜਿਹੀ ਸਥਿਤੀ ਵਿੱਚ ਨਵੀਂ ਪੀੜ੍ਹੀ ਦੀ ਖੇਡਾਂ ਵਿੱਚ ਰੁਚੀ ਵਧਾਉਣ ਲਈ ਮਾਪਿਆਂ ਅਤੇ ਸਿੱਖਿਆ ਸੰਸਥਾਵਾਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਖੇਡਾਂ ਵਿੱਚ ਜਿੱਤ ਅਤੇ ਹਾਰ ਸਾਨੂੰ ਜੀਵਨ ਵਿੱਚ ਸਫਲਤਾ ਅਤੇ ਅਸਫਲਤਾ ਨੂੰ ਸੰਤੁਲਿਤ ਕਰਨ ਲਈ ਪ੍ਰੇਰਿਤ ਕਰਦੀ ਹੈ। ਖੇਡਾਂ ਮਨੁੱਖ ਦੇ ਸਰਬਪੱਖੀ ਵਿਕਾਸ ਲਈ ਜ਼ਰੂਰੀ ਹਨ। ਪੜ੍ਹਾਈ ਦੇ ਨਾਲ-ਨਾਲ ਖੇਡਾਂ ਦਾ ਵੀ ਜੀਵਨ ਵਿੱਚ ਆਪਣਾ ਮਹੱਤਵ ਹੈ। ਖੇਡਾਂ ਮਨੁੱਖ ਦੇ ਸਰਬਪੱਖੀ ਵਿਕਾਸ ਲਈ ਜ਼ਰੂਰੀ ਹਨ। ਉਹ ਸਾਡੇ ਅੰਦਰ ਅਨੁਸ਼ਾਸਨ ਅਤੇ ਸਖ਼ਤ ਮਿਹਨਤ ਅਤੇ ਸਮਾਜਕਤਾ ਅਤੇ ਦੇਸ਼ ਭਗਤੀ ਦੀ ਭਾਵਨਾ ਵਰਗੇ ਗੁਣ ਪੈਦਾ ਕਰਦੇ ਹਨ। ਇਨ੍ਹਾਂ ਵਿਚਲੀਆਂ ਜਿੱਤਾਂ ਅਤੇ ਹਾਰਾਂ ਸਾਨੂੰ ਜੀਵਨ ਵਿੱਚ ਸਫਲਤਾ



ਅਤੇ ਅਸਫਲਤਾ ਦੌਰਾਨ ਸੰਤੁਲਨ ਬਣਾਈ ਰੱਖਣ ਲਈ ਪ੍ਰੇਰਿਤ ਕਰਦੀਆਂ ਹਨ। ਖੇਡਾਂ ਸੰਜਮ, ਲਗਨ, ਗੰਭੀਰਤਾ ਅਤੇ ਸਹਿਯੋਗ ਦੀ ਭਾਵਨਾ ਵੀ ਪੈਦਾ ਕਰਦੀਆਂ ਹਨ। ਖੇਡਾਂ ਇੱਕ ਨੀਰਸ ਜੀਵਨ ਨੂੰ ਰਸਦਾਰ ਬਣਾਉਂਦੀਆਂ ਹਨ।

ਦਿਮਾਗ ਅਤੇ ਸਰੀਰ ਅਤੇ ਸਰੀਰ ਅਤੇ ਖੇਡਾਂ ਦੇ ਆਪਸੀ ਸਬੰਧਾਂ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਖੇਡਾਂ ਮਨੁੱਖ ਦੇ ਬਹੁਪੱਖੀ ਵਿਕਾਸ ਲਈ ਜ਼ਰੂਰੀ ਹਨ। ਖੇਡਾਂ ਦੀ ਮਹੱਤਤਾ ਨੈਪੋਲੀਅਨ ਨੂੰ ਹਰਾਉਣ ਵਾਲੇ ਐਡਵਰਡ ਨੈਲਸਨ ਦੇ ਕਥਨ ਤੋਂ ਰੇਖਾਂਕਿਤ ਹੁੰਦੀ ਹੈ ਕਿ ਮੈਂ ਈਟਨ ਦੇ ਮੈਦਾਨ ’ਤੇ ਵਾਟਰਲੂ ਦੀ ਲੜਾਈ ਵਿੱਚ ਪ੍ਰਾਪਤ ਕੀਤੀ ਸਫਲਤਾ ਲਈ ਸਿਖਲਾਈ ਪ੍ਰਾਪਤ ਕੀਤੀ ਸੀ।

ਇੱਕ ਸਵਾਲ ਜੋ ਅਕਸਰ ਬੱਚਿਆਂ ਦੇ ਮਨ ਵਿੱਚ ਆਉਂਦਾ ਹੈ ਕਿ ਕੀ ਪੜ੍ਹਾਈ ਅਤੇ ਖੇਡਾਂ ਇਕੱਠੇ ਚੱਲ ਸਕਦੇ ਹਨ ? ਜਵਾਬ ਹਾਂ ਹੈ। ਖੇਡਾਂ ਵਿੱਚ ਸਰਗਰਮ ਹੋਣ ਦਾ ਇਹ ਮਤਲਬ ਨਹੀਂ ਹੈ ਕਿ ਤੁਸੀਂ ਆਪਣੀ ਪੜ੍ਹਾਈ ਛੱਡ ਦਿਓ ਅਤੇ ਪੜ੍ਹਾਈ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਖੇਡਣਾ ਛੱਡ ਦਿਓ।



ਲਗਾਤਾਰ ਪੜ੍ਹਾਈ ਦੌਰਾਨ ਕਈ ਵਾਰ ਤਣਾਅ ਦੀ ਸਥਿਤੀ ਬਣ ਜਾਂਦੀ ਹੈ। ਖੇਡਾਂ ਤਣਾਅ ਦੇ ਪੱਧਰ ਨੂੰ ਘਟਾਉਂਦੀਆਂ ਹਨ। ਜਿਹੜੇ ਲੋਕ ਰੋਜ਼ਾਨਾ ਦੇ ਆਧਾਰ ’ਤੇ ਖੇਡਾਂ ਵਿੱਚ ਹਿੱਸਾ ਲੈਂਦੇ ਹਨ ਉਨ੍ਹਾਂ ਦੀ ਇਕਾਗਰਤਾ ਅਤੇ ਸੂਝ ਅਸਾਧਾਰਨ ਹੁੰਦੀ ਹੈ। ਖੇਡਾਂ ਰਚਨਾਤਮਕਤਾ ਨੂੰ ਵੀ ਉਤਸ਼ਾਹਿਤ ਕਰਦੀਆਂ ਹਨ।

ਅਮਰੀਕੀ ਬਾਸਕਟਬਾਲ ਖਿਡਾਰੀ ਕੋਬੇ ਬ੍ਰਾਇਨਟ ਦਾ ਕਹਿਣਾ ਹੈ ਕਿ ‘ਖੇਡ ਇੱਕ ਮਹਾਨ ਅਧਿਆਪਕ ਹੈ।’ ਮੈਂ ਸੋਚਦਾ ਹਾਂ ਕਿ ਉਸਨੇ ਮੈਨੂੰ ਜੋ ਸਿਖਾਇਆ ਹੈ ਉਹ ਹੈ: ਅੰਤਰ ਅਤੇ ਨਿਮਰਤਾ ਅਤੇ ਇਹ ਵੀ ਕਿ ਮਤਭੇਦਾਂ ਨੂੰ ਕਿਵੇਂ ਸੁਲਝਾਉਣਾ ਹੈ। ਅੱਜ ਦੇ ਮਾਹੌਲ ਅਤੇ ਜੀਵਨ ਸ਼ੈਲੀ ਦਾ ਇੱਕ ਨਕਾਰਾਤਮਕ ਪਹਿਲੂ ਭਾਵੇਂ ਬੱਚੇ ਹੋਣ ਜਾਂ ਨੌਜਵਾਨ, ਮੋਬਾਈਲ ’ਤੇ ਗੇਮਾਂ ਦੀ ਲਗਾਤਾਰ ਵਰਤੋਂ ਕਰਨਾ ਉਸਦੀ ਆਦਤ ਬਣ ਰਿਹਾ ਹੈ। ਅਜਿਹੀ ਸਥਿਤੀ ਵਿੱਚ ਨਵੀਂ ਪੀੜ੍ਹੀ ਦੀ ਖੇਡਾਂ ਵਿੱਚ ਰੁਚੀ ਵਧਾਉਣ ਲਈ ਮਾਪਿਆਂ ਅਤੇ ਸਿੱਖਿਆ ਸੰਸਥਾਵਾਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

## ਲੱਕ ਹਿੱਲੇ ਮਜਾਜਣ ਜਾਂਦੀ ਦਾ...

# ਪੰਜਾਬੀ ਗੀਤਾਂ ਨੂੰ ਬੰਬਈ ਦੀ ਫ਼ਿਲਮ ਨਗਰੀ ਤੱਕ ਦਾ ਸ.ਫ਼ਰ ਕਰਾਉਣ ਵਾਲਾ ਗੀਤਕਾਰ ਇੰਦਰਜੀਤ ਹਸਨਪੁਰੀ

ਅਸ਼ੋਕ ਬਾਂਸਲ ਮਾਨਸਾ

ਇੱਕ ਵਕਤ ਅਜਿਹਾ ਸੀ ਜਦੋਂ ਪੰਜਾਬੀ ਗੀਤਾਂ ਦਾ ਦਾਇਰਾ ਅੰਬਾਲੇ ਦੀ ਹੱਦ ਤੋਂ ਪਹਿਲਾਂ ਹੀ ਖ਼ਤਮ ਹੋ ਜਾਂਦਾ ਸੀ। ਅਜਿਹੇ ਸਮੇਂ ਵਿੱਚ ਪੰਜਾਬ ਦੇ ਜਿਸ ਗੀਤਕਾਰ ਨੇ ਪੰਜਾਬੀ ਗੀਤਾਂ ਨੂੰ ਬੰਬਈ ਦੀ ਫ਼ਿਲਮ ਨਗਰੀ ਤੱਕ ਦਾ ਸਫ਼ਰ ਕਰਾਇਆ ਤੇ ਹਿੰਦੀ ਬੋਲਦੇ ਲੋਕਾਂ ਨੂੰ ਪੰਜਾਬੀ ਗੀਤਾਂ ਨਾਲ ਜੋੜਿਆ, ਉਹਦਾ ਨਾਂ ਹੈ ਇੰਦਰਜੀਤ ਹਸਨਪੁਰੀ। ਮੰਜੇ ਜੋੜ ਕੇ ਸਪੀਕਰ ਲੱਗਿਆ ਹੋਵੇ ਤੇ ਉੱਚੀ 'ਵਾਜ਼ 'ਚ ਹਸਨਪੁਰੀ ਦਾ ਗੀਤ ਚੱਲਦਾ ਹੋਵੇ :

ਜੇ ਮੁੰਡਿਆ ਵੇ ਸਾਡੀ ਤੋਰ ਤੂੰ ਦੇਖਣੀ
ਗੜਬਾ ਲੈ ਦੇ ਚਾਂਦੀ ਦਾ ਵੇ
ਲੱਕ ਹਿੱਲੇ ਮਜਾਜਣ ਜਾਂਦੀ ਦਾ

ਹਰਚਰਨ ਗਰੇਵਾਲ ਅਤੇ ਸੁਰਿੰਦਰ ਕੌਰ ਦੀ ਆਵਾਜ਼ ਵਿੱਚ ਗਾਇਆ ਇਹ ਗੀਤ ਰੂਹ ਨੂੰ ਸਕੂਨ ਦਿੰਦਾ ਹੈ। ਭਾਵੇਂ ਇੰਦਰਜੀਤ ਦਾ ਜਨਮ ਪੰਜਾਬ ਵਿੱਚ ਆਪਣੇ ਨਾਨਕੇ ਪਿੰਡ ਗੁਰੂਸਰ ਦੇ ਲਾਗੇ ਅਕਾਲਗੜ੍ਹ 'ਚ ਹੋਇਆ, ਪਰ ਉਸ ਦਾ ਬਚਪਨ ਦਿੱਲੀ ਦੀਆਂ ਗਲੀਆਂ 'ਚ ਖੇਡਦਿਆਂ ਬੀਤਿਆ। ਉਸ ਨੇ ਅੱਠਵੀਂ ਤੱਕ ਦੀ ਪੜ੍ਹਾਈ ਦਿੱਲੀ 'ਚ ਹੀ ਕੀਤੀ। ਉਸ ਦਾ ਜਨਮ 20 ਅਗਸਤ 1932 ਨੂੰ ਮਾਤਾ ਭਗਵਾਨ ਕੌਰ ਦੀ ਕੁੱਖੋਂ ਹੋਇਆ। ਉਸ ਦੇ ਪਿਤਾ ਜਸਵੰਤ ਸਿੰਘ ਦਿੱਲੀ ਠੇਕੇਦਾਰੀ ਕਰਦੇ ਸਨ। ਠੇਕੇਦਾਰੀ ਜਾਂ ਦਸਤਕਾਰੀ ਤਾਂ ਉਨ੍ਹਾਂ ਲਈ ਉਪਜੀਵਕਾ ਦਾ ਸਾਧਨ ਸੀ, ਪਰ ਜਸਵੰਤ ਸਿੰਘ ਸਮਕਾਲੀ ਗੀਤਕਾਰਾਂ ਦੇ ਮੁਦੱਈ ਤੇ ਸਾਹਿਤ ਰਸੀਏ ਸਨ। ਇੰਦਰਜੀਤ ਹਾਲੇ ਚੌਦਾਂ ਕੁ ਵਰ੍ਹਿਆਂ ਦਾ ਹੀ ਸੀ ਤੇ ਅੱਠਵੀਂ 'ਚ ਪੜ੍ਹਦਾ ਸੀ ਤਾਂ ਉਸ ਦੇ ਪਿਤਾ ਦੀ ਐਕਸੀਡੈਂਟ ਵਿੱਚ ਮੌਤ ਹੋ ਗਈ। ਬਾਲ ਇੰਦਰਜੀਤ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। 1947 ਵਿੱਚ ਪਰਿਵਾਰ ਨੂੰ ਵਾਪਸ ਪਿੰਡ ਪਰਤਣਾ ਪਿਆ। ਤਿੰਨ ਛੋਟੀਆਂ ਭੈਣਾਂ ਤੇ ਮਾਂ, ਪੰਦਰਾਂ ਵਰ੍ਹਿਆਂ ਦੀ ਉਮਰ 'ਚ ਇੰਦਰਜੀਤ 'ਤੇ ਜ਼ਿੰਮੇਵਾਰੀਆਂ ਦਾ ਬੋਝ ਪੈ ਗਿਆ ।

ਦਿੱਲੀ ਰਹਿੰਦੇ ਸਮੇਂ ਇੰਦਰਜੀਤ ਦੇ ਜਿਗਰੀ ਦੋਸਤ ਹਰੀ ਦੇਵ ਸ਼ਰਮਾ ਦਾ ਮਾਮਾ ਚੂਨਾ ਮੰਡੀ ਪਹਾੜਗੰਜ 'ਚ ਪੇਂਟਿੰਗ ਦੀ ਦੁਕਾਨ ਕਰਦਾ ਸੀ। ਜਿੱਥੇ ਹਰੀ ਦੇਵ ਤੇ ਇੰਦਰਜੀਤ ਜਾਂਦੇ ਰਹਿੰਦੇ ਸਨ। ਉੱਥੋਂ ਇੰਦਰਜੀਤ ਨੂੰ ਬੁਰਸ਼ ਨਾਲ ਮੋਹ ਪੈ ਗਿਆ। ਪਿੰਡ ਆ ਕੇ ਉਸ ਨੂੰ ਨੌਕਰੀ ਕਰਨੀ ਪਈ। ਲੁਧਿਆਣੇ ਇੱਕ ਪੇਂਟਰ ਕੋਲ ਪੰਜਤਾਲੀ ਰੁਪਏ ਮਹੀਨੇ 'ਤੇ ਨੌਕਰੀ ਕੀਤੀ। ਬਾਅਦ ਵਿੱਚ ਨੌਂ ਲੱਖੇ ਸਿਨਮੇ ਕੋਲ ਪੇਂਟਿੰਗ ਕਰਨ ਲੱਗਾ ਅਤੇ ਦਿਲ ਅੰਦਰ ਬਾਪੂ ਵਾਲਾ ਸ਼ੌਕ ਵੀ ਮੌਲਦਾ ਰਿਹਾ। ਲੋਕਾਂ ਦੀਆਂ ਦੁਕਾਨਾਂ ਦੇ ਬੋਰਡ ਵੀ ਲਿਖਿਆ ਕਰੇ ਤੇ ਕਾਗਜ਼ 'ਤੇ ਗੀਤ ਵੀ। 1957 ਵਿੱਚ ਉਸ ਨੇ ਗੀਤਕਾਰ ਨੰਦ ਲਾਲ ਨੂਰਪੁਰੀ ਨੂੰ ਆਪਣਾ ਉਸਤਾਦ ਧਾਰ ਲਿਆ। ਨਾਲੋ-ਨਾਲ ਆਪਣੀ ਆਰਥਿਕ ਮੰਦਹਾਲੀ ਦੂਰ ਕਰਨ ਲਈ ਸਿਰਤੋੜ ਯਤਨ ਵੀ ਕਰਨ ਲੱਗਾ। ਪਿੰਡਾਂ ਵਿੱਚ ਲੱਗਦੇ ਮੇਲਿਆਂ 'ਚ ਚਾਹ ਦਾ ਅੱਡਾ ਲਾ ਲਿਆ ਕਰੇ। ਇੱਕ ਦਿਨ ਰਾਏਕੋਟ ਦੇ ਮੇਲੇ 'ਤੇ ਇੰਦਰਜੀਤ ਨੇ ਚਾਹ ਦਾ ਅੱਡਾ ਲਾਇਆ ਹੋਇਆ ਸੀ ਤੇ ਇਸੇ ਦੌਰਾਨ ਉਸ ਵੇਲੇ ਦੇ ਮਸ਼ਹੂਰ ਗਾਇਕ ਸ਼ਾਦੀ ਬਖਸ਼ੀ ਉਹਦੇ ਅੱਡੇ 'ਤੇ ਚਾਹ ਪੀਣ ਆ ਗਿਆ। ਇੰਦਰਜੀਤ ਨੇ ਉਸ ਨੂੰ ਆਪਣੇ ਗੀਤ ਦਿਖਾਏ ਜੋ ਉਸ ਨੂੰ ਪਸੰਦ ਆ ਗਏ। ਥੋੜ੍ਹੇ ਸਮੇਂ ਵਿੱਚ ਹੀ ਇੰਦਰਜੀਤ ਦਾ ਪੇਂਟਿੰਗ ਦਾ ਕੰਮ ਵੀ ਸੋਹਣਾ ਚੱਲ ਪਿਆ। ਜਦੋਂ ਕੰਮ ਰਿੜ੍ਹ ਪਿਆ ਤਾਂ ਇੰਦਰਜੀਤ ਨੇ ਆਪਣੇ



ਬੇਲੀ ਇਸ਼ਰਪਾਲ ਨੱਤ ਨਾਲ ਰਲ ਕੇ ਇੱਕ 'ਜਗਦੀ ਜੋਤ' ਨਾਂ ਦਾ ਮਹੀਨਾਵਾਰ ਰਸਾਲਾ ਸ਼ੁਰੂ ਕਰ ਲਿਆ। ਇਸ ਦੀ ਬਦੌਲਤ ਇੰਦਰਜੀਤ ਦੀ ਦੁਕਾਨ ਸਾਹਿਤਕਾਰਾਂ ਦੀ ਸੱਥ ਬਣ ਗਈ। 1959 ਵਿੱਚ ਸ਼ਾਦੀ ਬਖਸ਼ੀ ਦੀ ਆਵਾਜ਼ ਵਿੱਚ ਇੰਦਰਜੀਤ ਦੇ ਲਿਖੇ ਗੀਤਾਂ ਦਾ ਤਵਾ ਆ ਗਿਆ। ਇਨ੍ਹਾਂ ਗੀਤਾਂ ਨਾਲ ਉਹ ਰਾਤੋ ਰਾਤ ਇੰਦਰਜੀਤ ਤੋਂ ਇੰਦਰਜੀਤ ਹਸਨਪੁਰੀ ਬਣ ਗਿਆ। ਇਹ ਰਿਕਾਰਡ ਬਹੁਤ ਚੱਲਿਆ। ਇਸ ਨੂੰ 'ਦਿ ਟਵਿਨ' ਕੰਪਨੀ ਨੇ ਬਣਾਇਆ ਸੀ। ਇਸ ਵਿੱਚ ਦੋ ਗੀਤ ਸਨ ਤੇ ਦੋਵੇਂ ਹੀ ਇੰਦਰਜੀਤ ਹਸਨਪੁਰੀ ਦੇ ਇੱਕ ਪਾਸੇ ਹੀਰ ਤੇ ਦੂਜੇ ਪਾਸੇ ਸੋਹਣੀ:

* ਸਾਧੂ ਹੁੰਦੇ ਰੱਬ ਵਰਗੇ
ਘੁੰਡ ਕੱਢ ਕੇ ਖੈਰ ਨਾ ਪਾਈਏ
ਤੋੜ ਕੇ ਜੁਆਬ ਦੇ ਦੀਏ
ਝੂਠਾ ਲਾਰਾ ਨਾ ਕਦੇ ਵੀ ਲਾਈਏ (ਹੀਰ)
* ਚੱਲ ਮਾਹੀ ਦੇ ਦਵਾਰ ਘੜਿਆ
ਸੋਹਣੀ ਨੂੰ ਲਾ ਦੇ ਪਾਰ ਘੜਿਆ (ਸੋਹਣੀ)

ਇਸ ਤਵੇ ਨਾਲ ਗੀਤਕਾਰ ਵੱਜੋਂ ਇੰਦਰਜੀਤ ਹਸਨਪੁਰੀ ਦਾ ਆਗਾਜ਼ ਹੋਇਆ। ਇਸ ਤੋਂ ਬਾਅਦ ਚੱਲ ਸੋ ਚੱਲ। ਪੰਜਾਬ ਦੇ ਹਰ ਕਲਾਕਾਰ ਨੇ ਉਸ ਦੇ ਗੀਤ ਗਾਏ। 1961 ਵਿੱਚ ਐੱਚ. ਐੱਮ. ਵੀ. ਨੇ ਹਸਨਪੁਰੀ ਦੇ ਦੋਗਾਣਿਆਂ ਦਾ ਇੱਕ ਰਿਕਾਰਡ ਬਣਾਇਆ ਜੋ ਚਾਂਦੀ ਰਾਮ ਤੇ ਸ਼ਾਂਤੀ ਦੇਵੀ ਦੀਆਂ ਆਵਾਜ਼ਾਂ ਵਿੱਚ ਸੀ। ਇਸ ਦੇ ਦੋਵੇਂ ਗੀਤ ਇਸ ਤਰ੍ਹਾਂ ਸਨ:

* ਨਾ ਤੂੰ ਰੁੱਸ ਰੁੱਸ ਬਹਿ
* ਲੈਜਾ ਛੱਲੀਆਂ ਭੁੰਨਾ ਲਈਂ ਦਾਣੇ
ਵੇ ਮਿੱਤਰਾ ਦੂਰ ਦਿਆ

ਇਸ ਰਿਕਾਰਡ ਨੇ ਤਾਂ ਉਸ ਦੀ ਗੁੱਡੀ ਅੰਬਰੀ ਚਾੜ੍ਹ ਦਿੱਤੀ। ਇਸ ਦੀ ਰਿਕਾਰਡਤੋੜ ਵਿਕਰੀ ਨੇ ਹਸਨਪੁਰੀ ਨੂੰ ਗੀਤਕਾਰਾਂ ਦੀ ਪਹਿਲੀ ਸ਼੍ਰੇਣੀ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ। ਉਸ ਦੇ ਗੀਤ ਹਰਚਰਨ ਗਰੇਵਾਲ, ਸੀਮਾ, ਸੁਰਿੰਦਰ ਕੌਰ ਤੇ ਨਰਿੰਦਰ ਬੀਬਾ ਨੇ ਗਾਏ। 1963 ਵਿੱਚ ਐੱਚ. ਐਮ. ਵੀ. ਕੰਪਨੀ ਨੇ ਹਸਨਪੁਰੀ ਦੇ ਲਿਖੇ ਗੀਤਾਂ ਦਾ ਹਰਚਰਨ ਗਰੇਵਾਲ ਤੇ ਸੁਰਿੰਦਰ ਕੌਰ ਦੀਆਂ ਆਵਾਜ਼ਾਂ ਵਿੱਚ ਰਿਕਾਰਡ ਬਣਾਇਆ ਜਿਸ ਵਿੱਚ ਦੋ ਗੀਤ ਸਨ:

* ਬਾਹਰੋਂ ਆਉਨੈਂ ਦੁੱਧ ਪੀ ਜਾਨੈਂ ਨਾਲ ਮੁੰਡਿਆਂ ਦੀ ਟੋਲੀ
ਤਾਹੀਓਂ ਸਿਰ ਚੜ੍ਹਿਆ ਮੈਂ ਨਾ ਬਰਾਬਰ ਬੋਲੀ।
* ਹੋਇਆ ਕੀ ਜੇ ਕੁੜੀ ਏਂ ਤੂ ਦਿੱਲੀ ਸ਼ਹਿਰ ਦੀ
ਮੈਂ ਵੀ ਜੱਟ ਲੁਧਿਆਣੇ ਦਾ।

ਇਸ ਰਿਕਾਰਡ ਨਾਲ ਤਾਂ ਹਸਨਪੁਰੀ ਦਾ ਦਾਇਰਾ ਬਹੁਤ ਵੱਡਾ ਹੋ ਗਿਆ। ਉਹ ਕਾਲਜੀਏਟ ਮੁੰਡੇ ਕੁੜੀਆਂ ਦਾ ਵੀ ਚਹੇਤਾ ਗੀਤਕਾਰ ਬਣ ਗਿਆ। ਇਸ ਗੀਤ ਦੀ ਧਮਕ ਦਿੱਲੀ ਤੱਕ ਪਹੁੰਚ ਗਈ। 1965 ਵਿੱਚ ਉਸ ਦੀ ਗੀਤਕਾਰੀ 'ਚ ਇੱਕ ਹੋਰ ਮੋੜ ਆਇਆ। ਗੁਰਦੇਵ ਸਿੰਘ ਮਾਨ ਨੇ ਨਰਿੰਦਰ ਬੀਬਾ ਨੂੰ ਇੱਕ ਗੀਤ ਦਾ ਮੁੱਖੜਾ ਸੁਣਾਇਆ ਜੋ ਇਸ ਤਰ੍ਹਾਂ ਸੀ;

* ਜੇ ਮੁੰਡਿਆ ਵੇ ਸਾਥੋਂ ਰੋਟੀਆਂ ਢੁਆਉਣੀਆਂ
ਗੜਬਾ ਲੈ ਦੇ ਚਾਂਦੀ ਦਾ
ਵੇ ਲੱਕ ਹਿੱਲੇ ਮਜਾਜਣ ਜਾਂਦੀ ਦਾ

ਇਤਫ਼ਾਕਨ ਕੁਝ ਦਿਨ ਬਾਅਦ ਇਸੇ ਗੀਤ ਦੀ ਗੱਲ ਗਰੇਵਾਲ ਕੋਲ ਚੱਲ ਪਈ। ਗਰੇਵਾਲ ਨੇ ਗੁਰਦੇਵ ਮਾਨ ਨੂੰ ਕਿਹਾ, "ਇਹ ਗੀਤ ਚੱਲਣ ਵਾਲੇ ਨੇ ਮੈਨੂੰ ਦੇ ਦਿਓ।"

ਮਾਨ ਸਾਹਿਬ ਕਹਿੰਦੇ, "ਮੈਂ ਇਸ ਗੀਤ ਲਈ ਬੀਬਾ ਨੂੰ ਹਾਂ ਕਰ ਚੁੱਕਿਆ ਹਾਂ।" ਉਸ ਨੇ ਬੀਬਾ ਨੂੰ ਵੀ ਦੱਸ ਦਿੱਤਾ ਕਿ ਇਹ ਗੀਤ ਗਰੇਵਾਲ ਮੰਗਦਾ ਸੀ, ਤੂੰ ਜਲਦੀ ਰਿਕਾਰਡ ਕਰਵਾ ਲੈ। ਅੱਗੋਂ ਬੀਬਾ ਕਹਿੰਦੀ, "ਮੈਂ ਐੱਚ. ਐੱਮ. ਵੀ. ਦੇ ਮੈਨੇਜਰ ਸੰਤ ਰਾਮ ਨੂੰ ਕਹਿ ਦਿੰਨੀ ਆਂ। ਉਹ ਇਸ ਗੀਤ ਨੂੰ ਗਰੇਵਾਲ ਦੀ ਆਵਾਜ਼ ਵਿੱਚ ਰਿਕਾਰਡ ਨਹੀਂ ਕਰਨਗੇ।"

ਪਰ ਗਰੇਵਾਲ ਨੂੰ ਇਸ ਗੱਲ ਦੀ ਕਨਸੋਅ ਲੱਗ ਗਈ। ਜਦੋਂ ਉਸ ਨੂੰ ਹੱਥੋਂ ਬਾਜ਼ੀ ਜਾਂਦੀ ਲੱਗੀ ਤਾਂ ਉਸ ਨੇ ਦਾਅ ਖੇਡਿਆ ਅਤੇ ਉਹ ਆਥਣੇ ਆ ਕੇ ਹਸਨਪੁਰੀ ਕੋਲ ਬਹਿ ਗਿਆ ਅਤੇ ਇਸ ਗੀਤ ਦੀ ਸਤਰ ਸੁਣਾ ਕੇ ਕਹਿਣ ਲੱਗਾ, "ਹਸਨਪੁਰੀ ਸਾਹਿਬ! ਮੈਨੂੰ ਇਸ ਸਤਰ 'ਤੇ ਗੀਤ ਲਿਖ ਕੇ ਦਿਓ।"

ਹਸਨਪੁਰੀ ਨੇ ਉਸ ਗੀਤ ਨੂੰ ਆਪਣੇ ਢੰਗ ਨਾਲ ਲਿਖਿਆ ਤੇ ਜਸਵੰਤ ਭੰਵਰਾ ਨੇ ਤਰਜ਼ ਬਣਾਈ। ਨਰਿੰਦਰ ਬੀਬਾ ਨੂੰ ਤਾਂ ਉਦੋਂ ਪਤਾ ਲੱਗਾ ਜਦੋਂ ਰਿਕਾਰਡ ਸਪੀਕਰਾਂ 'ਚ ਗੂੰਜਣ ਲੱਗ ਪਿਆ। ਇਹ ਗੀਤ ਪੰਜਾਬੀ ਦੋ-ਗਾਣਾ ਗੀਤਕਾਰੀ ਤੇ ਗਾਇਕੀ ਦੇ ਇਤਿਹਾਸ ਦਾ ਸਭ ਤੋਂ ਵੱਡਾ ਗੀਤ ਬਣ ਗਿਆ। ਇਸ ਰਿਕਾਰਡ ਵਿੱਚ ਵੀ ਦੋਵੇਂ ਹੀ ਗੀਤ ਹਸਨਪੁਰੀ ਦੇ ਸਨ ਤੇ ਆਵਾਜ਼ਾਂ ਹਰਚਰਨ ਗਰੇਵਾਲ ਤੇ ਸੁਰਿੰਦਰ ਕੌਰ ਦੀਆਂ ਸਨ:

* ਜੇ ਮੁੰਡਿਆ ਵੇ ਸਾਡੀ ਤੋਰ ਤੂੰ ਦੇਖਣੀ
ਗੜਬਾ ਲੈ ਦੇ ਚਾਂਦੀ ਦਾ ਵੇ
ਲੱਕ ਹਿੱਲੇ ਮਜਾਜਣ ਜਾਂਦੀ ਦਾ
* ਬੋਤਾ ਹੌਲੀ ਤੋਰ ਮਿੱਤਰਾ
ਵੇ ਮੇਰਾ ਨਰਮ ਕਾਲਜਾ ਧੜਕੇ

ਇਹ ਦੋਵੇਂ ਹੀ ਗੀਤ ਲੋਕਾਂ ਦੇ ਮੂੰਹ ਚੜ੍ਹ ਗਏ। ਅੱਜ ਲੋਕ ਗਾਇਕੀ ਦੇ ਥੰਮ੍ਹ ਵੱਜੋਂ ਜਾਣੇ ਜਾਂਦੇ ਮੁਹੰਮਦ ਸਦੀਕ ਨੇ ਵੀ 1961 ਵਿੱਚ ਪਹਿਲੀ ਵਾਰੀ ਹਸਨਪੁਰੀ ਦੇ ਗੀਤਾਂ ਨਾਲ ਹੀ ਰਿਕਾਰਡਿੰਗ ਦੇ ਖੇਤਰ ਵਿੱਚ ਪ੍ਰਵੇਸ਼ ਕੀਤਾ ਸੀ, ਜਿਸ ਦੇ ਬੋਲ ਸਨ :

ਜਾਂਦਾ ਹੋਇਆ ਦੱਸ ਨਾ ਗਿਆ
ਮੈਂ ਚਿੱਠੀਆਂ ਕਿੱਧਰ ਨੂੰ ਪਾਵਾਂ

ਹਸਨਪੁਰੀ ਦਾ ਗੀਤ ਗ਼ਜ਼ਲ ਗਾਇਕ ਜਗਜੀਤ ਸਿੰਘ ਦੀ ਆਵਾਜ਼ ਵਿੱਚ ਸਭ ਨੇ ਸੁਣਿਆ ਹੈ;

ਢਾਈ ਦਿਨ ਨਾ ਜਵਾਨੀ ਨਾਲ
ਚੱਲਦੀ ਕੁੜਤੀ ਮਲਮਲ ਦੀ।

ਚਿਤਰਾ ਸਿੰਘ ਦੀ ਆਵਾਜ਼ ਵਿੱਚ ਗੀਤ ਹੈ;

ਚਰਖਾ ਮੇਰਾ ਰੰਗਲਾ
ਵਿੱਚ ਸੋਨੇ ਦੀਆਂ ਮੇਖਾਂ
ਵੇ ਮੈਂ ਤੈਨੂੰ ਯਾਦ ਕਰਾਂ
ਜਦ ਚਰਖੇ ਵੱਲ ਵੇਖਾਂ

ਇੰਦਰਜੀਤ ਹਸਨਪੁਰੀ ਨੇ ਸ਼ਾਦੀ ਬਖਸ਼ੀ ਤੋਂ ਸ਼ੁਰੂ ਹੋ ਕੇ ਚਾਂਦੀ ਰਾਮ, ਨਰਿੰਦਰ ਬੀਬਾ, ਹਰਚਰਨ ਗਰੇਵਾਲ, ਸੁਰਿੰਦਰ ਕੌਰ, ਮੁਹੰਮਦ ਸਦੀਕ, ਜਗਮੋਹਨ ਕੌਰ, ਕੇ.ਦੀਪ, ਜਗਜੀਤ ਸਿੰਘ, ਚਿਤਰਾ ਸਿੰਘ ਤੋਂ ਲੈ ਕੇ ਹੰਸ ਰਾਜ ਹੰਸ ਤੇ ਗੋਲਡਨ ਸਟਾਰ ਮਲਕੀਤ ਸਿੰਘ ਤੱਕ ਪੰਜਾਬੀ ਗੀਤਕਾਰੀ ਦਾ ਪੈਂਡਾ ਤੈਅ ਕੀਤਾ ਹੈ। ਮਲਕੀਤ ਸਿੰਘ ਦੀ ਆਵਾਜ਼ ਵਿੱਚ ਹਸਨਪੁਰੀ ਦਾ ਗੀਤ ਸੀ;

ਮਿੰਨ੍ਹਾ-ਮਿੰਨ੍ਹਾ ਬੁੱਲ੍ਹੀਆਂ 'ਚ ਹੱਸ ਗਈ ਓਏ
ਕੁੜੀ ਪਟੋਲੇ ਵਰਗੀ



ਇਹ ਤਾਂ ਹੈ ਹਸਨਪੁਰੀ ਦੀ ਗੀਤਕਾਰੀ ਦਾ ਪੈਂਡਾ। ਹਸਨਪੁਰੀ ਦੇ ਫ਼ਿਲਮੀ ਜੀਵਨ 'ਤੇ ਵੀ ਝਾਤ ਮਾਰਨੀ ਜ਼ਰੂਰੀ ਹੈ। ਉਸ ਦੇ ਫ਼ਿਲਮੀ ਸਫ਼ਰ ਦੇ ਤਿੰਨ ਭਾਗ ਹਨ- ਫ਼ਿਲਮਾਂ ਲਈ ਗੀਤ ਲਿਖਣੇ, ਫ਼ਿਲਮ ਦਾ ਨਿਰਮਾਣ ਅਤੇ ਨਵੇਂ ਚਿਹਰਿਆਂ ਨੂੰ ਫ਼ਿਲਮੀ ਪਰਦੇ 'ਤੇ ਲਿਆਉਣਾ। ਉਸ ਦਾ ਨਾਮ ਪੰਜਾਬੀ ਗੀਤਕਾਰੀ ਵਿੱਚ ਤਾਂ ਅੰਬਰਾਂ ਨੂੰ ਛੂਹ ਗਿਆ ਸੀ। ਇਸ ਮਸ਼ਹੂਰੀ ਦਾ ਫ਼ਿਲਮ ਨਿਰਮਾਤਾਵਾਂ ਨੇ ਵੀ ਲਾਹਾ ਲੈਣਾ ਚਾਹਿਆ ਤੇ ਉਸ ਨੂੰ ਫ਼ਿਲਮਾਂ ਲਈ ਗੀਤ ਲਿਖਣ ਦੀ ਪੇਸ਼ਕਸ਼ ਹੋਈ। ਇਸ ਤਰ੍ਹਾਂ ਹਸਨਪੁਰੀ ਨੇ 1972 ਵਿੱਚ ਬੇਦੀ ਤੇ ਬਖਸ਼ੀ ਪ੍ਰੋਡਕਸ਼ਨ ਦੀ ਫ਼ਿਲਮ 'ਦੁੱਖ ਭਜਨ ਤੇਰਾ ਨਾਮ' ਲਈ ਗੀਤ ਲਿਖੇ। 1976 ਵਿੱਚ ਨੀਲਮ ਪ੍ਰੋਡਕਸ਼ਨ ਦੀ ਫ਼ਿਲਮ 'ਯਮਲਾ ਜੱਟ' ਲਈ ਗੀਤ ਲਿਖੇ। 1976 ਵਿੱਚ ਹੀ ਬੇਦੀ ਤੇ ਬਖਸ਼ੀ ਪ੍ਰੋਡਕਸ਼ਨ ਦੀ ਇੱਕ ਹੋਰ ਫ਼ਿਲਮ ਦੇ ਗੀਤ ਲਿਖੇ। ਇਨ੍ਹਾਂ ਤੋਂ ਇਲਾਵਾ 'ਧਰਮਜੀਤ', 'ਫ਼ੌਜੀ ਚਾਚਾ', 'ਮਨਜੀਤੇ ਜਗਜੀਤ', 'ਮਾਂ ਦਾ ਲਾਡਲਾ' ਅਤੇ 'ਲੌਂਗ ਦਾ ਲਿਸ਼ਕਾਰਾ' ਪੰਜਾਬੀ ਫ਼ਿਲਮਾਂ ਲਈ ਗੀਤ ਲਿਖੇ।

ਹਸਨਪੁਰੀ ਨੂੰ ਗੀਤ ਲਿਖਦੇ ਨੂੰ ਇਹ ਭਰੋਸਾ ਹੋ ਗਿਆ ਸੀ ਕਿ ਜ਼ਿਆਦਾਤਰ ਫ਼ਿਲਮਾਂ ਗੀਤਾਂ ਤੇ ਸੰਗੀਤ ਦੇ ਆਸਰੇ ਹੀ ਹਿੱਟ ਹੁੰਦੀਆਂ ਹਨ। ਇਸ ਲਈ ਉਸ ਨੇ ਆਪਣੇ ਮਨ ਵਿੱਚ ਖ਼ੁਦ ਫ਼ਿਲਮਾਂ ਬਣਾਉਣ ਦਾ ਪੱਕਾ ਇਰਾਦਾ ਬਣਾ ਲਿਆ ਸੀ। ਉਸ ਨੇ 'ਤੇਰੀ ਮੇਰੀ ਇੱਕ ਜਿੰਦੜੀ', 'ਦਾਜ' ਅਤੇ 'ਸੁਖੀ ਪਰਿਵਾਰ' ਵਰਗੀਆਂ ਸੁਪਰ-ਡੁਪਰ ਹਿੱਟ ਫ਼ਿਲਮਾਂ ਦਾ ਨਿਰਮਾਣ ਕਰਨ ਵਿੱਚ ਸਫ਼ਲਤਾ ਹਾਸਿਲ ਕੀਤੀ। ਅਦਾਕਾਰਾ ਦਲਜੀਤ ਕੌਰ ਹਸਨਪੁਰੀ ਦੀ ਹੀ ਖੋਜ ਸੀ। ਉਸ ਨੇ ਆਪਣੀ ਫ਼ਿਲਮ 'ਦਾਜ' ਰਾਹੀਂ ਪਹਿਲੀ ਵਾਰ ਦਲਜੀਤ ਕੌਰ ਨੂੰ ਫ਼ਿਲਮੀ ਪਰਦੇ 'ਤੇ ਪੇਸ਼ ਕਰਕੇ ਪੰਜਾਬ ਨੂੰ ਇੱਕ ਖ਼ੂਬਸੂਰਤ ਅਦਾਕਾਰਾ ਦਿੱਤੀ। ਇਸੇ ਤਰ੍ਹਾਂ ਪੰਜਾਬੀਆਂ ਦੇ ਹਰਮਨ ਪਿਆਰੇ ਅਦਾਕਾਰ ਬਣੇ 'ਵਰਿੰਦਰ' ਨੂੰ ਵੀ ਹਸਨਪੁਰੀ ਆਪਣੀ ਫ਼ਿਲਮ 'ਤੇਰੀ ਮੇਰੀ ਇੱਕ ਜਿੰਦੜੀ' ਰਾਹੀਂ ਲੋਕਾਂ ਦੇ ਸਨਮੁੱਖ ਲੈ ਕੇ ਆਇਆ। ਬੇਸ਼ੱਕ ਮਿਹਰ ਮਿੱਤਲ ਪਹਿਲਾਂ ਵੀ ਦੋ ਤਿੰਨ ਫ਼ਿਲਮਾਂ ਕਰ ਚੁੱਕਾ ਸੀ, ਪਰ ਉਹ ਵੀ ਹਸਨਪੁਰੀ ਦੀ ਫ਼ਿਲਮ 'ਤੇਰੀ ਮੇਰੀ ਇੱਕ ਜਿੰਦੜੀ' ਰਾਹੀਂ ਪੱਕੇ ਪੈਰੀਂ ਹੋਇਆ।

ਸਾਲ 1959 ਵਿੱਚ ਹਸਨਪੁਰੀ ਦੀ ਪਹਿਲੀ ਕਿਤਾਬ 'ਔਸੀਆਂ' ਛਪ ਗਈ ਸੀ। ਉਸ ਤੋਂ ਬਾਅਦ 'ਜ਼ਿੰਦਗੀ ਦੇ ਗੀਤ', 'ਸਮੇਂ ਦੀ ਆਵਾਜ਼', 'ਜੋਬਨ ਨਵਾਂ ਨਕੋਰ', 'ਰੂਪ ਤੇਰਾ ਰੱਬ ਵਰਗਾ', 'ਮੇਰੇ ਜਿਹੀ ਕੋਈ ਜੱਟੀ ਵੀ ਨਾ' ਅਤੇ 'ਗੀਤ ਮੇਰੇ ਮੀਤ' ਛਪ ਚੁੱਕੀਆਂ ਹਨ। ਹਸਨਪੁਰੀ ਦੀ ਆਖ਼ਰੀ ਕਿਤਾਬ 'ਕਿੱਥੇ ਗਏ ਓਹ ਦਿਨ ਓ ਅਸਲਮ' ਲੰਬੀ ਕਵਿਤਾ ਦੇ ਰੂਪ ਵਿੱਚ 1947 ਦੀ ਵੰਡ ਦੀ ਦਰਦ ਕਹਾਣੀ ਹੈ। 8 ਅਕਤੂਬਰ 2009 ਨੂੰ ਇਸ ਬਹੁਪੱਖੀ ਪ੍ਰਤਿਭਾ ਦਾ ਦੇਹਾਂਤ ਹੋ ਗਿਆ, ਪਰ ਉਸ ਦੇ ਗੀਤ ਸਾਡੇ ਦਿਲਾਂ ਨੂੰ ਸਕੂਨ ਦਿੰਦੇ ਰਹਿਣਗੇ।

## ਸਿੱਧੂ ਮੂਸੇਵਾਲਾ ਦੇ ਨਵੇਂ ਗੀਤ 'ਅਟੈਚ' ਦਾ ਐਲਾਨ, 30 ਅਗਸਤ ਨੂੰ ਹੋਵੇਗਾ ਰਿਲੀਜ਼




ਮਰਹੂਮ ਗਾਇਕ ਸਿੱਧੂ ਮੂਸੇਵਾਲਾ ਨੇ ਆਪਣੀ ਅਵਾਜ਼ ਨਾਲ ਲੋਕਾਂ ਨੂੰ ਦੀਵਾਨਾ ਬਣਾਇਆ ਸੀ। ਹਾਲਾਂਕਿ ਉਹ ਇਸ ਦੁਨੀਆਂ 'ਚ ਨਹੀਂ ਰਹੇ, ਪਰ ਅਜੇ ਉਨ੍ਹਾਂ ਦੇ ਗੀਤ ਰਿਲੀਜ਼ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਪ੍ਰਸ਼ੰਸਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦਾ ਨਵਾਂ ਗੀਤ 'ਅਟੈਚ' 30 ਅਗਸਤ ਨੂੰ ਰਿਲੀਜ਼ ਹੋਵੇਗਾ। ਇਸ ਦੀ ਜਾਣਕਾਰੀ ਸੋਸ਼ਲ ਮੀਡੀਆ 'ਤੇ ਸਿੱਧੂ ਮੂਸੇਵਾਲਾ ਦੇ ਪੇਜ਼ 'ਤੇ ਇੱਕ ਪੋਸਟਰ ਰਿਲੀਜ਼ ਕਰਕੇ ਦਿੱਤੀ ਗਈ ਹੈ। । ਸਮੇਂ ਸਮੇਂ 'ਤੇ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਆਏ ਗੀਤਾਂ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ।

## ਆੜੀ

ਰਾਤ ਦੇ ਨੌਂ ਵੱਜ ਚੁੱਕੇ ਸਨ। ਜਿਉਂ ਹੀ ਬੱਸ, ਬੱਸ ਅੱਡੇ ਦੇ ਅੰਦਰ ਪਹੁੰਚੀ ਤਾਂ ਲਗਪਗ ਸਾਰਾ ਬੱਸ ਅੱਡਾ ਸੁੰਨਾ ਪਿਆ ਸੀ। ਦਸ ਕੁ ਸਵਾਰੀਆਂ ਬੱਸ ਵਿੱਚੋਂ ਉਤਰ ਗਈਆਂ। ਹਿਰਦੈ ਪਾਲ ਨੇ ਉਸ ਨੂੰ ਪੁੱਛਿਆ, "ਤੁਹਾਡਾ ਘਰ ਕਿਹੜੇ ਮੁਹੱਲੇ ਵਿੱਚ ਹੈ?"

"ਵੀਰ, ਸਾਡਾ ਘਰ ਮੁਹੱਲਾ ਅਜੀਤ ਨਗਰ ਵਿੱਚ ਗੁਰਦੁਆਰਾ ਇਮਲੀ ਸਾਹਿਬ ਦੇ ਬਿਲਕੁਲ ਨਾਲ ਹੈ।" ਕੁੜੀ ਨੇ ਬਹੁਤ ਹੀ ਹੌਲੀ ਜਿਹੀ ਆਵਾਜ਼ ਵਿੱਚ ਕਿਹਾ।

"ਠੀਕ ਹੈ। ਅਜੀਤ ਨਗਰ ਤਾਂ ਆਹ ਰੇਲਵੇ ਲਾਈਨ ਪਾਰ ਕਰਕੇ ਬਿਲਕੁਲ ਨੇੜੇ ਹੈ। ਆਓ, ਆਪਾਂ ਦਸ ਮਿੰਟ ਤੋਂ ਪਹਿਲਾਂ ਤੁਹਾਡੇ ਘਰ ਅੱਪੜ ਜਾਵਾਂਗੇ।" ਉਸ ਨੇ ਕਿਹਾ। ਅਗਲੇ ਹੀ ਪਲ ਉਹ ਅੱਗੇ-ਅੱਗੇ ਤੁਰ ਪਿਆ। ਕੁੜੀ ਵੀ ਤੌਖ਼ਲੇ ਭਰੇ ਡਰ ਨਾਲ ਉਸ ਦੇ ਨਾਲ-ਨਾਲ ਤੁਰ ਪਈ। ਰਾਹ ਵਿੱਚ ਦੋਵਾਂ ਨੇ ਕੋਈ ਵੀ ਗੱਲ ਸਾਂਝੀ ਨਾ ਕੀਤੀ।

ਅਜੀਤ ਨਗਰ ਮੁਹੱਲੇ ਵਿੱਚ ਦਾਖ਼ਲ ਹੁੰਦੇ ਸਾਰ ਹੀ ਸਾਹਮਣੇ ਗੁਰਦੁਆਰਾ ਇਮਲੀ ਸਾਹਿਬ ਦਾ ਉੱਚਾ ਨਿਸ਼ਾਨ ਸਾਹਿਬ ਹਵਾ ਵਿੱਚ ਪੂਰੀ ਸ਼ਾਨ ਨਾਲ ਝੂਲਦਾ ਦਿਖਾਈ ਦੇ ਰਿਹਾ ਸੀ। ਨਾਲ ਹੀ ਮਰਕਰੀ ਬੱਲਬ ਦੀ ਰੌਸ਼ਨੀ ਹਨੇਰੇ ਨੂੰ ਮਾਤ ਪਾ ਰਹੀ ਸੀ। ਗੁਰਦੁਆਰਾ ਸਾਹਿਬ ਤੋਂ ਅੱਗੇ ਲੰਘ ਕੇ ਦੂਜੀ ਗਲ਼ੀ ਵਿੱਚ ਕੁੜੀ ਦਾ ਘਰ ਸੀ। ਘਰ ਦੇ ਸਾਹਮਣੇ ਜਾ ਕੇ ਉਹ ਇਕਦਮ ਰੁਕ ਗਈ। ਆਪਣੇ ਖੱਬੇ ਹੱਥ ਦੇ ਇਸ਼ਾਰੇ ਨਾਲ ਉਸ ਨੇ ਮੁੰਡੇ ਨੂੰ ਆਖਿਆ, "ਵੀਰ ਜੀ! ਆਹ ਸਾਡਾ ਘਰ ਹੈ। ਤੁਸੀਂ ਅੰਦਰ ਆ ਜਾਓ। ਮੇਰੇ ਮੰਮੀ ਡੈਡੀ ਨੂੰ ਇੱਕ ਵਾਰੀ ਮਿਲ ਲਵੋ।"

ਪਰ ਉਹ ਬਾਹਰੋਂ ਹੀ ਮੁੜ ਜਾਣਾ ਚਾਹੁੰਦਾ ਸੀ। ਉਸ ਨੇ ਬਹੁਤ ਹੀ ਸ਼ਾਲੀਨਤਾ ਨਾਲ ਕੁੜੀ ਨੂੰ ਆਖਿਆ, "ਨਹੀਂ ਭੈਣੇ! ਮੈਂ ਹੁਣ ਆਪਣੇ ਘਰ ਪੀਰਾਂ ਵਾਲਾ ਗੇਟ ਜਾਣਾ ਹੈ। ਪਹਿਲਾਂ ਹੀ ਕਾਫ਼ੀ ਲੇਟ ਹੋ ਚੁੱਕਾ ਹਾਂ। ਮੇਰੇ ਬੀਜੀ ਬਾਪੂ ਜੀ ਫ਼ਿਕਰ ਕਰਦੇ ਹੋਣਗੇ।"

ਕੁੜੀ ਦੇ ਬਹੁਤ ਜ਼ਿਆਦਾ ਜ਼ੋਰ ਦੇਣ 'ਤੇ ਉਹ ਘਰ ਦੇ ਅੰਦਰ ਚਲਾ ਗਿਆ। ਸਾਹਮਣੇ ਵਰਾਂਡੇ ਵਿੱਚ ਤਖ਼ਤਪੋਸ਼ ਡੱਠਾ ਹੋਇਆ ਸੀ। ਇੱਕ ਸੇਠ ਲੋਈ ਦੀ ਬੁੱਕਲ ਮਾਰੀ ਉਸ ਉੱਤੇ ਬੈਠਾ ਸੀ। ਕੁੜੀ ਨੇ ਜਾਂਦਿਆਂ ਹੀ ਆਪਣੇ ਡੈਡੀ ਨੂੰ ਸੰਬੋਧਨ ਹੁੰਦਿਆਂ ਕਿਹਾ, "ਨਮਸਤੇ ਡੈਡੀ ਜੀ। ਇਹ ਵੀਰ ਜੀ ਸੁਨਾਮ ਦੇ ਹੀ ਰਹਿਣ ਵਾਲੇ ਹਨ। ਪਟਿਆਲੇ ਤੋਂ ਅਸੀਂ ਇਕੱਠੇ ਇੱਕੋ ਬੱਸ ਵਿੱਚ ਆਏ ਹਾਂ। ਹਨੇਰਾ ਬਹੁਤਾ ਹੋ ਜਾਣ ਕਰਕੇ ਮੈਂ ਇਨ੍ਹਾਂ ਵੀਰ ਜੀ ਨੂੰ ਕਿਹਾ ਸੀ। ਇਹ ਮੇਰੇ ਕਹਿਣ ਉੱਤੇ ਹੀ ਮੈਨੂੰ ਘਰ ਛੱਡਣ ਆਏ ਹਨ।"

ਸੇਠ ਨੇ ਉੱਠ ਕੇ ਮੁੰਡੇ ਦਾ ਸੁਆਗਤ ਕਰਦਿਆਂ ਕਿਹਾ, "ਸ਼ਾਬਾਸ਼ ਕਾਕਾ! ਤੂੰ ਬਹੁਤ ਚੰਗਾ ਕੀਤਾ ਜੋ ਅਰਾਧਨਾ ਨੂੰ ਏਸ ਵੇਲੇ ਘਰ ਤੱਕ ਛੱਡਣ ਆਇਆ ਹੈਂ। ਸ਼ਾਬਾਸ਼ ਭਾਈ! ਸ਼ਾਬਾਸ਼ ਤੇਰੇ!!!"

"ਨਹੀਂ ਬਾਊ ਜੀ! ਇਹਦੇ ਵਿੱਚ ਸ਼ਾਬਾਸ਼ ਵਾਲੀ ਕਿਹੜੀ ਗੱਲ ਹੈ? ਬੰਦਾ ਹੀ ਬੰਦੇ ਦੇ ਕੰਮ ਆਉਂਦਾ ਹੈ। ਇਹ ਭੈਣ ਬੱਸ ਵਿੱਚ ਬੜੀ ਚਿੰਤਾ ਕਰ ਰਹੀ ਸੀ। ਇਸ ਦੀ ਘਬਰਾਹਟ ਵੇਖ ਕੇ ਮੈਂ ਇਸ ਨੂੰ ਕਹਿ ਦਿੱਤਾ ਸੀ ਕਿ ਇਹ ਕੋਈ ਫ਼ਿਕਰ ਨਾ ਕਰੇ। ਮੈਂ ਖ਼ੁਦ ਤੈਨੂੰ ਪਹਿਲਾਂ ਘਰ ਛੱਡਣ ਜਾਵਾਂਗਾ। ਬਾਅਦ ਵਿੱਚ ਹੀ ਮੈਂ ਆਪਣੇ ਘਰ ਜਾਵਾਂਗਾ। ਹੁਣ ਮੈਨੂੰ ਆਗਿਆ ਦਿਉ ਜੀ। ਮੇਰੇ ਬੀਜੀ ਬਾਪੂ ਜੀ ਮੇਰੇ ਘਰ ਨਾ ਪਹੁੰਚਣ ਕਰਕੇ ਫ਼ਿਕਰ ਵਿੱਚ ਪਏ ਹੋਣਗੇ।" ਮੁੰਡੇ ਨੇ ਆਖਿਆ।

"ਨਹੀਂ ਕਾਕਾ! ਇਸ ਤਰ੍ਹਾਂ ਭੁੱਖਣ ਭਾਣੇ ਮੈਂ ਤੁਹਾਨੂੰ ਨਹੀਂ ਜਾਣ ਦਿਆਂਗਾ। ਪ੍ਰਸ਼ਾਦਾ ਤਿਆਰ ਹੋ ਰਿਹਾ ਹੈ। ਭੋਜਨ ਛਕਾ ਕੇ ਹੀ ਘਰ ਭੇਜਾਂਗਾ।" ਸੇਠ ਨੇ ਆਖਿਆ।

ਉਸੇ ਵੇਲੇ ਇੱਕੀ ਬਾਈ ਸਾਲਾਂ ਦਾ ਜੁਆਨ ਬਾਹਰੋਂ ਆਇਆ। ਜਿਉਂ ਹੀ ਉਸ ਦੀ ਨਜ਼ਰ ਹਿਰਦੈ ਪਾਲ ਉੱਤੇ ਪਈ, ਉਸ ਨੇ ਯਕਦਮ ਕਿਹਾ, "ਹਿਰਦੈ, ਤੂੰ! ਯਾਰ, ਤੂੰ ਅਚਾਨਕ ਕਿਵੇਂ ਮੇਰੇ ਘਰ ਆ ਗਿਆ! ਮੇਰੇ ਤੋਂ ਤਾਂ ਆਪਣੀ ਖ਼ੁਸ਼ੀ ਸਾਂਭੀ ਨਹੀਂ ਜਾਂਦੀ।"

ਹਿਰਦੈ ਪਾਲ ਆਪਣੇ ਸੱਤ ਸਾਲ ਪੁਰਾਣੇ ਜਮਾਤੀ ਹੇਮ ਰਾਜ ਗੋਇਲ ਨੂੰ ਵੇਖ ਕੇ ਖ਼ੁਸ਼ ਅਤੇ ਹੈਰਾਨ ਹੋ ਕੇ ਬੋਲਿਆ, "ਓਏ ਸੇਠਾ! ਇਹ ਤੇਰਾ ਘਰ ਐ? ਅਰਾਧਨਾ ਤੇਰੀ ਭੈਣ ਐ?" ਇੰਨਾ ਕਹਿ ਕੇ ਦੋਵੇਂ ਯਾਰਾਂ ਨੇ ਘੁੱਟ ਕੇ ਜੱਫ਼ੀ ਪਾ ਲਈ।

ਅਜੇ ਉਹ ਦੋਵੇਂ ਇੱਕ ਦੂਜੇ ਨੂੰ ਜੱਫ਼ੀ ਵਿੱਚ ਘੁੱਟ ਹੀ ਰਹੇ ਸਨ ਕਿ ਅਰਾਧਨਾ ਇੱਕ ਟਰੇਅ ਵਿੱਚ ਪਾਣੀ ਦੇ ਦੋ ਗਿਲਾਸ ਰੱਖ ਕੇ ਲੈ ਆਈ। ਪਾਣੀ ਦੇ ਭਰੇ ਗਿਲਾਸ ਉਸ ਨੇ ਦੋਵਾਂ ਨੂੰ ਫੜਾ ਦਿੱਤੇ। ਫਿਰ ਉਹ ਮੁਸਕੁਰਾ ਕੇ ਬੋਲੀ, "ਵੀਰ ਜੀ! ਮੈਂ ਤੁਹਾਡੀ ਦੋਵਾਂ ਦੀ ਹੀ ਭੈਣ ਹਾਂ।"

ਪਾਣੀ ਪੀਣ ਉਪਰੰਤ ਉਸ ਨੂੰ ਇਹ ਤਾਂ ਭੁੱਲ ਹੀ ਗਿਆ ਕਿ ਉਸ ਨੂੰ ਆਪਣੇ ਘਰ ਜਾਣ ਤੋਂ ਦੇਰੀ ਹੋ ਰਹੀ ਹੈ। ਦੋਵੇਂ ਆੜੀ ਸਕੂਲ ਵੇਲੇ ਦੀਆਂ ਗੱਲਾਂ ਵਿੱਚ ਗੁਆਚ ਗਏ ਸਨ।

***

## ਭਾਰਤ-ਪਾਕਿਸਤਾਨ ਆਪਸੀ

ਨਾਲ ਉਸ ਕੀਮਤ 'ਤੇ ਮਿਲ ਸਕਦੀਆਂ ਹਨ ਜਿਹੜੀਆਂ ਮੁਕਾਬਲੇ ਵਿਚ ਯੂਰਪੀ ਜਾਂ ਅਮਰੀਕਾ ਆਦਿ ਦੇਸ਼ਾਂ ਤੋਂ ਕਿਤੇ ਸਸਤੀਆਂ ਹੋਣਗੀਆਂ। ਦੋਵੇਂ ਦੇਸ਼ ਇਕ-ਦੂਸਰੇ ਨੂੰ ਉਦਯੋਗਾਂ ਲਈ ਕੱਚਾ ਮਾਲ ਪ੍ਰਦਾਨ ਕਰ ਸਕਦੇ ਹਨ। ਯੂਰਪੀ ਯੂਨੀਅਨ ਦੇ ਕਈ ਦੇਸ਼ਾਂ ਵਿੱਚ ਵੀ ਰਾਜਨੀਤਕ ਤਣਾਅ ਤਾਂ ਹਨ ਪਰ ਉਹ ਤਣਾਅ ਉਨ੍ਹਾਂ ਦੇ ਵਪਾਰ ਨੂੰ ਬਿਲਕੁਲ ਪ੍ਰਭਾਵਤ ਨਹੀਂ ਕਰਦੇ। ਚੀਨ ਅਤੇ ਅਮਰੀਕਾ ਦਰਮਿਆਨ ਵੱਡੀਆਂ ਸਿਆਸੀ ਕਸ਼ੀਦਗੀਆਂ ਹਨ ਪਰ ਅਮਰੀਕਾ ਅਤੇ ਚੀਨ ਦਾ ਆਪਸੀ ਵਪਾਰ ਹੋਰ ਸਭ ਦੇਸ਼ਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ। ਭਾਰਤ ਅਤੇ ਪਾਕਿਸਤਾਨ ਨੂੰ ਆਪਣੇ ਵਪਾਰਕ ਸਬੰਧਾਂ ਜਾਂ ਵਪਾਰਕ ਲਾਭ ਵਿੱਚ ਸਿਆਸੀ ਖਿਚਾਅ ਦੀ ਰੁਕਾਵਟ ਨੂੰ ਹਟਾ ਕੇ ਹਰ ਵਪਾਰਕ ਸੰਭਾਵਨਾ ਦਾ ਪੂਰਾ ਲਾਭ ਉਠਾਉਣਾ ਚਾਹੀਦਾ ਹੈ।

****

## ਵੱਡੀ ਰਾਜਨੀਤਕ ਮੰਝਧਾਰ ਦਾ ਸ਼ਿਕਾਰ

ਚੰਡੀਗੜ੍ਹ ਰਿਹਾਇਸ਼ ਦਾ ਰਸਤਾ ਬੰਦ ਕਰਨ ਦੀ ਕੀ ਲੋੜ ਪਈ? ਮੁੱਖ ਮੰਤਰੀ ਜੀ, ਹੁਣ ਤਕ ਦੇ ਸਭ ਪੰਜਾਬ ਦੇ ਮੁੱਖ ਮੰਤਰੀਆਂ ਨਾਲੋਂ ਭਾਰੀ ਭਰਕਮ ਸੁਰੱਖਿਆ ਕਿਉਂ ਰੱਖੀ ਬੈਠੇ ਹੋ, ਜੇ ਅਮਨ-ਕਾਨੂੰਨ ਦੀ ਸਥਿਤੀ ਸੁਖਾਵੀਂ ਹੈ? ਆਮ ਆਦਮੀ ਤੁਹਾਨੂੰ ਮਿਲ ਨਹੀਂ ਸਕਦਾ। ਪਿਛਲੇ ਦਿਨੀਂ ਦੀਨਾਨਗਰ ਮਹਾਰਾਜਾ ਰਣਜੀਤ ਸਿੰਘ ਦੀ ਗਰਮੀਆਂ ਦੀ ਰਾਜਧਾਨੀ ਵਜੋਂ ਜਾਣੇ ਜਾਂਦੇ ਕਸਬੇ ਵਿਖੇ ਫਲਾਈਓਵਰ ਪੁਲ ਦਾ ਉਦਘਾਟਨ ਕਰਨ ਗਏ, ਜੋ ਪ੍ਰਾਜੈਕਟ ਸਥਾਨਿਕ ਕਾਂਗਰਸ ਵਿਧਾਇਕਾ ਅਰੁਣਾ ਚੌਧਰੀ ਨੇ ਵੱਡੇ ਯਤਨਾਂ ਨਾਲ ਲਿਆਂਦਾ ਸੀ, ਤੁਸਾਂ ਉਸ ਨੂੰ ਤਾਂ ਇਸ ਮੌਕੇ ਕੀ ਬੁਲਾਉਣਾ ਸੀ, ਆਮ ਦੀਨਾ ਨਗਰੀਆ ਨੂੰ ਨੇੜੇ ਨਹੀਂ ਫੱਟਕਣ ਦਿੱਤਾ। ਇਹ ਉਹ ਸਥਾਨ ਹੈ ਜਿੱਥੇ ਮਹਾਰਾਜਾ ਦੀਨਾਨਗਰੀਆ ਨਾਲ ਬੈਠ ਕੇ ਅੰਬ ਚੂਪਦਾ, ਸਵੇਰੇ ਟਹਿਲ ਕਦਮੀ ਜਾਂ ਘੋੜ ਸਵਾਰੀ ਕਰਦਾ ਆਮ ਲੋਕਾਂ ਦੇ ਘਰਾਂ, ਖੇਤਾਂ-ਖਲਿਆਣਾਂ ਵਿੱਚ ਜਾ ਵੜਦਾ ਸੀ।

ਜੇਕਰ ਰਾਜ ਵਿੱਚ ਨਿੱਤ ਪ੍ਰਤੀ ਪ੍ਰਸ਼ਾਸਨ ਚਲਾਉਣ, ਕੇਂਦਰੀ ਵਿਕਾਸ ਕਾਰਜਾਂ, ਆਪਮੁਹਾਰੇ ਸਰਹੱਦੀ ਜਾਂ ਹੋਰ ਸੰਵੇਦਨਸ਼ੀਲ ਥਾਵਾਂ ਦੇ ਦੌਰਿਆਂ ਵੇਲੇ ਰਾਜਪਾਲ ਅਤੇ ਮੁੱਖ ਮੰਤਰੀ ਵਿਚਾਲੇ ਟਕਰਾਅ ਵਧਦਾ ਹੈ ਤਾਂ ਰਾਜ ਦਾ ਅਮਨ-ਕਾਨੂੰਨ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ।

ਕਮਜ਼ੋਰ ਸਥਿਤੀ: ਮਰੀ ਮੁਰਗੀ ਅਤੇ ਬੱਕਰੀ ਦਾ ਹੜ੍ਹਾਂ ਵੇਲੇ ਕੀਤਾ ਵਾਅਦਾ ਗੱਪ ਬਣ ਕੇ ਰਹਿ ਗਿਆ। ਕਿਸਾਨਾਂ ਦੇ ਮਸਲੇ ਹੱਲ ਕਰਨ ਲਈ ਮਾਨ ਸਰਕਾਰ ਨਾਕਾਮ ਰਹੀ। ਬੇਰੋਜ਼ਗਾਰੀ ਅਤੇ ਬ੍ਰੇਨ ਡਰੇਨ ਵਿੱਚ ਲਗਾਤਾਰ ਵਾਧਾ ਜਾਰੀ ਰਿਹਾ। ਉਦਯੋਗ ਆਉਣੇ ਤਾਂ ਕੀ ਸਨ, ਰਹਿੰਦੇ ਵੀ ਭੱਜਣ ਲਈ ਤਿਆਰ ਹਨ। ਭ੍ਰਿਸ਼ਟਾਚਾਰ ਬੇਰੋਕ-ਟੋਕ ਜਾਰੀ ਹੈ। ਸਭ ਵਿਧਾਇਕ ਭ੍ਰਿਸ਼ਟਾਚਾਰ ਦੀ ਵਹਿੰਦੀ ਗੰਗਾ ਵਿੱਚ ਚੁੱਭੀਆਂ ਮਾਰ ਰਹੇ ਹਨ। ਨਿਯੁਕਤੀਆਂ-ਬਦਲੀਆਂ ਵਿੱਚ ਹੱਥ ਰੰਗ ਰਹੇ ਹਨ, ਲੋਕਾਂ ਨਾਲੋਂ ਟੁੱਟ ਚੁੱਕੇ ਹਨ। ਪ੍ਰਮਾਣ 13 ਲੋਕ ਸਭਾ ਵਿੱਚੋਂ ਤਿੰਨ ਦੀ ਹੀ ਜਿੱਤ ਸਾਹਮਣੇ ਹੈ। ਹੁਣ ਉਪ ਚੋਣਾਂ ਜਿੱਤ ਕੇ ਨਹੀਂ ਸਰਨਾ। ਮੁੱਖ ਮੰਤਰੀ ਕਹਿੰਦੇ ਸੀ ਸੀਤਲ ਅੰਗੁਰਾਲ ਨੇ ਭਾਜਪਾ ਵਿੱਚ ਜਾ ਕੇ ਉਪ ਚੋਣ ਥੋਪੀ ਹੈ, ਹੁਣ ਬੰਗਾ ਤੋਂ ਅਕਾਲੀ ਵਿਧਾਇਕ ਡਾ. ਸੁੱਖੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਕੇ ਕੀ ਉਪ ਚੋਣ ਲੋਕਾਂ 'ਤੇ ਨਹੀਂ ਥੋਪੀ? ਕੇਂਦਰ ਸਰਕਾਰ ਸਮਝਦੀ ਹੈ ਕਿ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਪੰਜਾਬ ਵਿੱਚ ਕਮਜ਼ੋਰ ਸਥਿਤੀ ਵਿੱਚ ਘਿਰ ਚੁੱਕੇ ਹਨ। ਉਹ ਇਨ੍ਹਾਂ ਨੂੰ ਰਾਜਨੀਤਕ, ਆਰਥਿਕ, ਧਾਰਮਿਕ ਮਸਲਿਆਂ ਨੂੰ ਲੈ ਕੇ ਮਸਲ ਦੇਣਾ ਚਾਹੁੰਦੀ ਹੈ। ਅਰਵਿੰਦ ਕੇਜਰੀਵਾਲ ਦੇ ਜੇਲ੍ਹ ਵਿੱਚ ਹੋਣ ਨਾਲ ਪਾਰਟੀ ਬੇਕਾਬੂ, ਦਿਸ਼ਾਹੀਣ ਅਤੇ ਕਮਜ਼ੋਰ ਹੋ ਰਹੀ ਹੈ। ਰਾਜ ਵਿੱਚ ਤਿਲ ਭਰ ਵੀ ਆਰਥਿਕ, ਰਾਜਨੀਤਕ, ਪ੍ਰਸ਼ਾਸਨਿਕ, ਸਮਾਜਿਕ ਸਥਿਤੀ ਵਿੱਚ ਬਦਲਾਅ ਨਾ ਹੋਣ ਕਰਕੇ ਪੰਜਾਬੀ ਬੁਰੀ ਤਰ੍ਹਾਂ ਬੇਚੈਨ ਹਨ। ਕਾਂਗਰਸ ਤਮਾਸ਼ਾਈ ਬਣੀ ਬੈਠੀ ਹੈ।

ਅਸਹਿਯੋਗ: ਸ਼ੁਰੂ ਤੋਂ ਅਫਸਰਸ਼ਾਹੀ ਅਤੇ ਵਿਧਾਇਕਾਂ ਦੇ ਅਸਹਿਯੋਗ, ਮੀਡੀਆ ਕੁਪ੍ਰਬੰਧ ਕਰਕੇ ਸਰਕਾਰ ਵਧੀਆ ਢੰਗ ਨਾਲ ਨਹੀਂ ਚੱਲ ਸਕੀ। ਮੀਡੀਆ ਹੀ ਅਸਲ ਸੀਸ਼ਾ ਵਿਖਾਉਂਦਾ ਹੈ, ਜੋ ਮਾਨ ਸਰਕਾਰ ਨੇ ਵੇਖਣਾ ਨਹੀਂ ਚਾਹਿਆ। ਆਪਣੇ ਸਹਿਯੋਗੀਆਂ ਦੇ ਪਰ ਕਟਦੇ ਰਹੇ, ਇੱਕ ਭਰੋਸੇਯੋਗ ਕੈਬਨਿਟ ਟੀਮ ਖੜ੍ਹੀ ਨਹੀਂ ਕਰ ਸਕੇ। ਵਧੀਆ ਸਰਕਾਰ, ਵਧੀਆ ਕੈਬਨਿਟ ਅਤੇ ਪ੍ਰਸ਼ਾਸਨਿਕ ਟੀਮ 'ਤੇ ਨਿਰਭਰ ਕਰਦੀ ਹੈ। ਰਾਜ ਵਿੱਚ ਢਾਈ ਸਾਲ ਬਾਅਦ ਵੀ ਰੈਗੂਲਰ ਪੁਲਿਸ ਮੁਖੀ ਨਹੀਂ ਹੈ।

ਆਰਥਿਕ ਕੁਪ੍ਰਬੰਧ: ਕੇਂਦਰ ਸਰਕਾਰ ਦੇ ਅਸਹਿਯੋਗ, ਪੰਜਾਬ ਨੂੰ ਕੋਈ ਆਰਥਿਕ ਪੈਕੇਜ ਨਾ ਦੇਣਾ, ਵਾਹਗਾ ਵਪਾਰ ਲਾਂਘਾ ਬੰਦ ਰੱਖਣਾ, ਸਰਕਾਰ ਵੱਲੋਂ ਲਗਾਤਾਰ ਕਰਜ਼ਾ (80000 ਕਰੋੜ) ਲੈ ਕੇ ਡੰਗ ਟਪਾਉਣਾ, ਰਿਉੜੀ ਵੰਡ 'ਤੇ ਰੋਕ ਨਾ ਲਾਉਣ ਕਰਕੇ ਪੰਜਾਬ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੈ।

ਪੰਥਕ ਟਕਰਾਅ, ਬੇਅਦਬੀ ਬੇਇਨਸਾਫੀ, ਰੈਡੀਕਲ ਸ਼ਕਤੀਆਂ ਦਾ ਉਭਾਰ ਵੀ ਮਾਨ ਸਰਕਾਰ ਦੇ ਗਲੇ ਦੀ ਹੱਡੀ ਬਣ ਸਕਦਾ ਹੈ। ਕੁੱਲ ਮਿਲਾ ਕੇ ਪੰਜਾਬ ਦੀ ਸਥਿਤੀ ਵਿਸਫੋਟਿਕ ਰੂਪ ਧਾਰਨ ਕਰੀ ਬੈਠੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੇ ਸਹਿਯੋਗ ਬਗੈਰ ਇਸਦਾ ਹੱਲ ਸੰਭਵ ਨਹੀਂ, ਜੋ ਕਿੱਧਰੇ ਨਜ਼ਰ ਨਹੀਂ ਆ ਰਿਹਾ।

***

## ਮਹਿਲਾਵਾਂ ਨੂੰ ਵਧੀਕੀਆਂ ਤੋਂ ਬਚਾਉਣ ਦੀ ਲੋੜ

ਘਾਟ ਉਤਾਰਿਆ ਜਾਂਦਾ ਹੈ। ਕਈ ਦੇਸ਼ਾਂ ਵਿੱਚ ਕੈਮੀਕਲ ਤੇ ਸਰਜੀਕਲ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਸਜ਼ਾ ਦੇ ਨਾਲ ਸਮਾਜਿਕ ਕਦਰਾਂ ਕੀਮਤਾਂਨੂੰ ਸਿੱਖਿਆ ਪ੍ਰਣਾਲੀ 'ਚ ਸ਼ਾਮਿਲ ਕੀਤਾ ਜਾਵੇ ਅਤੇ ਇਸਦੀ ਜਗ੍ਹਾ ਲੋਕਾਂ ਦੇ ਦਿਲ ਦਿਮਾਗ 'ਚ ਬਣਾਈ ਜਾਵੇ। ਸਾਨੂੰ ਆਪਣੇ ਪੁਰਖਿਆਂ ਦੀ ਉਹ ਰੀਤ ਕਾਇਮ ਕਰਨੀ ਹੋਵੇਗੀ ਜੋ ਉਹ ਅਹਿਮਦ ਸ਼ਾਹ ਅਬਦਾਲੀ ਅੱਗੇ ਲੋਕਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਦੀ ਰਾਖੀ ਲਈ ਅੜ ਸਕਦੇ ਸਨ ਤਾਂ ਸਾਨੂੰ ਵੀ ਉਹ ਕਦਮ ਜ਼ਰੂਰ ਚੁੱਕਣਾ ਚਾਹੀਦਾ ਹੈ। ਔਰਤਾਂ ਵੀ ਆਪਣੇ ਗਿਆਨ, ਚਰਿੱਤਰ ਨੂੰ ਉੱਚਾ ਰੱਖਣ ਤੇ ਹਰ ਚੁਣੌਤੀ ਦਾ ਡਟਵਾਂ ਮੁਕਾਬਲਾ ਕਰਨ ਲਈ ਲਾਮਬੰਦ ਹੋਣ ਫਿਰ ਹੀ ਸਾਰੀਆਂ ਵਧੀਕੀਆਂ ਦਾ ਅੰਤ ਹੋ ਸਕਦਾ ਹੈ।

***

## ਕਿਉਂ ਹੁੰਦੀਆਂ ਨੇ ਦਲਿਤ

ਵੀਡੀਓਜ਼ ਵੀ ਬਣਾਈਆਂ ਗਈਆਂ ਸਨ। ਪੁਲਿਸ ਨੇ ਪੀੜਤ ਲੜਕੀ ਦੀ ਸ਼ਿਕਾਇਤ 'ਤੇ ਉਸ ਦਾ ਮੈਡੀਕਲ ਕਰਵਾਇਆ ਅਤੇ ਦੋਸ਼ੀ ਖਿਲਾਫ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

**ਉਤਰਾਖੰਡ**

ਉੱਤਰਾਖੰਡ ਵਿੱਚ ਇਸ ਸਾਲ ਜੂਨ ਮਹੀਨੇ ਸੂਬੇ ਦੇ ਦੁਰਾਹਾਟ ਵਿਚ 19 ਸਾਲਾ ਦਲਿਤ ਲੜਕੀ ਨਾਲ ਵਹਿਸ਼ੀਪੁਣੇ ਦਾ ਮਾਮਲਾ ਸਾਹਮਣੇ ਆਇਆ ਸੀ। ਮੀਡੀਆ ਰਿਪੋਰਟਾਂ ਮੁਤਾਬਕ ਲੜਕੀ ਨੂੰ ਜ਼ਬਰਦਸਤੀ ਘਰ ਅੰਦਰ ਵੜ ਕੇ ਸ਼ਰਾਬ ਪਿਲਾਈ ਅਤੇ ਬਲਾਤਕਾਰ ਕੀਤਾ ਗਿਆ।

ਲੜਕੀ ਦੇ ਭਰਾ ਨੇ ਪੁਲਿਸ ਨੂੰ ਦੱਸਿਆ ਸੀ ਕਿ ਉਸ ਦੀ ਭੈਣ ਆਪਣੇ ਪਰਿਵਾਰ ਨਾਲ ਪਿੰਡ ਤੋਂ ਤਿੰਨ ਕਿਲੋਮੀਟਰ ਦੂਰ ਜਾਗਰਣ ਗਈ ਹੋਈ ਸੀ। ਰਾਤ 11 ਵਜੇ ਉਹ ਆਪਣੇ ਪਰਿਵਾਰ ਨੂੰ ਚਾਰਜਰ ਲਿਆਉਣ ਲਈ ਕਹਿ ਕੇ ਘਰ ਆ ਗਈ।

ਰਾਤ 1 ਵਜੇ ਤੱਕ ਜਦੋਂ ਉਹ ਵਾਪਸ ਨਹੀਂ ਪਰਤੀ ਤਾਂ ਉਹ ਆਪਣੀ ਭੈਣ ਦੀ ਭਾਲ ਵਿੱਚ ਘਰ ਪਹੁੰਚਿਆ ਤਾਂ ਉਸ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਦੇਖਿਆ। ਸਵੇਰੇ 3 ਵਜੇ ਜਦੋਂ ਉਸ ਨੂੰ ਹੋਸ਼ ਆਇਆ ਤਾਂ ਉਸ ਨੇ ਦੱਸਿਆ ਕਿ ਦੋਸ਼ੀ ਪ੍ਰਮੋਦ ਬਿਸ਼ਟ ਨੇ ਉਸ ਨੂੰ ਜ਼ਬਰਦਸਤੀ ਸ਼ਰਾਬ ਪਿਲਾਈ ਅਤੇ ਉਸ ਨਾਲ ਬਲਾਤਕਾਰ ਕੀਤਾ। ਜਦੋਂ ਉਸ ਦੀ ਸਿਹਤ ਵਿਗੜ ਗਈ ਤਾਂ ਉਸ ਨੂੰ ਕਮਿਊਨਿਟੀ ਹੈਲਥ ਸੈਂਟਰ ਲਿਜਾਇਆ ਗਿਆ।

ਐਨਸੀਆਰਬੀ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਔਰਤਾਂ ਦੀ ਸੁਰੱਖਿਆ ਦੀ ਸਥਿਤੀ ਬਹੁਤ ਚਿੰਤਾਜਨਕ ਹੈ। ਰਿਪੋਰਟ ਮੁਤਾਬਕ ਸਾਲ 2022 ਵਿੱਚ ਔਰਤਾਂ ਵਿਰੁੱਧ ਅਪਰਾਧ ਦੀਆਂ 4,45,256 ਘਟਨਾਵਾਂ ਹੋਈਆਂ, ਭਾਵ ਹਰ ਘੰਟੇ 'ਚ ਲਗਭਗ 51 ਐੱਫ.ਆਈ.ਆਰ. ਜਦੋਂ ਕਿ ਸਾਲ 2021 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀ ਗਿਣਤੀ 4,28,278 ਸੀ ਅਤੇ ਸਾਲ 2020 ਵਿੱਚ ਇਹ 3,71,503 ਸੀ।

ਜਾਤੀ ਅੱਤਿਆਚਾਰ ਸਿਰਫ਼ ਜਾਤ ਆਧਾਰਿਤ ਨਹੀਂ ਹੁੰਦੇ; ਉਹ ਜਾਤ ਅਤੇ ਲਿੰਗ 'ਤੇ ਵੀ ਆਧਾਰਿਤ ਹਨ। ਭਾਰਤ ਵਿੱਚ ਔਰਤਾਂ ਨੂੰ ਪਹਿਲਾਂ ਹੀ ਦੂਜੇ ਦਰਜੇ ਦੀ ਨਾਗਰਿਕ ਮੰਨਿਆ ਜਾਂਦਾ ਹੈ ਅਤੇ ਜੇਕਰ ਉਹ ਦਲਿਤ ਜਾਂ ਘੱਟ ਗਿਣਤੀ ਹਨ, ਤਾਂ ਇਹ ਸ਼੍ਰੇਣੀ ਉਨ੍ਹਾਂ ਦੀ ਜਾਤ ਅਤੇ ਧਰਮ ਦੇ ਕਾਰਨ ਹੋਰ ਹੇਠਾਂ ਚਲੀ ਜਾਂਦੀ ਹੈ। ਬਲਾਤਕਾਰੀ ਸੱਭਿਆਚਾਰ ਕਾਰਨ ਹਾਲਾਤ ਹੋਰ ਵੀ ਪ੍ਰਤੀਕੂਲ ਹੋ ਜਾਂਦੇ ਹਨ। ਦਲਿਤ ਔਰਤਾਂ ਜਿਨਸੀ ਹਿੰਸਾ ਦਾ ਨਿਸ਼ਾਨਾ ਬਣ ਜਾਂਦੀਆਂ ਹਨ। ਜ਼ਿਆਦਾਤਰ ਦਲਿਤ ਲੜਕੀਆਂ ਲਈ ਹਿੰਸਾ ਦਾ ਸਭ ਤੋਂ ਵੱਡਾ ਰੂਪ ਜਿਨਸੀ ਹਿੰਸਾ ਹੈ। ਇਹ ਉੱਚ ਜਾਤੀਆਂ ਰਾਹੀਂ ਕੀਤਾ ਜਾਂਦਾ ਹੈ ਜੋ ਸਿਆਸੀ ਤੇ ਪ੍ਰਸ਼ਾਸਨਿਕ ਪਹੁੰਚ ਕਾਰਣ ਬਚ ਜਾਂਦੇ ਹਨ। ਇਸ ਦਾ ਕਾਰਨ ਇਹ ਵੀ ਹੈ ਕਿ ਦਲਿਤਾਂ ਦਾ ਵਿਸ਼ਾਲ ਸਿਆਸੀ ਸੰਗਠਨ ਨਹੀਂ ਹੈ ਜੋ ਸੜਕਾਂ ਉਪਰ ਉਤਰ ਸਕੇ। ਸਰਕਾਰ ਨੂੰ ਫਾਸਟ ਟਰੈਕ ਅਦਾਲਤਾਂ ਬਣਾ ਕੇ ਕੇਸਾਂ ਦੀ ਸੁਣਵਾਈ ਜਲਦੀ ਨਿਬੇੜਨੀ ਚਾਹੀਦੀ ਹੈ, ਤਾਂ ਜੋ ਪੀੜਤਾਂ ਨੂੰ ਇਨਸਾਫ ਮਿਲ ਸਕੇ। ਸੂਬਾ ਤੇ ਕੇਂਦਰ ਸਰਕਾਰ ਨੂੰ ਇਸ ਪਾਸੇ ਵੱਲ ਬਿਨਾਂ ਦੇਰੀ ਠੋਸ ਕਦਮ ਚੁੱਕਣ ਦੀ ਲੋੜ ਹੈ। ਨਹੀਂ ਤਾਂ ਲੋਕਾਂ ਦਾ ਸਿਸਟਮ ਉੱਤੋਂ ਭਰੋਸਾ ਉੱਠ ਜਾਵੇਗਾ। ਲੋਕ ਇਨਸਾਫ਼ ਲਈ ਆਪ ਮੁਹਾਰੇ ਸੜਕਾਂ 'ਤੇ ਨਿਕਲ ਆਉਣਗੇ। ਡਾਕਟਰਾਂ ਦੀ ਇਸ ਦੇਸ਼ ਵਿਆਪੀ ਹੜਤਾਲ ਨੂੰ ਇਸੇ ਸੰਦਰਭ ਵਿੱਚ ਦੇਖਿਆ ਜਾਣਾ ਬਣਦਾ ਹੈ।

***

## ਅਜੋਕੇ ਯੁੱਗ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਭੂਮਿਕਾ

ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ।

ਗੁਰੂ ਗ੍ਰੰਥ ਸਾਹਿਬ ਨੂੰ ਹੋਰ ਅਨੇਕਾਂ ਧਰਮਾਂ ਦੀਆਂ ਚੁਨੌਤੀਆਂ ਦਾ ਸਮੇਂ-ਸਮੇਂ 'ਤੇ ਸਾਹਮਣਾ ਕਰਨਾ ਪਿਆ ਪਰ ਪੰਥ ਦੀ ਸਦਾ ਚੜ੍ਹਦੀ ਕਲਾ ਲਈ ਸਿੱਖ ਇਤਿਹਾਸ ਦੀਆਂ ਉੱਚਤਮ ਮਿਸਾਲਾਂ ਸਾਡੇ ਸਾਹਮਣੇ ਹਨ। ਮਸਲਨ ਭਾਈ ਬਿਧੀ ਚੰਦ, ਭਾਈ ਮਨੀ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਤਾਰੂ ਸਿੰਘ ਅਤੇ ਬਾਬਾ ਦੀਪ ਸਿੰਘ ਜੀ ਸ਼ਹੀਦ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਧਰਤੀ 'ਤੇ 1706 ਈ: ਨੂੰ ਬਾਬਾ ਦੀਪ ਸਿੰਘ ਦੇ ਸਹਿਯੋਗ ਨਾਲ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ ਗੁਰੂ ਗ੍ਰੰਥ ਸਾਹਿਬ ਵਿੱਚ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਦੀ ਬਾਣੀ ਨੂੰ ਸ਼ਾਮਲ ਕਰਕੇ ਸੰਪੂਰਨਤਾ ਪ੍ਰਦਾਨ ਕੀਤੀ।

***

## ਐਮਰਜੈਂਸੀ ਫ਼ਿਲਮ ਦਾ

ਜਿੱਥੋਂ ਤੱਕ ਇਸ ਫ਼ਿਲਮ ਐਮਰਜੈਂਸੀ ਵਿੱਚ ਸਿੱਖਾਂ ਦੀ ਭੂਮਿਕਾ ਦਾ ਸਵਾਲ ਹੈ, ਉਹਨੇ ਬਹੁਤ ਬੇਸ਼ਰਮੀ ਅਤੇ ਢੀਠਤਾਈ ਨਾਲ ਸੰਤ ਭਿੰਡਰਾਂ ਵਾਲਿਆਂ ਨੂੰ ਬੇਵਜ੍ਹਾ ਫ਼ਿਲਮ ਵਿੱਚ ਫ਼ਿੱਟ ਕਰਨ ਦੀ ਕੋਸ਼ਿਸ਼ ਕਰਕੇ ਇੱਕ ਅਜਿਹੀ ਚਿੰਗਾਰੀ ਨੂੰ ਭਾਂਬੜ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਹੜੀ ਪੰਜਾਬ ਹੀ ਨਹੀਂ ਬਲਕਿ ਪੂਰੇ ਮੁਲਕ ਲਈ ਘਾਤਕ ਸਾਬਤ ਹੋ ਸਕਦੀ ਹੈ। ਇਹਦੇ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਅੰਦਰ ਇਸ ਫ਼ਿਲਮ ਨੂੰ ਕਿਸੇ ਵੀ ਕੀਮਤ 'ਤੇ ਚੱਲਣ ਨਹੀਂ ਦਿੱਤਾ ਜਾਵੇਗਾ, ਪਰ ਇਸ ਤੋਂ ਨਿਕਲਣ ਵਾਲੇ ਨਤੀਜਿਆਂ ਦਾ ਜ਼ਿੰਮੇਵਾਰ ਕੌਣ ਹੋਵੇਗਾ? ਇਹ ਵੀ ਸਮਝਣ ਦੀ ਲੋੜ ਹੈ। ਸੈਂਸਰ ਬੋਰਡ ਵੱਲੋਂ ਜਿਸ ਤਰ੍ਹਾਂ ਇਸ ਫ਼ਿਲਮ ਨੂੰ ਬਗੈਰ ਕੋਈ ਇਤਰਾਜ਼ ਉਠਾਉਂਦਿਆਂ ਕਲੀਨ ਚਿਟ ਦਿੱਤੀ ਗਈ ਹੈ, ਉਹਦੇ ਤੋਂ ਸਟੇਟ ਦੀ ਘੱਟ ਗਿਣਤੀਆਂ ਪ੍ਰਤੀ ਨੀਅਤ ਵੀ ਜੱਗ ਜ਼ਾਹਰ ਹੋ ਜਾਂਦੀ ਹੈ। ਅਤੀਤ ਵਿੱਚ ਜਦੋਂ ਵੀ ਸੂਖਮ ਢੰਗ ਦੇ ਨਾਲ ਸਿੱਖਾਂ 'ਤੇ ਸਿਧਾਂਤਕ ਹਮਲੇ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਸਿੱਖਾਂ ਨੇ ਅਜਿਹੇ ਹਮਲਿਆਂ ਨੂੰ ਬੇਅਸਰ ਕੀਤਾ ਹੈ, ਪਰ ਇਹ ਹਮਲਾ ਪਹਿਲੇ ਹਮਲਿਆਂ ਤੋਂ ਬਹੁਤ ਖਤਰਨਾਕ ਹੈ। ਜਿਸ ਦੇ ਭਿਆਨਕ ਨਤੀਜੇ ਬੇਹੱਦ ਚਿੰਤਾ ਜਨਕ ਹੋਣਗੇ, ਇਸ ਲਈ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਕੌਮੀ ਸ਼ਹੀਦਾਂ ਨੂੰ ਅਪਮਾਨਿਤ ਕਰਨ ਵਾਲੀਆਂ ਅਜਿਹੀਆਂ ਫ਼ਿਲਮਾਂ 'ਤੇ ਰੋਕ ਲਵਾਉਣ ਲਈ ਡਟ ਕੇ ਅਵਾਜ਼ ਬੁਲੰਦ ਕਰਨ ਅਤੇ ਸੈਂਸਰ ਬੋਰਡ ਨੂੰ ਡਰੂ ਜਿਹੀ ਅਪੀਲ ਕਰਨ ਦੀ ਬਜਾਏ ਇਸ ਫ਼ਿਲਮ 'ਤੇ ਪਾਬੰਦੀ ਲਾਉਣ ਜਾਂ ਸਿੱਖ ਵਿਰੋਧੀ ਸੀਨ ਕਟਵਾਉਣ ਕਈ ਸਖ਼ਤ ਕਦਮ ਚੁੱਕਣ, ਉਥੇ ਸੂਬਾ ਸਰਕਾਰ ਨੂੰ ਵੀ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹ ਫ਼ਿਲਮ 'ਤੇ ਪੰਜਾਬ ਵਿੱਚ ਮੁਕੰਮਲ ਪਾਬੰਦੀ ਲਾਈ ਜਾਵੇਗੀ। ਇਸ ਤੋਂ ਇਲਾਵਾ ਕੇਂਦਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਸਿੱਖਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲਿਆਂ ਦਾ ਸਾਥ ਦੇ ਕੇ ਅੱਗ ਨਾਲ ਖੇਡਣ ਦੀ ਗ਼ਲਤੀ ਨਾ ਕਰੇ, ਇਹਦੇ ਵਿੱਚ ਹੀ ਸਿੱਖ ਪੰਥ, ਪੰਜਾਬ ਅਤੇ ਦੇਸ਼ ਦੀ ਭਲਾਈ ਹੋਵੇਗੀ।

***

## ਟਰੰਪ ਗ਼ੈਰਜ਼ਿੰਮੇਵਾਰ

ਟਰੰਪ ਨੇ ਬਚਾਓ ਵਿੱਚ ਕਿਹਾ ਕਿ ਨਾਟੋ ਆਪਣੇ ਬਿਲਾਂ ਦਾ ਭੁਗਤਾਨ ਨਹੀਂ ਕਰ ਰਿਹਾ ਸੀ ਕਰੀਬ ਹਰ ਦੇਸ਼ 'ਤੇ ਬਕਾਇਆ ਸੀ। ਜਦੋਂ ਮੈਂ ਕਿਹਾ ਕਿ ਜੇ ਤੁਸੀਂ ਭੁਗਤਾਨ ਨਹੀਂ ਕਰਦੇ ਹੋ ਤਾਂ ਅਸੀਂ ਬਾਹਰ ਹੋ ਜਾਵਾਂਗੇ। ਅਮਰੀਕਾ ਮੂਰਖ ਨਹੀਂ ਬਣੇਗਾ, ਤਾਂ ਅਰਬਾਂ ਦੀ ਗਿਣਤੀ ਵਿੱਚ ਪੈਸਾ ਆਉਣ ਲੱਗਿਆ ਅਤੇ ਮੈਂ ਨਾਟੋ ਨੂੰ ਬਚਾਅ ਲਿਆ।

ਕਮਲਾ ਨੇ ਕਿਹਾ ਕਿ ਮੈਂ ਤਾਨਾਸ਼ਾਹਾਂ ਦੇ ਨਾਲ ਘੁਲਮਿਲ ਕੇ ਨਹੀਂ ਰਹਾਂਗੀ। ਟਰੰਪ ਨੇ ਕਿਹਾ ਕਿ ਤਾਨਾਸ਼ਾਹ ਉਸ 'ਤੇ ਹੱਸ ਰਹੇ ਹਨ, ਉਹ ਕਮਜ਼ੋਰ ਰਹੇਗੀ।

ਕਮਲਾ ਹੈਰਿਸ ਨੇ ਕਿਹਾ ਕਿ ਉਹ ਹਮੇਸ਼ਾ ਇਜ਼ਰਾਇਲ ਦੇ ਖੁਦ ਦੀ ਰੱਖਿਆ ਕਰਨ ਅਧਿਕਾਰ ਦੇ ਨਾਲ ਖੜੀ ਰਹੇਗੀ। ਟਰੰਪ ਨੇ ਪਲਟਵਾਰ ਕਰਦੇ ਹੋਏ ਕਿਹਾ ਕਿ ਉਹ ਇਜ਼ਰਾਇਲ ਨੂੰ ਨਫ਼ਰਤ ਕਰਦੀ ਹੈ, ਉਸ ਕਾਰਨ ਹੀ 7 ਅਕਤੂਬਰ ਨੂੰ ਇਜ਼ਰਾਇਲ 'ਤੇ ਹਮਲਾ ਬੋਲਿਆ ਸੀ।

ਸੀਨੀਅਰ ਨੇਤਾ ਬੋਲੇ-ਜ਼ਿਆਦਾ ਆਤਮ ਵਿਸ਼ਵਾਸ ਤੋਂ ਬਚੋ

ਕਮਲਾ ਨੇ ਕਨਵੈਨਸ਼ਨ ਤੱਕ ਟਰੰਪ ਦੇ ਮੁਕਾਬਲੇ 2 ਫੀਸਦੀ ਦੀ ਬੜਤ ਲੈ ਲਈ ਹੈ, ਜਦੋਂਕਿ ਜੁਲਾਈ ਦੇ ਆਰੰਭ ਵਿੱਚ ਉਹ ਟਰੰਪ ਤੋਂ 5 ਅੰਕ ਪਿੱਛੇ ਸੀ ਪਰ ਪਾਰਟੀ ਨੇਤਾ ਅਜੇ ਵੀ ਆਤਮ ਸੰਤੁਸ਼ਟੀ ਦੇ ਖ਼ਿਲਾਫ਼ ਚਿਤਾਵਨੀ ਦੇ ਰਹੇ ਹਨ। ਮਿਸ਼ੇਲ ਓਬਾਮਾ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਸੀ ਕਿ ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਅਸੀਂ ਕਿਸ ਨਾਲ ਮੁਕਾਬਲਾ ਕਰ ਰਹੇ ਹਾਂ। ਜਾਰਜੀਆ ਦੇ ਸੀਨੇਟਰ ਰਾਫੇਲ ਵਾਰਨਾਕ ਨੇ ਕਿਹਾ ਕਿ ਹੁਣ ਤਕ ਸਾਡੇ ਕੋਲ ਉਤਸ਼ਾਹ ਦੀ ਘਾਟ ਸੀ। ਹੁਣ ਅਸੀਂ ਜੋਸ਼ ਵਿੱਚ ਹਾਂ ਪਰ ਜ਼ਿਆਦਾ ਆਤਮਵਿਸ਼ਵਾਸ ਤੋਂ ਬਚਣਾ ਹੋਵੇਗਾ।

**

## ਸੌਖੇ ਨਹੀਂ ਹਨ ਅਕਾਲੀ ਦਲ ਲਈ ਮੁੜ

ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ ਦੇ ਦਸ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ।

ਮੋਗਾ ਵਿੱਚ ਵੱਡੇ ਆਗੂ ਛੱਡ ਚੁੱਕੇ ਹਨ ਪਾਰਟੀ

ਮੋਗਾ ਜ਼ਿਲ੍ਹੇ ਵਿੱਚ ਜਥੇਦਾਰ ਤੋਤਾ ਸਿੰਘ ਦੇ ਅਕਾਲ ਚਲਾਣੇ ਮਗਰੋਂ ਇਥੇ ਪਾਰਟੀ 'ਚ ਕੋਈ ਵੱਡਾ ਆਗੂ ਨਹੀਂ ਰਿਹਾ। ਇਥੋਂ ਇੱਕ ਦਹਾਕੇ ਦੌਰਾਨ ਜ਼ਿਲ੍ਹਾ ਕਾਂਗਰਸ ਦੇ ਮੌਜੂਦਾ ਪ੍ਰਧਾਨ ਸਾਬਕਾ ਵਿਧਾਇਕ ਕਾਕਾ ਸੁਖਜੀਤ ਸਿੰਘ ਲੋਹਗੜ੍ਹ, ਸਾਬਕਾ ਜ਼ਿਲ੍ਹਾ ਕਾਂਗਰਸ ਪ੍ਰਧਾਨ ਤੇ ਸਾਬਕਾ ਵਿਧਾਇਕ ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ, ਸਾਬਕਾ ਵਿਧਾਇਕ ਰਾਜਵਿੰਦਰ ਕੌਰ ਭਾਗੀਕੇ, ਸਾਬਕਾ ਡੀਜੀਪੀ ਪਰਮਦੀਪ ਸਿੰਘ ਗਿੱਲ, ਸਾਬਕਾ ਸੂਚਨਾ ਕਮਿਸ਼ਨਰ ਨਿਧੜਕ ਸਿੰਘ ਬਰਾੜ, ਨਿਹਾਲ ਸਿੰਘ ਵਾਲਾ ਤੋਂ ਕਾਂਗਰਸ ਹਲਕਾ ਇੰਚਾਰਜ ਭੁਪਿੰਦਰ ਸਿੰਘ ਸਾਹੋਕੇ ਕਦੇ ਅਕਾਲੀ ਦਲ ਵਿੱਚ ਹੁੰਦੇ ਸਨ ਪਰ ਹੁਣ ਇਹ ਸਾਰੇ ਪਾਰਟੀ ਨੂੰ ਅਲਵਿਦਾ ਆਖ ਕੇ ਕਾਂਗਰਸ ਜਾਂ ਹੋਰ ਪਾਰਟੀਆਂ ਵਿੱਚ ਚਲੇ ਗਏ ਹਨ। ਇਸ ਸੰਕਟ ਬਾਰੇ ਅਕਾਲੀ ਆਗੂਆਂ ਦਾ ਕਹਿਣਾ ਹੈ ਕਿ ਪਾਰਟੀ ਦੇ ਜਥੇਬੰਦਕ ਢਾਂਚੇ ਵਿੱਚ ਮਨਮਰਜ਼ੀ ਦੇ ਫ਼ੈਸਲਿਆਂ ਅਤੇ ਆਪਹੁਦਰੀਆਂ ਕਾਰਨ ਪਾਰਟੀ ਨੂੰ ਆਹ ਦਿਨ ਦੇਖਣੇ ਪੈ ਰਹੇ ਹਨ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com